Punjabi Parwaz
# ਪੰਜਾਬੀ ਪਰਵਾਜ਼
ਅੰਕ 44ਵਾਂ (ਸ਼ਿਕਾਗੋ): 18 ਜਨਵਰੀ ਤੋਂ 31 ਜਨਵਰੀ 2025 ਤੱਕ
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ
e-mail: punjabiparwaz@gmail.com
www.punjabiparwaz.com
Address: 827 E. Kings Row, Unit# 7, Palatine, IL 60074 - Ph: 224-386-4548

# ਸਿੱਖ ਸਿਆਸਤ ਵਿੱਚ ਮੁਕਾਬਲੇਬਾਜ਼ੀ ਵਧੀ

***ਅੰਮ੍ਰਿਤਪਾਲ ਸਿੰਘ ਗਰੁੱਪ ਨੇ ਮੱਧਵਰਤੀ ਸਿਆਸਤ ਦਾ ਪੱਲਾ ਫੜਿਆ**
***ਅਕਾਲੀ ਦਲ (ਬਾਦਲ) ਅਕਾਲ ਤਖਤ ਨਾਲ ਉਲਝਣ ਦੇ ਰਉਂ 'ਚ**

**ਜਸਵੀਰ ਸਿੰਘ ਸ਼ੀਰੀ**

ਬੀਤੇ ਦਿਨ ਮਾਘੀ ਦੇ ਪਵਿੱਤਰ ਤਿਉਹਾਰ ਮੌਕੇ ਮੁਕਤਸਰ ਵਿਖੇ ਹੋਈਆਂ ਤਿੰਨ ਅਕਾਲੀ ਕਾਨਫਰੰਸਾਂ ਨੇ ਹੋਰ ਕੁਝ ਕੀਤਾ ਹੋਵੇ ਜਾਂ ਨਾ, ਸਿੱਖ ਸਿਆਸਤ ਵਿੱਚ ਮੁਕਾਬਲੇਬਾਜ਼ੀ ਅਤੇ ਘਚੋਲਾ ਜ਼ਰੂਰ ਵਧਾ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਨੇ ਇਸ ਮੌਕੇ ਵੱਡਾ ਇਕੱਠ ਕਰਕੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦਾ ਯਤਨ ਕੀਤਾ। ਉਨ੍ਹਾਂ ਦੀ ਪਾਰਟੀ ਵੱਲੋਂ ਸਟੇਜ ਤੋਂ ਇੱਕੋ-ਇੱਕ ਮਤਾ ਪੇਸ਼ ਕੀਤਾ ਗਿਆ, ਜਿਸ ਵਿੱਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਮਨਸੂਖ ਕੀਤਾ ਗਿਆ ਫਖਰ-ਏ-ਕੌਮ ਦਾ ਐਵਾਰਡ ਵਾਪਸ ਕਰਨ ਦੀ ਮੰਗ ਕੀਤੀ ਗਈ।

ਸੁਖਬੀਰ ਨੇ ਲੋਕਾਂ ਤੋਂ ਝੋਲੀ ਅੱਡ ਕੇ ਸਹਿਯੋਗ ਮੰਗਿਆ ਅਤੇ ਇੱਕ ਭਾਵੁਕ ਤਕਰੀਰ ਕੀਤੀ। ਸਟੇਜ ਉਤੇ ਅਤੇ ਸਟੇਜ ਦੇ ਬਾਹਰ ਲੱਗੇ ਸਾਰੇ ਕੱਟ ਆਊਟ ਇਹੋ ਦਰਸਾ ਰਹੇ ਸਨ ਕਿ ਸੁਖਬੀਰ ਸਿੰਘ ਬਾਦਲ ਅਕਾਲ ਤਖਤ ਵੱਲੋਂ ਐਲਾਨੀ ਗਈ ਭਰਤੀ ਕਮੇਟੀ ਨੂੰ ਕੋਈ ਅਹਿਮੀਅਤ ਦੇਣ ਲਈ ਹਾਲੇ ਵੀ ਤਿਆਰ ਨਹੀਂ ਹਨ ਅਤੇ ਪਾਰਟੀ ਉੱਤੇ ਆਪਣੀ ਪਕੜ ਢਿੱਲੀ ਨਹੀਂ ਹੋਣ ਦੇਣਗੇ।

ਇਸ ਦੇ ਬਰਾਬਰ ਅੰਮ੍ਰਿਤਪਾਲ ਸਿੰਘ ਦੇ ਧੜੇ ਵੱਲੋਂ ਐਲਾਨੇ ਗਏ ਨਵੇਂ ਅਕਾਲੀ ਦਲ (ਵਾਰਸ ਪੰਜਾਬ ਦੇ) ਵਾਲੇ ਪੰਡਾਲ ਵਿੱਚ ਵੀ ਭਰਵਾਂ ਇਕੱਠਾ ਵੇਖਣ ਨੂੰ ਮਿਲਿਆ। ਇਸ ਵੱਡੇ ਇਕੱਠ ਵਿੱਚ ਇਸ ਨਵੀਂ ਪਾਰਟੀ ਦਾ ਐਲਾਨ ਕੀਤਾ ਗਿਆ, ਜਿਸ ਦੀ ਅਗਵਾਈ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਕਰਨਗੇ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਪਾਰਟੀ ਦੀ ਅਗਵਾਈ ਇਸੇ ਮੌਕੇ ਐਲਾਨੀ ਗਈ ਪੰਜ ਮੈਂਬਰੀ ਕਾਰਜਕਾਰੀ ਕਮੇਟੀ ਕਰੇਗੀ ਅਤੇ ਪਾਰਟੀ ਦੀ ਮੈਂਬਰਸ਼ਿਪ ਭਰਤੀ ਲਈ ਇੱਕ ਵੱਖਰੀ 7 ਮੈਂਬਰੀ ਕਮੇਟੀ ਐਲਾਨੀ ਗਈ ਹੈ। ਅੰਮ੍ਰਿਤਪਾਲ ਸਿੰਘ ਨੂੰ ਚੋਣਾਂ ਵਿੱਚ ਲਾਂਚ ਕਰਨ ਵਾਲੇ ਅਤੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਅਤੇ ਉਨ੍ਹਾਂ ਦੇ ਜੋਟੀਦਾਰ ਭਾਈ ਗੁਰਦੀਪ ਸਿੰਘ ਬਠਿੰਡਾ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ (ਅੰਮ੍ਰਿਤਸਰ) ਦੀ ਸਟੇਜ 'ਤੇ ਨਜ਼ਰ ਆਏ। ਦਲ ਖਾਲਸਾ ਦੇ ਆਗੂਆਂ ਨੇ ਵੀ ਇਸ ਸਟੇਜ ਤੋਂ ਹੀ ਸੰਬੋਧਨ ਕੀਤਾ। ਉਂਝ ਜਿਸ ਰਾਹੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਪੈ ਗਿਆ ਹੈ ਅਤੇ ਜਿਸ ਤਰ੍ਹਾਂ ਸੁਧਾਰ ਲਹਿਰ ਵਾਲਿਆਂ ਨੂੰ ਹੋਰ ਕਿਸੇ ਨੇ ਵੀ ਆਪਣੇ ਨੇੜੇ ਨਹੀਂ ਲੱਗਣ ਦਿੱਤਾ, ਉਸ ਤੋਂ ਲਗਦਾ ਹੈ ਕਿ ਇੱਕ ਚੌਥਾ ਅਕਾਲੀ ਦਲ ਵੀ ਹੋਂਦ ਵਿੱਚ ਆ ਸਕਦਾ ਹੈ।

ਉਂਝ ਇਹ ਤੱਥ ਵੀ ਬੇਹੱਦ ਦਿਲਚਸਪ ਹੈ ਕਿ ਸ਼੍ਰੋਮਣੀ ਅਕਾਲੀ (ਬਾਦਲ) ਦੀ ਸਟੇਜ 'ਤੇ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਗਈ ਭਰਤੀ ਕਮੇਟੀ ਦੇ ਸਿਰਫ ਇੱਕ ਮੈਂਬਰ- ਪ੍ਰੋ. ਕਿਰਪਾਲ ਸਿੰਘ ਬਡੂੰਗਰ ਹੀ ਵਿਖਾਈ ਦਿੱਤੇ, ਬਾਕੀ ਛੇ ਮੈਂਬਰ ਗੈਰ-ਹਾਜ਼ਰ ਰਹੇ। ਯਾਦ ਰਹੇ 2

⇒ ਬਾਕੀ ਸਫਾ 9 ਉਤੇ ਪੜ੍ਹੋ

**ਟਰੰਪ ਦੀ ਦੂਜੀ ਟਰਮ...**

# ਸੰਸਾਰ ਸਿਆਸਤ 'ਚ ਨਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ

***ਜੰਗਾਂ ਦੇ ਭੰਨੇ ਲੋਕਾਂ ਨੂੰ ਵੱਡੀਆਂ ਉਮੀਦਾਂ**

**ਪੰਜਾਬੀ ਪਰਵਾਜ਼ ਬਿਊਰੋ**

20 ਜਨਵਰੀ ਨੂੰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣਾ ਅਹੁਦਾ ਸੰਭਾਲ ਲੈਣਾ ਹੈ। ਰੂਸ-ਯੂਕਰੇਨ ਅਤੇ ਪੱਛਮੀ ਏਸ਼ੀਆ ਵਿੱਚ ਗਾਜ਼ਾ ਵਰਗੇ ਖਿੱਤੇ ਆਪਣੇ ਜੰਗ ਤੋਂ ਛੁਟਕਾਰੇ ਲਈ ਉਨ੍ਹਾਂ ਦੀ ਆਮਦ ਦੀ ਤੱਦੀ ਨਾਲ ਉਡੀਕ ਕਰ ਰਹੇ ਹਨ। ਖਾਸ ਕਰਕੇ ਯੂਕਰੇਨ ਜੰਗ 'ਤੇ ਡੋਨਾਲਡ ਟਰੰਪ ਦੇ ਆਉਣ ਨਾਲ ਵਾਹਵਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਉਹ ਆਪਣੇ ਮੁਲਕ ਵਿੱਚ ਹੀ ਵੱਸਦੇ ਵੱਖ-ਵੱਖ ਨਸਲੀ, ਧਾਰਮਿਕ ਅਤੇ ਵਿਸ਼ੇਸ਼ ਕਰਕੇ ਰੰਗ-ਭੇਦ ਆਧਾਰਤ ਭਾਈਚਾਰਿਆਂ ਨਾਲ ਕੀ ਸਲੂਕ ਕਰਦੇ ਹਨ, ਇਹਦੇ ਉੱਪਰ ਵੀ ਦੁਨੀਆਂ ਭਰ ਦੇ ਲੋਕਾਂ ਦੀ ਨਜ਼ਰ ਰਹੇਗੀ। ਡੋਨਾਲਡ ਟਰੰਪ ਦੇ ਪਿਛਲੇ ਕਾਰਜਕਾਲ ਸਮੇਂ ਇੱਕ ਕਾਲੇ ਵਿਅਕਤੀ ਜੌਰਜ ਫਲੋਇਡ ਦੀ ਗੋਰੇ ਅਮਰੀਕਨ ਪੁਲਿਸ ਅਫਸਰ ਡੈਰਿਕ ਚੁਵਿਨ ਨੇ ਹੱਤਿਆ ਕਰ ਦਿੱਤੀ ਸੀ। ਅਮਰੀਕੀ ਪੁਲਿਸ ਅਫਸਰ ਵੱਲੋਂ ਧੌਣ 'ਤੇ ਗੋਡਾ ਰੱਖ ਕੇ ਕੀਤੀ ਗਈ ਇਸ ਹੱਤਿਆ ਦੇ ਪ੍ਰਤੀਕਰਮ ਵਜੋਂ ਇੱਕ ਵੱਡੀ ਪ੍ਰਤੀਰੋਧੀ ਜਨਤਕ ਲਹਿਰ 'ਬਲੈਕ ਲਾਈਫ ਮੈਟਰਜ਼' ਖੜ੍ਹੀ ਹੋ ਗਈ ਸੀ। ਜਿਸ ਦੇ ਵਿਆਪਕ ਹੋਣ 'ਤੇ ਇੱਕ ਵਾਰ ਤਾਂ ਇੰਜ ਲੱਗਣ ਲੱਗਾ ਸੀ ਕਿ ਅਮਰੀਕੀ ਗੋਰਿਆਂ ਅਤੇ ਰੰਗਦਾਰ ਭਾਈਚਾਰਿਆਂ ਵਿਚਕਾਰ ਡੂੰਘੀ ਤਰ੍ਹਾਂ ਵੰਡਿਆ ਜਾਵੇਗਾ; ਪਰ ਸੰਬੰਧਤ ਦੋਸ਼ੀ ਅਫਸਰ ਦੀ ਗ੍ਰਿਫਤਾਰੀ ਅਤੇ ਬਾਅਦ ਵਿੱਚ ਸਜ਼ਾ ਨੇ ਇਸ ਲਹਿਰ ਨੂੰ ਮੱਠਾ ਪਾ ਦਿੱਤਾ ਸੀ। ਖਾਸ ਕਰਕੇ ਲਿਬਰਲ ਰਾਸ਼ਟਰਪਤੀ ਜੋਅ ਬਾਇਡਨ ਦੇ ਆਉਣ ਤੋਂ ਬਾਅਦ ਅਮਰੀਕਾ ਦੇ ਅੰਦਰਲੀ ਇਹ ਦੁਫੇੜ ਕਾਫੀ ਮੱਧਮ ਪੈ ਗਈ ਲਗਦੀ ਸੀ।

ਅਮਰੀਕਾ ਦੀਆਂ ਪਿਛਲੀਆਂ ਆਮ ਚੋਣਾਂ ਵਿੱਚ ਹਮਾਤੜ੍ਹ ਕਲਮ ਘਸੀਟਾਂ ਨੇ ਵੀ ਟਰੰਪ ਦੇ ਖਿਲਾਫ ਇੱਕ ਮੁਹਿੰਮ ਚਲਾਈ ਸੀ ਅਤੇ ਜੋਅ ਬਾਇਡਨ ਦੇ ਆਉਣ 'ਤੇ ਇੱਕ ਰਾਹਤ ਮਹਿਸੂਸ ਕੀਤੀ ਸੀ। ਪੰਜਾਬੀ/ਭਾਰਤੀ ਪਰਵਾਸੀ ਵੱਡੀ ਗਿਣਤੀ ਵਿੱਚ ਅਮਰੀਕਾ-ਕੈਨੇਡਾ 'ਚ ਵੱਸਦੇ ਹਨ। ਇਸ ਲਈ ਅਮਰੀਕਾ ਅਤੇ ਕੈਨੇਡਾ ਦੀ ਸਿਆਸਤ ਵਿੱਚ ਅਕਸਰ ਦਿਲਚਸਪੀ ਬਣੀ ਰਹਿੰਦੀ ਹੈ। ਉਂਝ ਵੀ ਜਿੰਨੀ ਗੂੜ੍ਹੀ ਤਰ੍ਹਾਂ ਹੁਣ ਸੰਸਾਰ ਦਾ ਮਨੁੱਖੀ ਭਾਈਚਾਰਾ ਸੂਚਨਾ ਤਕਨੀਕਾਂ ਦੇ ਜ਼ਰੀਏ ਅਤੇ ਆਰਥਿਕਤਾ ਦੇ ਸੰਸਾਰੀਕਰਣ ਦੇ ਸਿੱਟੇ ਵਜੋਂ ਆਪਸ ਵਿੱਚ ਜੁੜ ਗਿਆ ਹੈ, ਇਸ ਨਾਲ ਛੋਟੀ ਤੋਂ ਛੋਟੀ ਘਟਨਾ ਵੀ ਹੁਣ ਸਾਰੀ ਦੁਨੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਤ ਕਰਦੀ ਹੈ। ਦੁਨੀਆਂ ਦੇ ਹਰ ਕੋਨੇ ਵਿੱਚ ਵੱਸਦਾ ਬੰਦਾ ਇਨ੍ਹਾਂ ਘਟਨਾਵਾਂ ਦੇ ਪ੍ਰਭਾਵ ਮਹਿਸੂਸ ਕਰਦਾ ਹੈ।

ਜੋਅ ਬਾਇਡਨ ਆਖਣ ਨੂੰ ਲਿਬਰਲ ਸਿਆਸਤ ਦਾ ਅਲੰਬਰਦਾਰ ਹੈ, ਪਰ ਉਸ ਨੇ ਦੁਨੀਆਂ ਵਿੱਚ ਜੰਗਾਂ ਅਤੇ ਕਲੇਸ਼ਾਂ ਨੂੰ ਹਵਾ ਦਿੱਤੀ। ਯੂਕਰੇਨ ਨੂੰ ਜੰਗ ਲਈ ਉਕਸਾਇਆ, ਪੈਸੇ ਦਿੱਤੇ ਅਤੇ ਉਨ੍ਹਾਂ ਪੈਸਿਆਂ ਦੇ ਫਿਰ ਹਥਿਆਰ ਵੀ ਆਪਣੇ ਕੋਲੋਂ ਦਿੱਤੇ। ਕਹਿੰਦੇ ਹਨ ਕਿ ਅਮਰੀਕਾ ਵਿੱਚ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਸਿਆਸੀ ਤੌਰ 'ਤੇ ਕਾਫੀ ਮਜਬੂਤ ਹਨ। ਸੈਨੇਟ ਵਿੱਚ ਵੀ ਉਨ੍ਹਾਂ ਦਾ ਕਾਫੀ ਪ੍ਰਭਾਵ ਹੈ। ਇਸ ਤਰ੍ਹਾਂ ਰੂਸ ਅਤੇ ਗਾਜ਼ਾ

⇒ ਬਾਕੀ ਸਫਾ 5 ਉਤੇ ਪੜ੍ਹੋ









# ਲਾਸ ਏਂਜਲਸ: ਅੱਗ ਦੀਆਂ ਲਾਟਾਂ ਨੇ ਹਜ਼ਾਰਾਂ ਘਰ ਸੁਆਹ ਕੀਤੇ

## *ਵੱਡੀ ਗਿਣਤੀ ਲੋਕ ਹੋਏ ਬੇਘਰ

ਪੰਜਾਬੀ ਪਰਵਾਜ਼ ਬਿਊਰੋ

ਲਾਸ ਏਂਜਲਸ ਦੇ ਕਈ ਹਿੱਸਿਆਂ 'ਚ ਜੰਗਲ ਨੂੰ ਲੱਗੀ ਅੱਗ ਬੇਕਾਬੂ ਹੋਣ ਨਾਲ ਭਾਰੀ ਨੁਕਸਾਨ ਹੋਇਆ ਹੈ ਅਤੇ ਹਜ਼ਾਰਾਂ ਇਮਾਰਤਾਂ ਸੜ ਕੇ ਸੁਆਹ ਹੋ ਗਈਆਂ ਹਨ। ਮੰਗਲਵਾਰ ਨੂੰ ਲਾਸ ਏਂਜਲਸ ਕਾਊਂਟੀ ਮੈਡੀਕਲ ਐਗਜ਼ਾਮੀਨਰ ਦੇ ਦਫਤਰ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਦੱਖਣੀ ਕੈਲੀਫੋਰਨੀਆ ਵਿਚ ਅੱਗ ਲੱਗਣ ਨਾਲ ਮਰਨ ਵਾਲਿਆਂ ਦੀ ਗਿਣਤੀ 25 ਹੋ ਗਈ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਨੇ ਮਰਨ ਵਾਲਿਆਂ ਦੀ ਗਿਣਤੀ ਵਧ ਸਕਣ ਦਾ ਖਦਸ਼ਾ ਜ਼ਾਹਰ ਕੀਤਾ ਹੈ। ਹਜ਼ਾਰਾਂ ਫਾਇਰਫਾਈਟਰ ਸੰਘਣੀ ਆਬਾਦੀ ਵਾਲੇ ਲਾਸ ਏਂਜਲਸ ਕਾਊਂਟੀ ਦੇ 45 ਵਰਗ ਮੀਲ ਵਿੱਚ ਤੋਂ ਵੀ ਵੱਧ ਜੰਗਲੀ ਅੱਗ ਨਾਲ ਜੂਝ ਰਹੇ ਹਨ। ਹਾਲਾਤ ਇਹ ਹਨ ਕਿ ਤਕਰਬੀਨ 1.8 ਲੱਖ ਲੋਕਾਂ ਨੂੰ ਲਾਸ ਏਂਜਲਸ ਕਾਊਂਟੀ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੇ ਘਰ ਛੱਡ ਕੇ ਜੋ ਵੀ ਸਮਾਨ ਲੈ ਸਕਦੇ ਹਨ, ਉਹ ਲੈ ਕੇ ਜਾ ਰਹੇ ਹਨ। ਇਸ ਤੋਂ ਇਲਾਵਾ 2 ਲੱਖ ਦੇ ਕਰੀਬ ਲੋਕਾਂ ਨੂੰ ਜਲਦ ਹੀ ਪਲਾਇਨ ਕਰਨ ਦੀ ਲੋੜ ਬਾਰੇ ਚੇਤਾਵਨੀ ਦਿੱਤੀ ਜਾ ਚੁੱਕੀ ਹੈ, ਭਾਵ ਉਨ੍ਹਾਂ ਨੂੰ ਵੀ ਜਲਦੀ ਹੀ ਆਪਣੇ ਘਰ ਛੱਡਣ ਦੀ ਲੋੜ ਪੈ ਸਕਦੀ ਹੈ।

ਅੱਗ ਬੁਝਾਉਣ ਵਾਲੇ ਅਮਲੇ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਕਈ ਥਾਵਾਂ ਉਤੇ ਅੱਗ ਪੂਰੀ ਤਰ੍ਹਾਂ ਬੇਕਾਬੂ ਹੈ। ਮੌਸਮ ਦੀਆਂ ਸਥਿਤੀਆਂ ਅਤੇ ਜਲਵਾਯੂ ਪਰਿਵਰਤਨ ਦੇ ਗੰਭੀਰ ਪ੍ਰਭਾਵ ਕਰਕੇ ਆਉਣ ਵਾਲੇ ਦਿਨਾਂ ਵਿੱਚ ਅੱਗ ਦਾ ਕਰੋਪ ਜਾਰੀ ਰਹਿਣ ਦਾ ਖ਼ਦਸ਼ਾ ਜਤਾਇਆ ਗਿਆ। ਲਾਸ ਏਂਜਲਸ ਕਾਊਂਟੀ ਵਿਚ ਪਾਲੀਸੇਡਸ ਅਤੇ ਈਟਨ ਦੀ ਅੱਗ ਹੁਣ ਤੱਕ ਦੀ ਸਭ ਤੋਂ ਵੱਧ ਵਿਨਾਸ਼ਕਾਰੀ ਮੰਨੀ ਜਾ ਰਹੀ ਹੈ। ਕੈਲ ਫਾਇਰ ਅਨੁਸਾਰ, ਦੋ ਅੱਗਾਂ ਕੈਲੀਫੋਰਨੀਆ ਦੇ ਇਤਿਹਾਸ ਵਿੱਚ ਚੋਟੀ ਦੀਆਂ ਪੰਜ ਸਭ ਤੋਂ ਵਿਨਾਸ਼ਕਾਰੀ ਅੱਗਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਅੰਦਾਜ਼ਨ 9,300 ਇਮਾਰਤੀ ਢਾਂਚੇ ਨੂੰ ਤਬਾਹ ਕਰ ਦਿੱਤਾ ਹੈ ਅਤੇ ਇੱਕ ਹਫ਼ਤੇ ਦੇ ਸਮੇਂ ਦੌਰਾਨ 37,800 ਏਕੜ (ਲਗਭਗ 59.1 ਵਰਗ ਮੀਲ) ਤੋਂ ਵੱਧ ਸਾੜ ਦਿੱਤਾ। ਹਾਲਾਂਕਿ ਅਧਿਕਾਰਤ ਨੁਕਸਾਨ ਦਾ ਮੁਲਾਂਕਣ ਅਜੇ ਵੀ ਜਾਰੀ ਹੈ। ਅੱਗ ਵਿੱਚ ਜੋ ਇਮਾਰਤਾਂ ਤਬਾਹ ਹੋ ਗਈਆਂ ਹਨ ਜਾਂ ਨੁਕਸਾਨੀਆਂ ਗਈਆਂ ਹਨ, ਉਨ੍ਹਾਂ ਵਿਚ ਵੱਡੀ ਗਿਣਤੀ ਘਰਾਂ ਦੀ ਹੈ, ਜਦਕਿ ਸਕੂਲ ਅਤੇ ਮਸ਼ਹੂਰ ਸਨਸੈਟ ਬੁਲੇਵਾਰਡ ਦੀਆਂ ਕਾਰੋਬਾਰੀ ਇਮਾਰਤਾਂ ਵੀ ਸ਼ਾਮਲ ਹਨ।

ਮੰਜ਼ਰ ਇਹ ਬਣਿਆ ਹੋਇਆ ਹੈ ਕਿ ਚਾਰ-ਚੁਫੇਰੇ ਅੱਗ ਦਾ ਹੀ ਕਹਿਰ ਹੈ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਿਜਲੀ ਕੱਟ ਦਿੱਤੀ ਗਈ ਹੈ ਅਤੇ ਸੜਕਾਂ ਉਤੇ ਟ੍ਰੈਫਿਕ ਜਾਮ ਹੈ। ਲਾਸ ਏਂਜਲਸ ਦੇ ਬਹੁਤ ਸਾਰੇ ਸਕੂਲਾਂ ਅਤੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਨੂੰ ਬੰਦ ਕਰਨਾ ਪਿਆ ਹੈ। ਅੱਗ ਬੁਝਾਉਣ ਵਾਲੇ ਅਮਲੇ ਅੱਗ ਦੇ ਫੈਲਾਅ 'ਤੇ ਕਾਬੂ ਪਾਉਣ ਲਈ ਪਾਣੀ ਦੀ ਘਾਟ ਨਾਲ ਵੀ ਜੂਝ ਰਹੇ ਹਨ।



ਬੀਮਾ ਉਦਯੋਗ ਨੂੰ ਡਰ ਹੈ ਕਿ ਇਹ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਮਹਿੰਗਾ ਜੰਗਲੀ ਅੱਗ ਦਾ ਪ੍ਰਕੋਪ ਸਾਬਤ ਹੋ ਸਕਦਾ ਹੈ। ਹੁਣ ਤੱਕ ਜਿੰਨੀਆਂ ਜਾਇਦਾਦਾਂ ਅਤੇ ਜਨਤਕ ਢਾਂਚੇ ਅੱਗ ਦੀ ਲਪੇਟ ਵਿੱਚ ਆਏ ਹਨ, ਉਸ ਤੋਂ ਲੱਗੇ ਅੰਦਾਜ਼ੇ ਮੁਤਾਬਕ ਇਹ ਨੁਕਸਾਨ 800 ਕਰੋੜ ਅਮਰੀਕੀ ਡਾਲਰ ਤੋਂ ਵੱਧ ਦਾ ਹੋ ਸਕਦਾ ਹੈ। ਉਤੋਂ ਸਿਤਮਜ਼ਰੀਫੀ ਇਹ ਕਿ ਕਈ ਖਾਲੀ ਕਰਵਾਏ ਗਏ ਇਲਾਕਿਆਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੇ ਮਾਮਲੇ ਸਾਹਮਣੇ ਆਏ ਹਨ। ਅਜਿਹੇ ਮਾਮਲਿਆਂ ਵਿੱਚ 20 ਤੋਂ ਵੱਧ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ।

ਅੱਗ ਦੀ ਗੰਭੀਰਤਾ ਨੇ ਇਹ ਵੀ ਉਜਾਗਰ ਕੀਤਾ ਹੈ ਕਿ ਬਹੁਤ ਸਾਰੇ ਯੂ.ਐਸ. ਭਾਈਚਾਰਿਆਂ ਵਿੱਚ ਸੀਮਤ ਐਮਰਜੈਂਸੀ ਨਿਕਾਸੀ ਯੋਜਨਾਵਾਂ ਹਨ। 7 ਜਨਵਰੀ ਨੂੰ ਪਹਿਲੀ ਵਾਰ ਪਾਲੀਸੇਡਸ ਅੱਗ ਫੈਲਣ ਤੋਂ ਬਾਅਦ, ਪੈਸੀਫਿਕ ਪਾਲੀਸੇਡਸ ਦੇ ਆਸ-ਪਾਸ ਦੇ ਬਹੁਤ ਸਾਰੇ ਵਸਨੀਕਾਂ ਨੂੰ ਟ੍ਰੈਫਿਕ ਰੁਕਾਵਟਾਂ ਕਾਰਨ ਬਾਹਰ ਨਿਕਲਣ ਲਈ ਸੰਘਰਸ਼ ਕਰਨਾ ਪਿਆ, ਕੁਝ ਨੂੰ ਆਪਣੀਆਂ ਕਾਰਾਂ ਛੱਡ ਕੇ ਪੈਦਲ ਭੱਜਣ ਲਈ ਮਜਬੂਰ ਹੋਣਾ ਪਿਆ।

ਪ੍ਰਸ਼ਾਸਨਿਕ ਸੂਤਰਾਂ ਅਨੁਸਾਰ ਅੱਗ ਪਾਲੀਸੇਡਸ ਤੋਂ ਸ਼ੁਰੂ ਹੋਈ ਅਤੇ ਇਹ ਅਮਰੀਕਾ ਦੇ ਇਤਿਹਾਸ ਦੀ ਸਭ ਤੋਂ ਵਿਨਾਸ਼ਕਾਰੀ ਅੱਗ ਸਾਬਤ ਹੋ ਸਕਦੀ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਖੇਤਰ ਵਿੱਚ ਚੱਲੀਆਂ ਤੇਜ਼ ਹਵਾਵਾਂ ਅਤੇ ਸੋਕੇ ਕਾਰਨ ਅੱਗ ਲੱਗਣ ਦੀ ਸੰਭਾਵਨਾ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਇਸ ਨਾਲ ਬਨਸਪਤੀ ਬਹੁਤ ਖੁਸ਼ਕ ਹੋ ਕੇ ਸੜਨ ਦੇ ਅਨੁਕੂਲ ਬਣ ਗਈ ਸੀ। ਇਲਾਕੇ ਦੇ ਜੰਗਲਾਂ ਵਿੱਚ ਲੱਗੀ ਅੱਗ ਦਾ ਵੱਡਾ ਕਾਰਨ ਮਨੁੱਖੀ ਗਤੀਵਿਧੀਆਂ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਫਿਲਹਾਲ ਅੱਗ ਲੱਗਣ ਦਾ ਕਾਰਨ ਸਪੱਸ਼ਟ ਨਹੀਂ ਹੈ ਅਤੇ ਜਾਂਚ ਜਾਰੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜਲਵਾਯੂ ਤਬਦੀਲੀ ਇਸ ਇਲਾਕੇ ਦੇ ਕੁਦਰਤੀ ਸੁਭਾਅ ਨੂੰ ਬਦਲ ਰਹੀ ਹੈ ਅਤੇ ਅੱਗ ਦੀਆਂ ਅਜਿਹੀਆਂ ਘਟਨਾਵਾਂ ਦੀਆਂ ਸੰਭਾਵਨਾ ਨੂੰ ਵਧਾ ਰਹੀ ਹੈ। ਯੂ.ਸੀ.ਐਲ.ਏ. ਦੇ ਕਲਾਈਮੇਟ ਐਂਡ ਵਾਈਲਡਫਾਇਰ ਰਿਸਰਚ ਇਨੀਸ਼ੀਏਟਿਵ ਦੇ ਖੋਜਕਰਤਾਵਾਂ ਦੇ ਇੱਕ ਸਮੂਹ ਦਾ ਕਹਿਣਾ ਹੈ ਕਿ ਲਾਸ ਏਂਜਲਸ ਖੇਤਰ ਵਿੱਚ ਜੰਗਲੀ ਅੱਗਾਂ ਵਿੱਚ ਜਲਵਾਯੂ ਪਰਿਵਰਤਨ ਨੇ ਇੱਕ ਭੂਮਿਕਾ ਨਿਭਾਈ ਹੈ। ਖੋਜਕਰਤਾਵਾਂ ਨੇ ਕਿਹਾ ਕਿ ਇੱਥੇ 2022-2024 ਤੱਕ ਈਂਧਨ ਯਾਨੀ ਬਨਸਪਤੀ ਦਾ ਨਿਰਮਾਣ ਹੋਇਆ, ਜਿਸ ਤੋਂ ਬਾਅਦ 2024 ਵਿੱਚ ਬਹੁਤ ਗਰਮੀ ਵਧ ਗਈ। ਫਿਰ ਸਰਦੀਆਂ ਦਾ ਮੀਂਹ ਜੋ ਆਮ ਤੌਰ 'ਤੇ ਨਵੰਬਰ ਅਤੇ ਦਸੰਬਰ ਵਿੱਚ ਪੈਂਦਾ ਹੈ, ਵੱਡੇ ਪੱਧਰ 'ਤੇ ਨਹੀਂ ਪਿਆ।

ਇਸੇ ਦੌਰਾਨ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਜ਼ਮ ਨੇ ਮੰਗਲਵਾਰ ਨੂੰ ਇੱਕ ਕਾਰਜਕਾਰੀ ਆਦੇਸ਼ 'ਤੇ ਹਸਤਾਖਰ ਕੀਤੇ, ਜੋ "ਮੌਕਾਪ੍ਰਸਤ ਨਿਵੇਸ਼ਕਾਂ" ਨੂੰ ਅੱਗ ਦੇ ਤੂਫਾਨ ਦੁਆਰਾ ਪ੍ਰਭਾਵਿਤ ਪਰਿਵਾਰਾਂ ਨੂੰ ਉਨ੍ਹਾਂ ਦੀ ਜ਼ਮੀਨ ਖਰੀਦਣ ਲਈ ਅਣਚਾਹੇ ਘੱਟ ਮੁੱਲ ਦੀਆਂ ਪੇਸ਼ਕਸ਼ਾਂ ਕਰਨ ਤੋਂ ਰੋਕਦਾ ਹੈ। ਇਹ ਮੌਕਾਪ੍ਰਸਤ ਨਿਵੇਸ਼ਕ ਤਬਾਹ ਹੋਈ ਜਾਇਦਾਦ ਲਈ ਤੇਜ਼ੀ ਨਾਲ ਨਕਦੀ ਦੀ ਪੇਸ਼ਕਸ਼ ਕਰਕੇ ਫਾਇਦਾ ਉਠਾਉਂਦੇ ਹਨ। ਆਰਡਰ ਖਾਸ ਜ਼ਿਪ ਕੋਡਾਂ ਵਿੱਚ ਤਿੰਨ ਮਹੀਨਿਆਂ ਲਈ ਅਜਿਹੀਆਂ ਪੇਸ਼ਕਸ਼ਾਂ ਨੂੰ ਗੈਰ-ਕਾਨੂੰਨੀ ਬਣਾਉਂਦਾ ਹੈ, ਜਿਸ ਵਿੱਚ ਅਲਟਾਡੇਨਾ ਦਾ ਭਾਈਚਾਰਾ ਸ਼ਾਮਲ ਹੈ।

ਨਿਊਜ਼ਮ ਨੇ ਇੱਕ ਬਿਆਨ ਵਿੱਚ ਕਿਹਾ, "ਅਲਟਾਡੇਨਾ ਵਰਗੇ ਭਾਈਚਾਰਿਆਂ ਵਿੱਚ ਮੌਕਾਪ੍ਰਸਤ ਨਿਵੇਸ਼ਕਾਂ ਦੁਆਰਾ ਅੰਡਰਮਾਰਕੀਟ ਪੇਸ਼ਕਸ਼ਾਂ ਕਮਿਊਨਿਟੀ ਦੇ ਚਰਿੱਤਰ ਅਤੇ ਜੀਵੰਤਤਾ ਨੂੰ ਖਤਰਾ ਬਣਾਉਂਦੀਆਂ ਹਨ ਅਤੇ ਕਮਿਊਨਿਟੀ ਵਿੱਚ ਲੰਬੇ ਸਬੰਧਾਂ ਤੇ ਨਿਵੇਸ਼ਾਂ ਵਾਲੇ ਕਮਜ਼ੋਰ ਨਿਵਾਸੀਆਂ ਨੂੰ ਵਿਸਥਾਪਿਤ ਤੇ ਖਤਰੇ ਵਿੱਚ ਪਾ ਸਕਦੀਆਂ ਹਨ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੋਂਟਾ ਨੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਕਿ ਨਿਆਂ ਵਿਭਾਗ ਆਦੇਸ਼ ਨੂੰ ਲਾਗੂ ਕਰਨ ਲਈ ਤਿਆਰ ਹੈ।

ਅਜਿਹੀ ਕਿਸੇ ਘਟਨਾ ਦੀ ਸੰਭਾਵਨਾ ਤੋਂ ਪਹਿਲਾਂ ਦੀ ਤਿਆਰੀ ਨੂੰ ਲੈ ਕੇ ਸਿਆਸਤ ਭੜਕ ਗਈ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਇਹ ਮੁੱਦਾ ਚੁੱਕਿਆ ਹੈ। ਲਾਸ ਏਂਜਲਸ ਦੇ ਮੇਅਰ ਕੈਰਨ ਬਾਸ ਨੇ ਕੈਲੀਫੋਰਨੀਆ ਲਈ ਸੰਭਾਵਿਤ ਸੰਘੀ ਸਹਾਇਤਾ ਪੈਕੇਜ ਨਾਲ ਸ਼ਰਤਾਂ ਜੋੜਨ ਬਾਰੇ ਵਾਸ਼ਿੰਗਟਨ ਵਿੱਚ ਕੁਝ ਰਿਪਬਲਿਕਨਾਂ ਦੁਆਰਾ ਪੇਸ਼ ਕੀਤੇ ਜਾ ਰਹੇ ਵਿਚਾਰ ਨੂੰ ਸੰਬੋਧਿਤ ਕੀਤਾ। ਮੇਅਰ ਨੇ ਟਰੰਪ ਪ੍ਰਸ਼ਾਸਨ ਦੇ ਇੱਕ ਮੈਂਬਰ ਨਾਲ ਅੱਗ ਬਾਰੇ ਗੱਲ ਕੀਤੀ ਹੈ। ਸਟੇਟ ਗਵਰਨਰ ਗੈਵਿਨ ਨਿਊਜ਼ਮ ਨੇ ਟਰੰਪ ਨੂੰ ਤਬਾਹੀ ਦਾ ਸਰਵੇਖਣ ਕਰਨ ਲਈ ਦੱਖਣੀ ਕੈਲੀਫੋਰਨੀਆ ਵਿੱਚ ਸੱਦਾ ਦਿੱਤਾ।

# ਕਿਸਾਨ ਸੰਘਰਸ਼: ਜਥੇਬੰਦੀਆਂ ਦੀ ਏਕਤਾ ਨੇੜੇ-ਤੇੜੇ

## *ਇੱਕ ਦੂਜੇ ਖਿਲਾਫ ਬਿਆਨਬਾਜ਼ੀ ਨਹੀਂ ਕਰਨਗੇ ਕਿਸਾਨ ਸੰਗਠਨ

ਪੰਜਾਬੀ ਪਰਵਾਜ਼ ਬਿਊਰੋ

ਕਿਸਾਨ ਸੰਘਰਸ਼ ਇੱਕ ਵਾਰ ਫਿਰ ਆਪਣੇ ਵਹਿਣ ਸਾਂਝੇ ਕਰਨ ਵੱਲ ਤੁਰਦਾ ਵਿਖਾਈ ਦੇ ਰਿਹਾ ਹੈ। ਲੰਘੀ ਤੇਰਾਂ ਜਨਵਰੀ ਨੂੰ ਮਾਘੀ ਦੇ ਇਤਿਹਾਸਕ ਦਿਹਾੜੇ ਤੋਂ ਇੱਕ ਦਿਨ ਪਹਿਲਾਂ ਪੰਜਾਬ ਅਤੇ ਦੇਸ਼ ਦੇ ਵੱਖ ਕਿਸਾਨ ਸੰਗਠਨਾਂ ਦੇ ਆਗੂਆਂ ਨੇ ਪਟਿਆਲਾ ਦੇ ਕਸਬਾ ਪਾਤੜਾਂ ਵਿੱਚ ਇੱਕ ਸਾਂਝੀ ਮੀਟਿੰਗ ਕਰਕੇ ਕਿਸਾਨ ਸੰਘਰਸ਼ ਨੂੰ ਸਰਬ ਸੰਗਠਿਤ ਲੀਹਾਂ 'ਤੇ ਅੱਗੇ ਤੋਰਨ ਦਾ ਫੈਸਲਾ ਕੀਤਾ ਹੈ। ਯਾਦ ਰਹੇ, ਇਸ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਦੋਹਾਂ ਫੋਰਮਾਂ, ਸਿਆਸੀ ਅਤੇ ਗੈਰ-ਸਿਆਸੀ ਨੇ ਆਪਸ ਵਿੱਚ ਮਿਲ ਕੇ ਚੱਲਣ ਦਾ ਫੈਸਲਾ ਕੀਤਾ। ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਬੋਲਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨ ਆਗੂਆਂ ਵਿਚਕਾਰ ਇਹ ਮੀਟਿੰਗ ਬੜੇ ਸਾਕਾਰਾਤਮਕ (ਪਾਜ਼ੇਟਿਵ) ਮਾਹੌਲ ਵਿੱਚ ਹੋਈ ਹੈ।

ਇਸ ਤੋਂ ਵੀ ਇੱਕ ਕਦਮ ਅੱਗੇ ਜਾਂਦਿਆਂ ਕਿਸਾਨ ਆਗੂਆਂ ਨੇ ਆਪਣੇ ਜ਼ਿਲ੍ਹਾ ਪੱਧਰ ਦੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਦੂਜੇ ਕਿਸਾਨ ਸੰਗਠਨ ਦੇ ਆਗੂਆਂ ਅਤੇ ਵਰਕਰਾਂ ਦੇ ਖ਼ਿਲਾਫ਼ ਕੋਈ ਬਿਆਨਬਾਜ਼ੀ ਨਾ ਕਰਨ। ਇੰਜ ਕਿਸਾਨ ਸੰਗਠਨਾਂ ਵੱਲੋਂ ਇੱਕ ਦੂਜੇ ਖਿਲਾਫ ਬਿਆਨ ਦੇਣ ਦੀ ਦੁਰ-ਰਵਾਇਤ ਉੱਪਰ ਰੋਕ ਲਗਾ ਦਿੱਤੀ ਗਈ ਹੈ। ਇਸ ਨਾਲ ਪੰਜਾਬ ਹਰਿਆਣਾ ਅਤੇ ਇਸ ਦੇ ਨਾਲ ਲਗਦੇ ਪੱਛਮੀ ਯੂ.ਪੀ. ਤੇ ਰਾਜਸਥਾਨ ਦੇ ਇੱਕ ਵੱਡੇ ਖਿੱਤੇ ਵਿੱਚ ਸੁਖਾਵਾਂ ਆਰਥਕ ਸਮਾਜਕ ਵਾਤਾਵਰਣ ਬਣਨ ਦਾ ਮਾਹੌਲ ਬਣਨ ਲੱਗਾ ਹੈ।

ਇਸ ਦਰਮਿਆਨ ਸ਼ਹੀਦਾਂ ਦੀ ਧਰਤੀ ਮੁਕਤਸਰ ਵਿਖੇ ਪੰਥਕ ਧਿਰਾਂ ਦੇ ਪੰਡਾਲ ਵਿੱਚ ਹੋਏ ਆਪ-ਮੁਹਾਰੇ ਇਕੱਠ ਨੇ ਪੰਜਾਬ 'ਚ ਨਵੇਂ ਸਿਆਸੀ-ਸਮਾਜਕ ਮਾਹੌਲ ਦੇ ਸਪਸ਼ਟ ਸੰਕੇਤ ਦੇ ਦਿੱਤੇ ਹਨ। ਇੱਕ ਪਾਸੇ ਤਾਂ ਖਨੌਰੀ ਬਾਰਡਰ 'ਤੇ ਹਰਿਆਣਾ ਨਾਲ ਸੰਬੰਧਤ ਕਿਸਾਨਾਂ ਨੇ ਵੱਡੀ ਪੱਧਰ 'ਤੇ ਪਹੁੰਚਣਾ ਸ਼ੁਰੂ ਕਰ ਦਿੱਤਾ ਹੈ, ਦੂਜੇ ਪਾਸੇ ਮੁਕਤਸਰ ਵਿਖੇ ਨਵੀਆਂ ਪੰਥਕ ਧਿਰਾਂ ਦੇ ਪੰਡਾਲ ਵਿੱਚ ਪੰਜਾਬ ਦੇ ਨੌਜਵਾਨਾਂ ਦੇ ਵੱਡੇ ਜਮਾਵੜੇ ਨੇ ਇਹ ਸਾਫ ਕਰ ਦਿੱਤਾ ਹੈ ਕਿ ਪੰਜਾਬ ਸਿਆਸਤ ਕਿਸ ਪਾਸੇ ਵੱਲ ਕਰਵਟ ਲੈ ਰਹੀ ਹੈ।

ਸਾਂਝੇ ਕਿਸਾਨ ਸੰਘਰਸ਼ ਨੂੰ ਅੱਗੇ ਤੋਰਨ ਲਈ ਪਾਤੜਾਂ ਵਿਖੇ ਹੋਈ ਉਪਰੋਕਤ ਮੀਟਿੰਗ ਵਿੱਚ ਮੁੱਖ ਤੌਰ 'ਤੇ ਕਿਸਾਨ-ਮਜ਼ਦੂਰ-ਸੰਘਰਸ਼ ਕਮੇਟੀ (ਪੰਧੇਰ), ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਸੰਯੁਕਤ ਕਿਸਾਨ ਮੋਰਚਾ (ਸਿਆਸੀ)- ਤਿੰਨਾਂ ਫੋਰਮਾਂ ਦੇ ਆਗੂਆਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਕਿਸਾਨੀ ਫਸਲਾਂ ਦੀ ਖਰੀਦ ਦੀ ਲੀਗਲ ਗਾਰੰਟੀ ਅਤੇ ਕੇਂਦਰ ਵੱਲੋਂ ਰਾਜਾਂ ਨੂੰ ਵਿਚਾਰ ਲਈ ਭੇਜੇ ਗਏ ਕਿਸਾਨੀ ਪੈਦਾਵਾਰ ਦੀ ਮਾਰਕੀਟ ਸੰਬੰਧੀ ਨਵੇਂ ਖਰੜੇ ਨੂੰ ਰੱਦ ਕਰਨ ਸਮੇਤ, ਹੋਰ ਕਿਸਾਨੀ ਮੰਗਾਂ 'ਤੇ ਸਾਂਝਾ ਸੰਘਰਸ਼ ਵਿਢਣ ਦਾ ਫੈਸਲਾ ਕੀਤਾ ਗਿਆ। ਸਾਰੇ ਕਿਸਾਨ ਸੰਗਠਨਾਂ ਦੇ ਆਗੂਆਂ ਨੇ ਮੀਟਿੰਗ ਬਾਅਦ ਹੋਈ ਕਾਨਫਰੰਸ ਵਿੱਚ ਇਹ ਇੱਕ ਸੁਰ ਵਿੱਚ ਕਿਹਾ ਕਿ ਕੇਂਦਰ ਸਰਕਾਰ ਜਿਸ ਕਿਸਮ ਦੀਆਂ ਸਾਜ਼ਿਸ਼ਾਂ 'ਤੇ ਉਤਰ ਆਈ ਹੈ ਅਤੇ ਕਿਸਾਨਾਂ ਨਾਲ ਗੱਲਬਾਤ ਕਰਨ ਦੇ ਮਸਲੇ 'ਤੇ ਜਿੰਨਾ ਅੜੀਅਲ ਰਵੱਈਆ ਅਪਣਾਇਆ ਜਾ ਰਿਹਾ ਹੈ, ਉਸ ਤੋਂ ਸਾਫ ਲਗਦਾ ਹੈ ਕਿ ਸਾਂਝੇ ਕਿਸਾਨ ਸੰਘਰਸ਼ ਤੋਂ ਬਿਨਾ ਕਿਸਾਨ ਮਸਲੇ ਹੱਲ ਨਹੀਂ ਕਰਵਾਏ ਜਾ ਸਕਦੇ।

ਯਾਦ ਰਹੇ, ਪਹਿਲਾਂ ਇਹ ਉਪਰੋਕਤ ਮੀਟਿੰਗ 15 ਜਨਵਰੀ ਨੂੰ ਹੋਣੀ ਤੈਅ ਕੀਤੀ ਗਈ ਸੀ, ਪਰ ਸ. ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਵਿੱਚ ਆਏ ਨਿਘਾਰ ਕਾਰਨ ਮੀਟਿੰਗ ਦੋ ਦਿਨ ਪਹਿਲਾਂ 13 ਜਨਵਰੀ ਨੂੰ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚੇ (ਸਿਆਸੀ) ਦੇ ਆਗੂ ਜੁਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਦਰਸ਼ਨਪਾਲ ਸਿੰਘ, ਰਮਿੰਦਰ ਪਟਿਆਲਾ ਅਤੇ ਯੁਧਵੀਰ ਸਿੰਘ ਨੇ ਹਿੱਸਾ ਲਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਇਸ ਮੀਟਿੰਗ ਵਿੱਚ ਸਰਵਣ ਸਿੰਘ ਪੰਧੇਰ, ਕਾਕਾ ਸਿੰਘ ਕੋਟੜਾ, ਅਭਿਮੰਨਿਊ ਕੁਹਾੜ, ਸੁਰਜੀਤ ਸਿੰਘ ਫੂਲ, ਸੁਖਜੀਤ ਸਿੰਘ ਹਰਦੋਝੰਡੇ ਅਤੇ ਗੁਰਿੰਦਰ ਸਿੰਘ ਭੰਗੂ ਨੇ ਹਿੱਸਾ ਲਿਆ। ਅੰਦਰਲੇ ਸੂਤਰਾਂ ਅਨੁਸਾਰ ਇਹ ਮੀਟਿੰਗ ਤਕਰੀਬਨ ਦੋ ਘੰਟੇ ਚੱਲੀ। ਬੰਦ ਕਮਰੇ ਵਿੱਚ ਹੋਈ ਮੀਟਿੰਗ ਦੇ ਵੇਰਵੇ ਤਾਂ ਭਾਵੇਂ ਸਾਹਮਣੇ ਨਹੀਂ ਆਏ, ਪਰ ਕਿਸਾਨ ਆਗੂਆਂ ਨੇ ਸਰਬਸੰਮਤੀ ਨਾਲ ਆਪਣੀ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅਗਲੀ ਮੀਟਿੰਗ 18 ਜਨਵਰੀ ਨੂੰ ਹੋਣੀ ਹੈ ਅਤੇ ਕਿਸਾਨ ਸੰਘਰਸ਼ ਸੰਬੰਧੀ ਮੋਟੇ ਰੂਪ ਵਿੱਚ ਸਹਿਮਤੀ ਬਣ ਗਈ ਹੈ।

ਬੀਤੀ 13 ਜਨਵਰੀ ਇਸ ਮੀਟਿੰਗ ਦੇ ਸਮਾਨਾਂਤਰ ਦੋਨਾ ਸੰਯੁਕਤ ਕਿਸਾਨ ਮੋਰਚਿਆਂ ਦੇ ਕਾਰਕੁੰਨਾਂ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਕਾਹਨੂੰਵਾਨ, ਤਰਨਤਾਰਨ, ਹੁਸ਼ਿਆਰਪੁਰ, ਭੋਗਪੁਰ, ਸ਼ਾਹਕੋਟ, ਤਲਵਾੜਾ, ਦਸੂਹਾ, ਫਿਲੌਰ, ਗੁਰਦਾਸਪੁਰ, ਦੀਨਾਨਗਰ, ਪਠਾਨਕੋਟ, ਜੰਡਿਆਲਾ ਗੁਰੂ, ਧਾਰੀਵਾਲ ਤੇ ਅਜਨਾਲਾ ਆਦਿ ਖੇਤਰਾਂ ਵਿੱਚ ਨਵੀਂ ਖੇਤੀ ਮੰਡੀਕਰਨ ਦੀ ਨੀਤੀ ਦੇ ਖਰੜੇ ਦੀਆਂ ਕਾਪੀਆਂ ਫੂਕੀਆਂ ਗਈਆਂ ਅਤੇ ਸਥਾਨਕ ਕਿਸਾਨਾਂ ਵੱਲੋਂ ਇਕੱਠੇ ਹੋ ਕੇ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ ਪ੍ਰਦਰਸ਼ਨ ਵੀ ਆਯੋਜਤ ਕੀਤੇ ਗਏ। ਇੱਥੇ ਇਹ ਵੀ ਜ਼ਿਕਰਯੋਗ ਹੈ ਦੋਹਾਂ ਸੰਯੁਕਤ ਕਿਸਾਨ ਮੋਰਚਿਆਂ ਦੀ 26 ਜਨਵਰੀ ਨੂੰ ਕੀਤੇ ਜਾਣ ਵਾਲੇ ਟਰੈਕਟਰ ਮਾਰਚ 'ਤੇ ਵੀ ਸਹਿਮਤੀ ਬਣ ਗਈ ਹੈ। ਇਹ ਟਰੈਕਟਰ ਮਾਰਚ ਹੁਣ ਗਣਤੰਤਰ ਦਿਵਸ ਮੌਕੇ ਦੇਸ਼ ਭਰ ਵਿੱਚ ਕੀਤਾ ਜਾਵੇਗਾ। ਇਹ ਸੱਦਾ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਦਿੱਤਾ ਗਿਆ ਸੀ। ਆਗੂਆਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾਵੇ।


ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਇਸ ਸੰਬੰਧੀ ਬਿਆਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਸਾਨ ਆਗੂ ਦੀ ਜਾਨ ਸੰਬੰਧੀ ਜਿਹੜੀ ਲਾਪ੍ਰਵਾਹੀ ਵਰਤੀ ਹੈ, ਉਹ ਭਾਜਪਾ ਅਤੇ ਕੇਂਦਰੀ ਹਾਕਮਾਂ ਦੀ ਕਿਸਾਨ ਸਮੱਸਿਆਵਾਂ ਪ੍ਰਤੀ ਅਸੰਵੇਦਨਸ਼ੀਲਤਾ ਨੂੰ ਜ਼ਾਹਰ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇ ਕਿਸਾਨ ਆਗੂ ਡੱਲੇਵਾਲ ਨੂੰ ਕੁੱਝ ਵੀ ਹੋਇਆ ਤਾਂ ਭਾਜਪਾ ਦਾ ਪਿੰਡਾਂ ਵਿੱਚ ਵੜਨਾ ਹਰਾਮ ਕਰ ਦਿੱਤਾ ਜਾਵੇਗਾ। ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਭੇਜਿਆ ਗਿਆ ਖੇਤੀ ਪਦਾਰਥਾਂ ਦੇ ਮੰਡੀਕਰਣ ਸੰਬੰਧੀ ਨਵਾਂ ਖਰੜਾ ਭਾਰਤੀ ਸੰਘ ਅਤੇ ਰਾਜਾਂ ਦੀ ਖੁਦਮੁਖਤਾਰੀ ਤੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਯਾਦ ਰਹੇ, ਪੰਜਾਬ ਸਰਕਾਰ ਨੇ ਵੀ ਰਾਜਾਂ ਨੂੰ ਭੇਜੀ ਗਈ ਕੌਮੀ ਖੇਤੀ ਉਪਜ ਮਾਰਕੀਟਿੰਗ ਨੀਤੀ ਦਾ ਖਰੜਾ ਰੱਦ ਕਰ ਦਿੱਤਾ ਹੈ। ਇਸ ਸੰਬੰਧ ਵਿੱਚ 10 ਜਨਵਰੀ ਨੂੰ ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਇਸ ਨੀਤੀ ਨੂੰ ਰਾਜਾਂ ਦੇ ਅਧਿਕਾਰਾਂ ਵਿੱਚ ਦਖਲ, ਕਿਸਾਨ ਵਿਰੋਧੀ, ਬਹੁ-ਰਾਸ਼ਟਰੀ ਅਤੇ ਨਿੱਜੀ ਕੰਪਨੀਆਂ ਪੱਖੀ ਕਰਾਰ ਦਿੱਤਾ ਗਿਆ।

ਇਸ ਤੋਂ ਪਹਿਲਾਂ ਮੋਗਾ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੀ ਹੋਈ ਮਹਾਂ ਪੰਚਾਇਤ ਵਿੱਚ ਹੀ ਕਿਸਾਨ ਸੰਗਠਨਾਂ ਦੀ ਏਕਤਾ ਦੇ ਸੰਕੇਤ ਮਿਲ ਗਏ ਸਨ। ਇਸ ਮੌਕੇ ਕੌਮੀ ਖੇਤੀ ਉਤਪਾਦ ਮੰਡੀ ਨੀਤੀ ਵਿਰੁਧ ਦੇਸ਼ ਵਿਆਪੀ ਸੰਘਰਸ਼ ਵਿੱਢਣ ਅਤੇ ਪੰਜਾਬ-ਹਰਿਆਣਾ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਨਾਲ ਏਕਤਾ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਇਸ ਤੋਂ ਦੋ ਦਿਨ ਪਹਿਲਾਂ ਸੱਤ ਨਵੰਬਰ ਨੂੰ ਸੁਪਰੀਮ ਕੋਰਟ ਵੱਲੋਂ ਜਸਟਿਸ (ਰਿਟਾ.) ਮਹਿਤਾਬ ਸਿੰਘ ਦੀ ਅਗਵਾਈ ਵਿੱਚ ਡੱਲੇਵਾਲ ਨਾਲ ਗੱਲਬਾਤ ਲਈ ਨਿਯੁਕਤ ਕੀਤੀ ਗਈ ਕਮੇਟੀ ਨੇ ਵੀ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਨਾਲ ਮੁਲਕਾਤ ਕੀਤੀ ਸੀ ਅਤੇ ਉਨ੍ਹਾਂ ਨੂੰ ਇਲਾਜ ਲੈਣ ਦੀ ਸਲਾਹ ਦਿੱਤੀ ਸੀ; ਪਰ ਡੱਲੇਵਾਲ ਨੇ ਆਖ ਦਿੱਤਾ ਸੀ ਕਿ ਕਮੇਟੀ ਅਤੇ ਸੁਪਰੀਮ ਕੋਰਟ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਦਬਾਅ ਪਾਵੇ। ਇਸੇ ਦੌਰਾਨ 101 ਹੋਰ ਕਿਸਾਨ ਕਾਲੇ ਚੋਗੇ ਪਾ ਕੇ ਮਰਨ ਵਰਤ 'ਤੇ ਬੈਠ ਗਏ ਹਨ।


ਇਸ ਵਿਚਕਾਰ, ਕਿਸਾਨ ਆਗੂ ਦੀ ਸਿਹਤ ਸੰਭਾਲ ਕਰ ਰਹੀ ਇੱਕ ਸਵੈਸੇਵੀ ਟੀਮ ਦੇ ਆਗੂ ਡਾ. ਸਵੈਮਾਨ ਸਿੰਘ ਨੇ ਕਿਹਾ ਕਿ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਸ. ਡੱਲੇਵਾਲ ਦੇ ਸਾਰੇ ਮਹੱਤਵ ਪੂਰਨ ਅੰਗ ਗੰਭੀਰ ਰੂਪ ਵਿੱਚ ਨੁਕਸਾਨੇ ਗਏ ਹਨ। ਉਨ੍ਹਾਂ ਨੂੰ ਕਿਸੇ ਵੀ ਸਮੇਂ ਕੁਝ ਹੋ ਸਕਦਾ ਹੈ।

# ਗੁਰਦੁਆਰਾ ਬਰੁੱਕਫੀਲਡ ’ਚ ਡਾ. ਮਨਮੋਹਨ ਸਿੰਘ ਨਮਿੱਤ ਅਖੰਡ ਪਾਠ ਦੀ ਸੇਵਾ

**ਮਿਲਵਾਕੀ, ਵਿਸਕਾਨਸਿਨ:** ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਬਰੁੱਕਫੀਲਡ ਵਿਖੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਮਿੱਤ ਅਖੰਡ ਪਾਠ ਦੀ ਸੇਵਾ ਕਰਵਾਈ ਗਈ। ਭੋਗ ਉਪਰੰਤ ਗੁਰਬਾਣੀ ਕੀਰਤਨ ਦਾ ਪਰਵਾਹ ਚੱਲਿਆ ਅਤੇ ਡਾ. ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ, ਜਿਸ ਨੇ ਸੰਗਤੀ ਤੌਰ ‘ਤੇ ਸਰਦਾਰ ਮਨਮੋਹਨ ਸਿੰਘ ਦੀ ਯਾਦ ਵਿੱਚ ਇਹ ਸਮਾਗਮ ਕਰਵਾਇਆ।



ਸਵਰਗੀ ਡਾ. ਮਨਮੋਹਨ ਸਿੰਘ



ਡਾ. ਗੁਰਚਰਨ ਸਿੰਘ ਗਰੇਵਾਲ

ਇਸ ਮੌਕੇ ਬੋਲਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਡਾ. ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਇਹ ਪ੍ਰੋਗਰਾਮ ਸਿਰਫ ਤੇ ਸਿਰਫ ਡਾ. ਮਨਮੋਹਨ ਸਿੰਘ ਦੀ ਕਾਬਲੀਅਤ ਅਤੇ ਇਮਾਨਦਾਰੀ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ; ਨਾ ਕਿ ਕਿਸੇ ਸਿਆਸੀ ਪਾਰਟੀ ਨੂੰ ਸੁਪੋਰਟ ਕਰਨ ਲਈ। ਉਨ੍ਹਾਂ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਹੋਏ ਹਨ, ਜੋ ਸਿੱਖਾਂ ਲਈ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਹਨ। ਉਹ ਸਾਧਾਰਨ ਪਰਿਵਾਰ ਵਿੱਚ ਜੰਮੇ-ਪਲੇ, ਪਰਿਵਾਰ ਵਿੱਚ ਗਰੀਬੀ ਦਾ ਸਾਹਮਣਾ ਵੀ ਕੀਤਾ ਅਤੇ ਪੂਰੀ ਮਿਹਨਤ ਕਰ ਕੇ ਉਚ ਵਿਦਿਆ ਪ੍ਰਾਪਤ ਕੀਤੀ। ਉਹ ਡੂੰਘੇ ਅਰਥਸਾਸ਼ਤਰੀ ਸਨ ਅਤੇ ਵੱਖ-ਵੱਖ ਅਹੁਦਿਆਂ ‘ਤੇ ਸੇਵਾ ਨਿਭਾਉਂਦਿਆਂ ਉਹ ਸਾਲ 2004 ਤੋਂ 2014 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਉਹ ਇੰਨੇ ਦਿਆਨਤਦਾਰ ਸਨ ਕਿ ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ‘ਨਿਊ ਯਾਰਕ ਟਾਈਮਜ਼’ ਨੇ ਲਿਖਿਆ: “Finaly country had assurance that man at the very top was not a divisive person that no group, religion or individual need to feel insecure.” ਭਾਵ ਉਹ ਪੂਰੇ ਭਾਰਤ ਦੇ ਪ੍ਰਧਾਨ ਮੰਤਰੀ ਸਨ, ਨਾ ਕਿ ਕਿਸੇ ਇੱਕ ਗਰੁੱਪ ਜਾਂ ਧਰਮ ਦੇ।

ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਆਮ ਬੰਦੇ ਦੀ ਜ਼ਿੰਦਗੀ ਸੁਧਾਰਨ ਲਈ ਬਹੁਤ ਚੰਗੇ ਕੰਮ ਕੀਤੇ, ਜਿਵੇਂ ਕਿਸਾਨਾਂ ਦੀ ਕਰਜ਼ਾ ਮੁਆਫੀ, ਸੂਚਨਾ ਦਾ ਅਧਿਕਾਰ ਭਾਵ ਹਰੇਕ ਭਾਰਤੀ ਨਾਗਰਿਕ ਨੂੰ ਸਰਕਾਰੀ ਅਧਿਕਾਰੀਆਂ ਤੇ ਸੰਸਥਾਵਾਂ ਤੋਂ ਸੂਚਨਾ ਮੰਗਣ ਦਾ ਹੱਕ ਹੈ; ਕੰਮ ਦੀ ਗਾਰੰਟੀ ਜਿਸ ਨੂੰ ਮਨਰੇਗਾ ਨਾਂ ਨਾਲ ਜਾਣਿਆ ਜਾਂਦਾ ਹੈ, ਭਾਵ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਹਰ ਪਰਿਵਾਰ ਨੂੰ 100 ਦਿਨ ਕੰਮ ਦੀ ਗਾਰੰਟੀ; ਅਮਰੀਕਾ ਤੇ ਭਾਰਤ ਵਿਚਾਲੇ ਪ੍ਰਮਾਣੂ ਸੰਧੀ; ਨੈਸ਼ਨਲ ਫੂਡ ਸਿਕਿਉਰਿਟੀ ਐਕਟ; ਮੁਫਤ ਤੇ ਲਾਜ਼ਮੀ ਵਿਦਿਆ ਐਕਟ, ਜਿਸ ਦੌਰਾਨ ਜਿਨ੍ਹਾਂ ਬੱਚਿਆਂ ਨੇ ਕਦੇ ਸਕੂਲ ਦਾ ਮੂੰਹ ਨਹੀਂ ਦੇਖਿਆ, ਉਨ੍ਹਾਂ ਨੂੰ ਸਕੂਲ ਜਾਣ ਦਾ ਮੌਕਾ ਮਿਲਿਆ; ਆਧਾਰ ਕਾਰਡ ਲਾਗੂ ਕਰਨਾ, ਜਿਹੜਾ ਅੱਜ ਹਰੇਕ ਨਾਗਰਿਕ ਲਈ ਸ਼ਨਾਖਤੀ ਕਾਰਡ ਆਦਿ ਅਜਿਹੇ ਕਈ ਕੰਮ ਕੀਤੇ ਹਨ, ਜਿਨ੍ਹਾਂ ਦੀ ਸੂਚੀ ਲੰਮੀ ਹੈ।

ਡਾ. ਮਨਮੋਹਨ ਸਿੰਘ ਨੂੰ ਉਨ੍ਹਾਂ ਦੀਆਂ ਆਰਥਕ ਨੀਤੀਆਂ ਕਰ ਕੇ ਦੁਨੀਆਂ ਭਰ ਵਿੱਚ ਬੜੀ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਗਰੀਬ ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਆਪਣਾ ਪੂਰਾ ਜੀਵਨ ਲਾਇਆ। ਉਨ੍ਹਾਂ ਦੇ ਸਾਸ਼ਨ ਕਾਲ ਦੌਰਾਨ ਸਰਕਾਰ ਦੀਆਂ ਸਾਂਝੀਵਾਲ ਤੇ ਵਿਰੋਧੀ ਧਿਰਾਂ ਨੇ ਸਮੇਂ ਸਮੇਂ ਵੱਡੇ ਚੈਲੇਂਜ ਪੇਸ਼ ਕੀਤੇ, ਜਿਨ੍ਹਾਂ ਦਾ ਡਾ. ਮਨਮੋਹਨ ਸਿੰਘ ਨੇ ਬੇਖੌਫ ਹੋ ਕੇ ਸਾਹਮਣਾ ਕੀਤਾ ਅਤੇ ਆਪਣੇ ਮਿਸ਼ਨ ‘ਤੇ ਕੇਂਦਰਿਤ ਰਹੇ। ਬੇਸ਼ੱਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਵਿੱਚ ਦਲੇਰੀ ਨਹੀਂ ਹੈ, ਉਹ ਸਪਾਈਨਲੈਸ ਹਨ, ਪਰ ਜਿਸ ਤਰ੍ਹਾਂ ਆਪਣੀ ਸਰਕਾਰ ਨੂੰ ਦਾਅ ‘ਤੇ ਲਾ ਕੇ ਅਮਰੀਕਾ ਨਾਲ ਪ੍ਰਮਾਣੂ ਸੰਧੀ ‘ਤੇ ਦਸਤਖਤ ਕੀਤੇ, ਉਹ ਉਨ੍ਹਾਂ ਦੀ ਸਿਆਣਪ ਅਤੇ ਦਲੇਰੀ ਦਾ ਪ੍ਰਗਟਾਵਾ ਕਰਦੀ ਹੈ।

ਡਾ. ਗਰੇਵਾਲ ਨੇ ਕਿਹਾ ਕਿ ਜਿਹੜੇ ਲੋਕ ਇਮਾਨਦਾਰ ਤੇ ਚੰਗੇ ਪੜ੍ਹੇ-ਲਿਖੇ ਡਾ. ਮਨਮੋਹਨ ਸਿੰਘ ਨੂੰ ‘ਮੌਨ ਪ੍ਰਧਾਨ ਮੰਤਰੀ’ ਜਾਂ ‘ਐਕਸੀਡੈਂਟਲ ਪ੍ਰਾਈਮ ਮਨਿਸਟਰ’ ਕਹਿੰਦੇ ਸਨ, ਅੱਜ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਨ। ਉਨ੍ਹਾਂ ਦਾ ਜੀਵਨ ਬਹੁਤ ਸਾਦਾ ਅਤੇ ਸ਼ਾਂਤ ਸੁਭਾਅ ਵਾਲਾ ਸੀ, ਜਿਸ ਕਾਰਨ ਉਨ੍ਹਾਂ ਦਾ ਜੀਵਨ ਸਦਾ ਬੇਦਾਗ ਰਿਹਾ। ਉਨ੍ਹਾਂ ਲਈ ਆਮ ਲੋਕਾਂ ਪ੍ਰਤੀ ਪਿਆਰ ਹੀ ਸੀ ਕਿ ਉਨ੍ਹਾਂ ਨੇ ਆਮ ਜਨਤਕ ਆਰਥਕ ਸਮੱਸਿਆਵਾਂ ਨੂੰ ਸਮਝਿਆ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਉਪਰਾਲੇ ਕੀਤੇ। ਇਹ ਵੀ ਉਨ੍ਹਾਂ ਦਾ ਵਡੱਪਣ ਸੀ ਕਿ ਪੂਰੀ ਜ਼ਿੰਦਗੀ ਉਹ ਆਪਣੇ ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਤੋਂ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉਚ ਅਹੁਦੇ ’ਤੇ ਬਿਰਾਜਮਾਨ ਕੀਤਾ।

ਮੋਦੀ ਸਰਕਾਰ ਭਾਰਤ ਨੂੰ ਅੱਜ ਜੋ ਟੌਪ ਇਕਾਨਮੀ ਵਾਲਾ ਮੁਲਕ ਹੋਣ ਦੇ ਦਾਅਵੇ ਕਰ ਰਹੀ ਹੈ, ਇਸ ਸਭ ਦੀ ਨੀਂਹ ਸ. ਮਨਮੋਹਨ ਸਿੰਘ ਨੇ ਹੀ ਰੱਖੀ ਸੀ। ਡਾ. ਮਨਮੋਹਨ ਸਿੰਘ ਪਹਿਲੇ ਪ੍ਰਧਾਨ ਮੰਤਰੀ ਹੋਣਗੇ, ਜਿਨ੍ਹਾਂ ਨੇ ਆਪਣਾ ਅਹੁਦਾ ਛੱਡਣ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਨਿਵਾਸ ਖਾਲੀ ਕਰ ਦਿੱਤਾ ਸੀ। ਉਹ ਇੱਕ ਆਮ ਮਾਰੂਤੀ ਕਾਰ ਵਿੱਚ ਸਫਰ ਕਰਨ ਵਾਲੇ ਵੀ ਸ਼ਾਇਦ ਪਹਿਲੇ ਪ੍ਰਧਾਨ ਮੰਤਰੀ ਹੋਣਗੇ। ਕਿਹਾ ਜਾਂਦਾ ਹੈ ਕਿ ਜਦੋਂ ਸ. ਮਨਮੋਹਨ ਸਿੰਘ ਬੋਲਦੇ ਸਨ ਤਾਂ ਪੂਰੀ ਦੁਨੀਆਂ ਦੇ ਲੀਡਰ ਉਨ੍ਹਾਂ ਨੂੰ ਧਿਆਨ ਨਾਲ ਸੁਣਦੇ ਸਨ ਅਤੇ ਜਿਹੜੇ ਵੀ ਮੁਲਕ ਵਿੱਚ ਜਾਂਦੇ ਸਨ, ਰੈਡ ਕਾਰਪੈਟ ਵਿਛਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਸੀ।

ਡਾ. ਗੁਰਚਰਨ ਸਿੰਘ ਗਰੇਵਾਲ ਨੇ ਹਾਲ ਹੀ ਦਾ ਇੱਕ ਕਿੱਸਾ ਸਾਂਝਾ ਕਰਦਿਆਂ ਦੱਸਿਆ ਕਿ ਮੈਂ ਇੱਕ ਸੱਜਣ ਨਾਲ ਗੱਲ ਕਰ ਰਿਹਾ ਸੀ ਅਤੇ ਉਹ ਮੈਨੂੰ ਕਹਿੰਦੇ ਕਿ ਡਾ. ਮਨਮੋਹਨ ਸਿੰਘ ਨੇ ਸਿੱਖੀ ਲਈ ਕੁਝ ਨਹੀਂ ਕੀਤਾ। ਮੇਰਾ ਜਵਾਬ ਸੀ ਕਿ ਉਹ ਸਿਰਫ ਦੋ ਪ੍ਰਤੀਸ਼ਤ ਆਬਾਦੀ ਦੇ ਪ੍ਰਧਾਨ ਮੰਤਰੀ ਹੀ ਨਹੀਂ ਸਨ, ਬਲਕਿ ਸੌ ਪ੍ਰਤੀਸ਼ਤ ਲੋਕਾਂ ਦੇ ਪ੍ਰਧਾਨ ਮੰਤਰੀ ਸਨ। ਜੇ ਉਹ ਵੀ ਇਸ ਤਾਣੇ-ਬਾਣੇ ਵਿੱਚ ਉਲਝ ਜਾਂਦੇ ਤਾਂ ਸ਼ਾਇਦ ਕੁਝ ਵੀ ਨਾ ਕਰ ਸਕਦੇ ਅਤੇ ਬਾਕੀਆਂ ਦੀ ਤਰ੍ਹਾਂ ਦੰਗੇ-ਫਸਾਦ ਹੀ ਕਰਵਾਉਂਦੇ ਰਹਿੰਦੇ। ਡਾ. ਮਨਮੋਹਨ ਸਿੰਘ ਨੇ ਆਪਣਾ ਪੂਰਾ ਜੀਵਨ ਸਿੱਖੀ ਸਿਧਾਂਤ ਅਨੁਸਾਰ ਜੀਵਿਆ ਅਤੇ ਆਪਣਾ ਰਾਜਭਾਗ ਵੀ ਲੋਕਾਂ ਦੀ ਸੇਵਾ ਵਿੱਚ ਇਮਾਨਦਾਰੀ ਨਾਲ ਚਲਾਇਆ। ਇਹ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਅਕਾਲ ਚਲਾਣੇ ਤੋਂ ਕੁਝ ਮਹੀਨੇ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਨੇ ਕਿਹਾ ਸੀ: “I honestly believe that history will be kinder to me than the contemporary media, or for that matter, the Opposition parties in Parliament.” ਇਹ ਬਿਆਨ ਬਿਲਕੁਲ ਸਾਫ ਕਰਦਾ ਹੈ ਕਿ ਮੀਡੀਆ ਅਤੇ ਵਿਰੋਧੀ ਪਾਰਟੀਆਂ ਨੇ ਪੂਰਾ ਜ਼ੋਰ ਲਾਇਆ ਉਨ੍ਹਾਂ ਨੂੰ ਫੇਲ੍ਹ ਕਰਨ ਲਈ ਅਤੇ ਉਨ੍ਹਾਂ ਦੇ ਨਾਮ ਨੂੰ ਦਾਗਦਾਰ ਕਰਨ ਲਈ।

ਅਖੀਰ ਵਿੱਚ ਡਾ. ਗਰੇਵਾਲ ਨੇ ਅਰਦਾਸ ਕੀਤੀ ਕਿ ਪਰਮਾਤਮਾ ਮਿਹਰ ਕਰੇ ਕਿ ਇਹੋ ਜਿਹੇ ਵਿਦਵਾਨ ਦੁਨੀਆਂ ਵਿੱਚ ਆਉਂਦੇ ਰਹਿਣ ਅਤੇ ਲੋਕ ਭਲਾਈ ਦੇ ਕੰਮ ਕਰਦੇ ਰਹਿਣ। ਉਨ੍ਹਾਂ ਅਪੀਲ ਕੀਤੀ ਕਿ ਆਪਾਂ ਵੀ ਸਾਰੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਇਮਾਨਦਾਰੀ, ਸਹਿਨਸ਼ੀਲਤਾ ਅਤੇ ਲੋੜਵੰਦਾਂ ਦੀ ਮਦਦ ਕਰ ਕੇ ਸਿੱਖੀ ਸਿਧਾਂਤ ਅਨੁਸਾਰ ਜਿਉਣ ਦੀ ਕੋਸ਼ਿਸ਼ ਕਰੀਏ।




Harminder Kaur
Realtor
Cell: 224-848-2686

harminder.kaur@cbrealty.com
www.harminderkaur.sites.cbmoxi.com
1212 S. Naper Blvd, Ste# 122
Naperville, IL 60540

COLDWELL BANKER | REALTY

Owned by a subsidiary of Anywhere Advisors LLC.

3E Tours Offers
ਯਾਤਰਾ ਸ੍ਰੀ ਨਨਕਾਣਾ ਸਾਹਿਬ
ਪੰਜਾਬ-ਪਾਕਿਸਤਾਨ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੀ ਯਾਤਰਾ



A Journey of Hearts‘ desire Yatra of prominent holy Sikh Shrines in the Punjab-Pakistan

- Meticulously arranged & superbly conducted by a team of experienced tour operators.
- Affordable Package Price which includes Air Fare, Hotel Accommodation, Food and Transportation.

*Fully customized couple packages & Large Groups*

17 to 26 February 2025 & 17 to 26 April 2025

For contact please:
3E Tours USA
Explore–Experience–Enjoy
www.3etoursllc.com

Whatsapp:
+1-443-362-9209
asjadghani581@gmail.com
3etoursllc@gmail.com



# ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਪ੍ਰਧਾਨਗੀ ਛੱਡੀ

***ਵਿਰੋਧੀ ਅਕਾਲੀ ਗੁੱਟ ਨੇ ਇਸ ਨੂੰ ਡਰਾਮਾ ਕਰਾਰ ਦਿੱਤਾ *ਨਵੀਂ ਭਰਤੀ ਲਈ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਕਮੇਟੀ ਦਰਕਿਨਾਰ***

**ਪੰਜਾਬੀ ਪਰਵਾਜ਼ ਬਿਊਰੋ**

ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਚੰਡੀਗੜ੍ਹ ਵਿੱਚ ਲੰਘੀ 10 ਜਨਵਰੀ ਨੂੰ ਹੋਈ ਇੱਕ ਮੀਟਿੰਗ ਵਿੱਚ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ। ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਪਾਰਟੀ ਦੀ ਅਗਵਾਈ ਕਰਦੇ ਰਹਿਣਗੇ। 1996 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਅਕਾਲੀ ਦਲ ਦੀ ਪ੍ਰਧਾਨਗੀ ਬਾਦਲ ਪਰਿਵਾਰ ਤੋਂ ਵਿਰਵੀ ਹੋਈ ਹੈ।

ਯਾਦ ਰਹੇ, ਸੁਖਬੀਰ ਸਿੰਘ ਬਾਦਲ ਨੇ ਅਸਤੀਫਾ 16 ਨਵੰਬਰ ਨੂੰ ਦਿੱਤਾ ਸੀ। ਇਸ ਪਿੱਛੋਂ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪਾਰਟੀ ਆਗੂਆਂ ਵੱਲੋਂ ਦਿੱਤੇ ਗਏ ਅਸਤੀਫਿਆਂ ਨੂੰ ਮਨਜ਼ੂਰ ਕਰਕੇ ਤਿੰਨ ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਕਰਨ ਲਈ ਕਿਹਾ ਸੀ; ਪਰ ਅਕਾਲੀ ਦਲ ਵੱਲੋਂ ਇਹ ਬਹਾਨਾ ਬਣਾਇਆ ਜਾ ਰਿਹਾ ਸੀ ਕਿ ਵਰਕਿੰਗ ਕਮੇਟੀ ਵੱਲੋਂ ਉਨ੍ਹਾਂ ਦਾ ਅਸਤੀਫਾ ਨਾਮਨਜ਼ੂਰ ਕਰ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਨੌਜਵਾਨ ਅਕਾਲੀ ਆਗੂਆਂ ਵੱਲੋਂ ਵੀ ਸੁਖਬੀਰ ਦੇ ਨਾਲ ਹੀ ਅਸਤੀਫੇ ਦੇਣ ਕਾਰਨ ਪਾਰਟੀ ਵਿੱਚ ਸੰਕਟ ਖੜ੍ਹਾ ਹੋ ਗਿਆ ਹੈ। ਇਸ ਦਰਮਿਆਨ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ- ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ ਤੇ ਸੁਰਜੀਤ ਸਿੰਘ ਰੱਖੜਾ ਨੇ ਸੁਖਬੀਰ ਦੇ ਅਸਤੀਫੇ ਨੂੰ ਇੱਕ ਡਰਾਮਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਬਣਾਉਣ ਲਈ ਕੀਤੀ ਜਾ ਰਹੀ ਕਵਾਇਦ ਮਾਤਰ ਹੈ।

ਬੀਤੀ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਆਪਣੇ ਇੱਕ ਹੁਕਮਨਾਮੇ ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਆਦੇਸ਼ ਕੀਤਾ ਗਿਆ ਸੀ ਕਿ ਜਿਹੜੇ ਵੀ ਪਾਰਟੀ ਆਗੂਆਂ ਨੇ ਅਸਤੀਫੇ ਦਿੱਤੇ ਹਨ, ਉਨ੍ਹਾਂ ਨੂੰ ਮਨਜ਼ੂਰ ਕਰਕੇ 3 ਦਿਨਾਂ ਦੇ ਅੰਦਰ-ਅੰਦਰ ਅਕਾਲ ਤਖਤ ਸਾਹਿਬ ਦੀ ਸਕੱਤਰੇਤ 'ਤੇ ਰਿਪੋਰਟ ਕੀਤਾ ਜਾਵੇ; ਪਰ ਅਕਾਲੀ ਦਲ ਵੱਲੋਂ ਪਹਿਲਾਂ ਇਸ ਮਕਸਦ ਲਈ 20 ਦਿਨ ਲੈ ਲਏ ਗਏ ਅਤੇ ਬਾਅਦ ਵਿੱਚ ਸੰਵਿਧਾਨਿਕ ਅੜਿੱਕਿਆਂ ਦੀ ਗੱਲ ਕਹੀ ਜਾਣ ਲੱਗ ਪਈ। ਇਸ ਵਿੱਚ



■ ਚੰਡੀਗੜ੍ਹ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਾਣ ਸਮੇਂ ਸੁਖਬੀਰ ਸਿੰਘ ਬਾਦਲ

ਕਿਹਾ ਜਾਂਦਾ ਰਿਹਾ ਕਿ ਜੇ ਅਕਾਲੀ ਦਲ, ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੇ ਸਿਆਸੀ ਪੱਖ ਨੂੰ ਸਵੀਕਾਰ ਕਰਦਾ ਹੈ ਤਾਂ ਇਸ ਨਾਲ ਚੋਣ ਕਮਿਸ਼ਨ ਵੱਲੋਂ ਪਾਰਟੀ ਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਆਪਣੇ ਇਸ ਦਾਅਵੇ ਦੇ ਪੱਖ ਵਿੱਚ ਅਕਾਲੀ ਦਲ ਵੱਲੋਂ ਕਈ ਵਕੀਲਾਂ ਦੀ ਰਾਏ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸੌਂਪੀ ਗਈ। ਇਸ ਪੱਖੋਂ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਅਤੇ ਕਈ ਹੋਰ ਸਿੱਖ ਸੰਗਠਨਾਂ ਨੇ ਅਕਾਲ ਤਖਤ ਸਾਹਿਬ ਕੋਲ ਇਹ ਪੱਖ ਵੀ ਰੱਖਿਆ ਕਿ ਅਕਾਲੀ ਦਲ ਦਾ ਤੇ ਜਨਮ ਹੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਵਿੱਚੋਂ ਹੋਇਆ ਹੈ ਅਤੇ ਪਾਰਟੀ ਵੱਲੋਂ ਅਨੇਕਾਂ ਅਜਿਹੇ ਮੋਰਚੇ ਲਗਾਏ ਗਏ ਹਨ, ਜਿਨ੍ਹਾਂ ਦੇ ਜਥੇ ਅਕਾਲ ਤਕਤ ਸਾਹਿਬ ਤੋਂ ਤੋਰੇ ਜਾਂਦੇ ਰਹੇ ਹਨ। ਧਰਮ ਯੁੱਧ ਮੋਰਚੇ ਅਤੇ ਐਮਰਜੈਂਸੀ ਵੇਲੇ ਵੀ ਅਕਾਲ ਤਖਤ ਸਾਹਿਬ ਤੋਂ ਜਥੇ ਭੇਜੇ ਜਾਂਦੇ ਰਹੇ ਹਨ।

ਇਸ ਤੋਂ ਬਿਨਾ ਮੁਸਲਮਾਨਾਂ ਦੀ ਇੱਕ ਨਿਰੋਲ ਮੁਸਲਿਮ ਪਾਰਟੀ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਸਭ ਤੋਂ ਵੱਡੀ ਗੱਲ ਇਹ ਕਿ ਬੀਤੇ ਵਰ੍ਹੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇੱਕ 'ਮਹਾਨ ਹਿੰਦੂ' ਵਜੋਂ ਅਯੋਧਿਆ ਵਿਖੇ ਰਾਮ ਮੰਦਰ ਦਾ ਉਦਘਾਟਨ ਕੀਤਾ ਸੀ। ਚੋਣਾਂ ਵਿੱਚ ਤਾਂ ਆਮ ਹੀ ਉਹ ਧਾਰਮਿਕ ਘੱਟਗਿਣਤੀਆਂ ਖਿਲਾਫ ਭੱਦੀ ਭਾਸ਼ਾ ਦਾ ਪ੍ਰਯੋਗ ਕਰਦੇ ਵੇਖੇ ਗਏ ਹਨ। ਇਸ ਦਰਮਿਆਨ ਅਕਾਲੀ ਦਲ ਦੇ ਆਗੂਆਂ ਨੇ ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਸੇਵਾ ਤਾਂ ਨਿਭਾਅ ਦਿੱਤੀ ਹੈ, ਪਰ ਤਖਤ ਵੱਲੋਂ ਜਾਰੀ ਕੀਤੇ ਸਿਆਸੀ ਤਰਜ਼ ਦੇ ਆਦੇਸ਼ਾਂ ਨੂੰ ਮੰਨਣ ਤੋਂ ਟਾਲਾ ਵੱਟਣ ਦਾ ਯਤਨ ਕੀਤਾ ਜਾ ਰਿਹਾ ਹੈ। ਜਾਪਦਾ ਹੈ ਕਿ ਅਕਾਲੀ ਦਲ (ਬਾਦਲ) ਦੀ ਲੀਡਰਸ਼ਿੱਪ ਆਪਣੀ ਸਹੂਲਤ ਮੁਤਾਬਕ ਅਤੇ ਆਪਣੀ ਮਰਜ਼ੀ ਨਾਲ ਹੁਕਮਨਾਮੇ ਦੇ ਕੁਝ ਹਿੱਸਿਆਂ 'ਤੇ ਅਮਲ ਕਰਨ ਦਾ ਯਤਨ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਨਾਲ ਡਾ. ਦਲਜੀਤ ਸਿੰਘ ਚੀਮਾ ਸਮੇਤ ਕੁਝ ਹੋਰ ਨੌਜਵਾਨ ਆਗੂਆਂ ਨੇ ਵੀ ਅਸਤੀਫੇ ਦਿੱਤੇ ਸਨ, ਪਰ ਉਨ੍ਹਾਂ ਦੇ ਅਸਤੀਫੇ ਪਰਵਾਨ ਨਹੀਂ ਕੀਤੇ ਗਏ। ਜਦੋਂ ਕਿ ਜਥੇਦਾਰ ਸਾਹਿਬਾਨ ਨੇ ਸਾਰੇ ਅਸਤੀਫੇ ਮਨਜ਼ੂਰ ਕਰਨ ਲਈ ਕਿਹਾ ਸੀ। ਇਹ ਇੱਕ ਤਰ੍ਹਾਂ ਨਾਲ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਬਣਦੀ ਹੈ। ਅਕਾਲੀ ਆਗੂਆਂ ਵੱਲੋਂ ਆਪਣੇ ਗੁਨਾਹ ਪ੍ਰਵਾਨ ਕਰ ਲਏ ਜਾਣ ਤੋਂ ਪਿੱਛੋਂ ਅਕਾਲ ਤਖਤ ਵੱਲੋਂ ਆਪਣੇ ਹੁਕਮਨਾਮੇ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਅਕਾਲੀ ਦਲ ਦੀ ਇਹ ਲੀਡਰਸ਼ਿਪ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ। ਇਸ ਦੇ ਨਾਲ ਹੀ ਜਥੇਦਾਰ ਸਾਹਿਬ ਵੱਲੋਂ ਨਵੀਂ ਲੀਡਰਸ਼ਿਪ ਚੁਣਨ ਲਈ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਭਾਈ ਅਮਰੀਕ ਸਿੰਘ ਦੀ ਬੇਟੀ ਸਤਵੰਤ ਕੌਰ ਅਤੇ ਇਕਬਾਲ ਸਿੰਘ ਝੂੰਦਾ ਨੂੰ ਕਮੇਟੀ ਦੇ ਮੈਂਬਰ ਬਣਾਇਆ ਸੀ।

ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਉਪਰੋਕਤ ਕਮੇਟੀ ਨੂੰ ਦਰਕਿਨਾਰ ਕਰਕੇ ਇਸ ਵਿਚਲੇ 5 ਆਗੂਆਂ ਦੀਆਂ ਵੱਖ-ਵੱਖ ਖੇਤਰਾਂ ਵਿੱਚ ਨਵੀਂ ਭਰਤੀ ਕਰਨ ਲਈ ਨਿਗਰਾਨਾਂ ਵਜੋਂ ਡਿਊਟੀਆਂ ਲਗਾ ਦਿੱਤੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜੰਮੂ-ਕਸ਼ਮੀਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਨਿਗਰਾਨ ਨਿਯੁਕਤ ਕੀਤਾ ਗਿਆ ਹੈ। ਸਮੁੱਚੇ ਮਾਲਵੇ ਦੀ ਭਰਤੀ ਦੀ ਨਿਗਰਾਨੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸੌਂਪੀ ਗਈ ਹੈ। ਰਾਜਸਥਾਨ ਵਿੱਚ ਭਰਤੀ ਦੀ ਨਿਗਰਾਨੀ ਮਨਪ੍ਰੀਤ ਸਿੰਘ ਇਆਲੀ ਨੂੰ ਸੌਂਪੀ ਗਈ ਹੈ, ਜਦਕਿ ਸੰਤਾ ਸਿੰਘ ਉਮੈਦਪੁਰੀ ਨੂੰ ਹਿਮਾਚਲ ਪ੍ਰਦੇਸ਼ ਦਾ ਨਿਗਰਾਨ ਨਿਯੁਕਤ ਕੀਤਾ ਗਿਆ ਹੈ। ਇਕਬਾਲ ਸਿੰਘ ਝੂੰਦਾ ਨੂੰ ਮਲੇਰਕੋਟਲੇ ਜ਼ਿਲ੍ਹੇ ਦੀ ਨਵੀਂ ਭਰਤੀ ਦੀ ਨਿਗਰਾਨੀ ਸੌਂਪੀ ਗਈ ਹੈ। ਇਸ ਤਰ੍ਹਾਂ ਵਰਕਿੰਗ ਕਮੇਟੀ ਵੱਲੋਂ ਨਵੀਂ ਭਰਤੀ ਲਈ ਕੁੱਲ 13 ਨਿਗਰਾਨ ਨਿਯੁਕਤ ਕੀਤੇ ਗਏ ਹਨ। ਸਮੁੱਚੀ ਪ੍ਰਕਿਰਿਆ ਦੀ ਦੇਖ-ਰੇਖ ਡਾ. ਦਲਜੀਤ ਸਿੰਘ ਚੀਮਾ ਨੂੰ ਕਰਨ ਲਈ ਕਿਹਾ ਗਿਆ ਹੈ।


ਅਕਾਲੀ ਦਲ ਦਾ ਵਿਰੋਧੀ ਧੜਾ ਮੰਗ ਕਰ ਰਿਹਾ ਹੈ ਕਿ ਅਕਾਲੀ ਦਲ ਦੇ ਨਵੇਂ ਮੈਂਬਰਾਂ ਦੀ ਭਰਤੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਵੱਲੋਂ ਹੀ ਕਰਵਾਈ ਜਾਵੇ। ਇਸ ਦੀ ਅਣਹੋਂਦ ਵਿੱਚ ਬਾਦਲ ਗੁੱਟ ਫਿਰ ਆਪਣੀ ਸਰਦਾਰੀ ਕਾਇਮ ਕਰਨ ਦਾ ਯਤਨ ਕਰੇਗਾ। ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਦੇ ਬਹੁਗਿਣਤੀ ਮੈਂਬਰ ਵੀ ਇਸ ਦੇ ਪੱਖ ਵਿੱਚ ਹਨ ਕਿ ਅਕਾਲ ਤਖਤ ਸਾਹਿਬ ਵੱਲੋਂ ਕਾਇਮ ਕੀਤੀ ਗਈ ਕਮੇਟੀ ਨਵੀਂ ਭਰਤੀ ਦਾ ਕਾਰਜ ਨੇਪਰੇ ਚਾੜ੍ਹੇ। ਵਿਰੋਧੀ ਧੜੇ ਦੇ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੰਤਾ ਸਿੰਘ ਉਮੈਦਪੁਰੀ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਸਾਫ ਕਰ ਦਿੱਤਾ ਕਿ ਉਹ ਬਾਦਲ ਦਲ ਵੱਲੋਂ ਆਪਣੇ ਤੌਰ 'ਤੇ ਕੀਤੀ ਜਾ ਰਹੀ ਭਰਤੀ ਦਾ ਮੁੱਦਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲ ਉਠਾਉਣਗੇ ਅਤੇ ਇਸ ਮਾਮਲੇ ਵਿੱਚ ਦਖਲ ਦੇਣ ਦੀ ਮੰਗ ਕਰਨਗੇ।

ਸੁਣਨ ਵਿੱਚ ਇਹ ਵੀ ਆਇਆ ਹੈ ਕਿ ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਹੂਬਹੂ ਲਾਗੂ ਕਰਨ ਦੇ ਪੱਖ ਵਿੱਚ ਹਨ। ਇਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਨਾਮੇ ਤੋਂ ਭਗੌੜੇ ਹੋਣ ਦਾ ਯਤਨ ਕਰ ਰਹੀ ਸੁਖਬੀਰ ਪੱਖੀ ਲੀਡਰਸ਼ਿਪ ਦੇ ਖਿਲਾਫ ਅਕਾਲੀ ਦਲ ਦੇ ਅੰਦਰਵਾਰ ਵੀ ਇੱਕ ਵਿਰੋਧ ਵਿਖਾਈ ਦੇ ਰਿਹਾ ਹੈ। ਇਹ ਵਿਰੋਧ ਕਿਸੇ ਵੱਡੀ ਦੁਫੇੜ ਜਾਂ ਬਗਾਵਤ ਵਿੱਚ ਬਦਲਦਾ ਹੈ ਜਾਂ ਸਥਾਪਤ ਲੀਡਰਸ਼ਿਪ ਵੱਲੋਂ ਸ਼ਾਂਤ ਕਰ ਲਿਆ ਜਾਂਦਾ ਹੈ, ਇਸ ਦਾ ਪਤਾ ਆਉਣ ਵਾਲੇ ਸਮੇਂ ਵਿੱਚ ਹੀ ਲੱਗੇਗਾ!

# ਸਿੱਖ ਕੌਮ ਦਾ ਨਾਂ ਉੱਚਾ ਕਰਨ ਵਾਲੇ ਡਾ. ਮਾਰਵਾਹ ਨਹੀਂ ਰਹੇ

**ਲਾਸ ਏਂਜਲਸ (ਪੰਜਾਬੀ ਪਰਵਾਜ਼ ਬਿਊਰੋ):** ਅਮਰੀਕਾ 'ਚ ਸਿੱਖ ਕੌਮ ਦਾ ਨਾਂ ਉੱਚਾ ਕਰਨ ਵਾਲੇ ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਾਰਵਾਹ ਲੰਘੀ 7 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਹਨ। ਫਰਵਰੀ ਮਹੀਨੇ ਉਨ੍ਹਾਂ ਨੇ 99 ਸਾਲ ਦੇ ਹੋ ਜਾਣਾ ਸੀ। ਡਾ. ਮਾਰਵਾਹ ਇੱਕ ਸਫਲ ਪੇਸ਼ੇਵਰ, ਪ੍ਰਤੀਬੱਧ ਨਾਗਰਿਕ ਸਨ ਅਤੇ ਇੱਕ ਸਮਰਪਿਤ ਸਿੱਖ ਸਨ, ਜਿਸਨੇ ਬਹੁਤ ਸਾਰੇ ਲੋਕਾਂ ਦੇ ਜੀਵਨ ਵਿੱਚ ਵੱਡਾ ਯੋਗਦਾਨ ਪਾਇਆ। 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੇ ਹਾਲੀਵੁੱਡ ਸਿੱਖ ਟੈਂਪਲ ਬਣਾਉਣ ਲਈ ਲੋੜੀਂਦੀ ਇਮਾਰਤ ਅਤੇ ਜਾਇਦਾਦ ਦਾਨ ਕੀਤੀ। ਉਨ੍ਹਾਂ ਲਾਸ ਏਂਜਲਸ ਵਿੱਚ ਗੁਰਦੁਆਰੇ ਦੀ ਸ਼ੁਰੂਆਤੀ ਉਸਾਰੀ ਅਤੇ ਬਾਅਦ ਵਿੱਚ ਮੁਰੰਮਤ ਲਈ ਵੀ ਫੰਡ ਦਿੱਤੇ।

ਡਾ. ਮਾਰਵਾਹ ਡਾਕਟਰਾਂ ਦੇ ਪਰਿਵਾਰ ਤੋਂ ਆਏ, ਪੰਜਾਬ ਦੇ ਕੋਟਕਪੂਰਾ ਵਿੱਚ ਵੱਡੇ ਹੋਏ ਅਤੇ ਲਾਹੌਰ ਦੇ ਡੈਂਟਲ ਕਾਲਜ ਵਿੱਚ ਪੜ੍ਹੇ ਤੇ 1947 ਵਿੱਚ ਗ੍ਰੈਜੂਏਸ਼ਨ ਕੀਤੀ। 1953 ਵਿੱਚ ਪੰਜਾਬ ਵਿੱਚ ਦੰਦਾਂ ਦੇ ਡਾਕਟਰ ਵਜੋਂ 4 ਸਾਲ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੂੰ ਫੁੱਲਬ੍ਰਾਈਟ ਸਕਾਲਰਸ਼ਿਪ ਦੀ ਪੇਸ਼ਕਸ਼ ਹੋਈ ਅਤੇ ਨਿਊ ਯਾਰਕ ਵਿੱਚ ਗੁਗੇਨਹੇਮ ਡੈਂਟਲ ਫਾਊਂਡੇਸ਼ਨ ਵਿੱਚ ਬਤੌਰ ਪੋਸਟ ਗ੍ਰੈਜੂਏਟ ਕੰਮ ਕੀਤਾ। ਇੱਕ ਸਾਲ ਬਾਅਦ ਉਨ੍ਹਾਂ ਨੂੰ ਸ਼ਿਕਾਗੋ ਵਿੱਚ ਯੂਨੀਵਰਸਿਟੀ ਆਫ਼ ਇਲੀਨਾਏ ਡੈਂਟਲ ਕਾਲਜ ਵਿੱਚ ਦੰਦਾਂ ਦੇ ਵਿਗਿਆਨ ਵਿੱਚ ਮਾਸਟਰ ਆਫ਼ ਸਾਇੰਸ ਨੂੰ ਪੂਰਾ ਕਰਨ ਲਈ ਇੱਕ ਸਕਾਲਰਸ਼ਿਪ ਦਿੱਤੀ ਗਈ। 1956 ਵਿੱਚ ਡਾ. ਮਾਰਵਾਹ ਵਾਸ਼ਿੰਗਟਨ ਡੀ.ਸੀ. ਵਿੱਚ ਹਾਵਰਡ ਯੂਨੀਵਰਸਿਟੀ ਵਿੱਚ ਦੰਦਾਂ ਦੀ ਸਰਜਰੀ ਦੀ ਆਪਣੀ ਡਾਕਟਰੇਟ ਪੂਰੀ ਕਰਨ ਲਈ ਚਲੇ ਗਏ ਅਤੇ ਫਿਰ ਉਹ ਮੈਲਬੂ, ਕੈਲੀਫੋਰਨੀਆ ਵਿੱਚ ਸੈਟਲ ਹੋ ਗਏ, ਜਿੱਥੇ ਹਾਲੀਵੁੱਡ ਮਸ਼ਹੂਰ ਹਸਤੀਆਂ ਜਿਵੇਂ ਕਿ ਐਲਿਜ਼ਾਬੈਥ ਟੇਲਰ, ਗ੍ਰੈਗਰੀ ਪੇਕ ਅਤੇ ਸਿਡਨੀ ਪੋਟੀਏਰ ਉਨ੍ਹਾਂ ਦੇ ਗਾਹਕ ਬਣੇ। ਉਨ੍ਹਾਂ ਨੇ ਯੂ.ਐੱਸ.ਸੀਜ਼ ਡੈਂਟਲ ਕਲਿਨਿਕ ਵਿਖੇ ਘੱਟ ਆਮਦਨੀ ਵਾਲੇ ਗਾਹਕਾਂ ਦਾ ਵੀ ਇਲਾਜ ਕੀਤਾ। ਫਿਲਮ ਸਟਾਰ- ਸੁਨੀਲ ਦੱਤ, ਦਲੀਪ ਕੁਮਾਰ ਤੇ ਕਪੂਰ ਭਰਾਵਾਂ ਦਾ ਵੀ ਟਿਕਾਣਾ ਇਨ੍ਹਾਂ ਦਾ ਹੀ ਘਰ ਰਿਹਾ ਹੈ ਅਤੇ ਕੋਈ ਸਿੱਖ ਜਥੇਦਾਰ ਤੇ ਲੀਡਰ ਨਹੀਂ, ਜਿਹੜਾ ਇਨ੍ਹਾਂ ਕੋਲ ਨਹੀਂ ਆਇਆ ਤੇ ਨਾ ਵਾਕਿਫ ਹੋਵੇ!





■ 1953 'ਚ ਅਮਰੀਕਾ ਪਹੁੰਚਣ 'ਤੇ ਡਾ. ਅਮਰਜੀਤ ਸਿੰਘ ਮਾਰਵਾਹ (ਵਿਚਕਾਰ), ਆਪਣੇ ਦੋਸਤਾਂ ਨਾਲ

ਉਨ੍ਹਾਂ ਨੇ 100 ਤੋਂ ਵੱਧ ਭਾਰਤੀ-ਅਮਰੀਕੀ ਵਿਦਿਆਰਥੀਆਂ ਲਈ ਵਜ਼ੀਫ਼ੇ ਲਈ ਫੰਡ ਦਿੱਤੇ ਅਤੇ ਆਪਣੇ ਅਲਮਾ ਮੈਟਰ ਹਾਵਰਡ ਯੂਨੀਵਰਸਿਟੀ ਕਾਲਜ ਆਫ਼ ਡੈਂਟਿਸਟਰੀ ਵਰਗੀਆਂ ਸੰਸਥਾਵਾਂ ਨੂੰ ਸਹਾਇਤਾ ਦਿੱਤੀ। ਉਨ੍ਹਾਂ ਨੇ ਮਾਰਵਾਹ ਕੰਪਰੀਹੈਂਸਿਵ ਕੇਅਰ ਕਲਿਨਿਕ ਅਤੇ ਯੂਨੀਵਰਸਿਟੀ ਆਫ਼ ਇਲੀਨਾਏ ਕਾਲਜ ਆਫ਼ ਡੈਂਟਿਸਟਰੀ ਦੀ ਸਥਾਪਨਾ ਲਈ ਤਿੰਨ ਲੱਖ ਡਾਲਰ ਦਾ ਯੋਗਦਾਨ ਪਾਉਣ ਦੇ ਨਾਲ ਨਾਲ 'ਡਾ. ਅਮਰਜੀਤ ਸਿੰਘ ਮਾਰਵਾਹ ਅਤੇ ਸ੍ਰੀਮਤੀ ਕੁਲਜੀਤ ਕੌਰ ਮਾਰਵਾਹ ਫੈਕਲਟੀ ਐਂਡੋਮੈਂਟ ਫੰਡ' ਲਈ ਢਾਈ ਲੱਖ ਡਾਲਰ ਦਾ ਯੋਗਦਾਨ ਪਾਇਆ। ਭਾਰਤ ਵਿੱਚ ਉਹ ਪੰਜਾਬ ਐਂਡ ਸਿੰਧ ਬੈਂਕ ਦੇ ਡਾ. ਇੰਦਰਜੀਤ ਸਿੰਘ ਦੇ ਨਾਲ ਬੈਂਕ ਆਫ਼ ਪੰਜਾਬ ਦੇ ਸਹਿ-ਸੰਸਥਾਪਕ ਸਨ। ਉਨ੍ਹਾਂ ਨੇ ਵੀ ਪੰਜਾਬ ਵਿੱਚ ਬਹੁਤ ਸਾਰੇ ਮਾਨਵਤਾਵਾਦੀ ਅਤੇ ਵਿਦਿਅਕ ਕਾਰਜਾਂ 'ਤੇ 12 ਕਰੋੜ ਰੁਪਏ ਦਾ ਨਿਵੇਸ਼ ਕੀਤਾ। ਡਾ. ਮਾਰਵਾਹ ਨੇ ਆਪਣੀ ਪਤਨੀ ਕੁਲਜੀਤ ਕੌਰ ਮਾਰਵਾਹ ਦੇ ਨਾਮ 'ਤੇ ਫਰੀਦਕੋਟ, ਪੰਜਾਬ ਵਿੱਚ ਕੇ.ਕੇ. ਮਾਰਵਾਹ ਗਰਲਜ਼ ਕਾਲਜ ਸ਼ੁਰੂ ਕੀਤਾ। ਮਹਿੰਦਰਾ ਕਾਲਜ, ਪਟਿਆਲਾ ਵਿੱਚ ਉਨ੍ਹਾਂ ਨੇ ਇੱਕ ਆਡੀਟੋਰੀਅਮ (ਆਪਣੀ ਸੱਸ, ਕਰਤਾਰ ਕੌਰ ਸੋਢੀ ਦੇ ਨਾਮ 'ਤੇ) ਬਣਾਉਣ ਵਿੱਚ ਮਦਦ ਕੀਤੀ। ਗੁਰੂ ਕੀ ਢਾਬ ਪਿੰਡ ਦਾ ਸੀਵਰੇਜ ਪੁਆ ਕੇ ਲਾਇਬ੍ਰੇਰੀ ਅਤੇ ਪੰਚਾਇਤ ਘਰ ਬਣਾਇਆ। ਹੁਣ ਵੀ ਕਈ ਵਿਦਿਆਰਥੀ ਇਨ੍ਹਾਂ ਵੱਲੋਂ ਦਿੱਤੇ ਵਜ਼ੀਫ਼ੇ 'ਤੇ ਪੜ੍ਹਦੇ ਹਨ।

ਡਾ. ਮਾਰਵਾਹ ਨੇ 1950 ਦੇ ਦਹਾਕੇ 'ਚ ਨੌਕਰੀ ਪਿੱਛੇ ਦਸਤਾਰ ਉਤਾਰਨ ਤੋ ਨਾਂਹ ਕਰ ਦਿੱਤੀ ਸੀ। ਅਮਰੀਕਾ ਦੀਆਂ ਦੋ ਯੂਨੀਵਰਸਿਟੀਆਂ ਨੇ ਇਨ੍ਹਾਂ ਦੇ ਸਤਿਕਾਰ 'ਚ ਦੰਦਾਂ ਦੀ ਡਾਕਟਰੀ ਤੇ ਵੱਖਰੇ ਯੂਨਿਟ ਬਣਾ ਕੇ ਮਾਣ ਦਿੱਤਾ ਹੈ ਅਤੇ ਦੱਖਣੀ ਕੈਲੀਫੋਰਨੀਆ ਲਾਸ ਏਂਜਲਸ ਦੇ ਪਹਿਲੇ ਗੁਰਦੁਆਰੇ ਦੇ ਬਾਹਰ ਜਿਹੜਾ ਇਨ੍ਹਾਂ ਦਾ ਪਹਿਲਾ ਘਰ ਸੀ, ਲਾਸ ਏਂਜਲਸ ਸ਼ਹਿਰ ਵੱਲੋਂ ਸਕੂਏਅਰ ਦਾ ਨਾਂ ਡਾ. ਮਾਰਵਾਹ ਰੱਖਿਆ ਹੈ (ਇਹ ਅਮਰੀਕਾ ਦਾ ਦੂਜਾ ਜਾਂ ਤੀਜਾ ਗੁਰਦੁਆਰਾ ਸੀ, ਜੋ 1969 'ਚ ਬਣਿਆ ਸੀ)। ਸ਼ਾਇਦ ਹੀ ਕੋਈ ਭਾਰਤੀ ਜਾਂ ਸਿੱਖ ਅਮਰੀਕਾ ਦੀ ਰਾਜਨੀਤੀ 'ਚ ਹੋਵੇ, ਜਿਸ ਨੇ ਇਨ੍ਹਾਂ ਕੋਲੋਂ ਮਦਦ ਨਾ ਲਈ ਹੋਵੇ। ਡਾ. ਮਾਰਵਾਹ ਰਾਜਨੀਤੀ ਵਿੱਚ ਵੀ ਸਰਗਰਮ ਰਹੇ ਅਤੇ ਅਮਰੀਕਾ ਦੇ ਨਾਲ-ਨਾਲ ਭਾਰਤ ਵਿੱਚ ਵਾਪਸ ਘਰ ਵਿੱਚ ਆਪਣੇ ਭਾਈਚਾਰੇ ਵਿੱਚ ਡੂੰਘਾ ਨਿਵੇਸ਼ ਕੀਤਾ। ਉਨ੍ਹਾਂ ਨੇ ਦਲੀਪ ਸਿੰਘ ਸੌਂਦ ਦੀ ਅਮਰੀਕਾ ਵਿੱਚ ਪਹਿਲੇ ਏਸ਼ੀਅਨ ਕਾਂਗਰਸਮੈਨ ਬਣਨ ਦੀ ਮੁਹਿੰਮ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਦੀ ਮਾਲੀ ਮਦਦ ਕੀਤੀ। 2023 ਵਿੱਚ ਫਿਲਮ ਨਿਰਮਾਤਾ ਮ੍ਰਿਦੂ ਚੰਦਰਾ ਨੇ ਡਾ. ਮਾਰਵਾਹ ਨਾਲ ਇੱਕ ਆਗਾਮੀ ਦਸਤਾਵੇਜ਼ੀ ਫਿਲਮ ਬਾਰੇ ਇੱਕ ਇੰਟਰਵਿਊ ਕੀਤੀ ਕਿ ਕਿਵੇਂ ਦਲੀਪ ਸਿੰਘ ਸੌਂਦ ਅਮਰੀਕਾ ਦੇ ਇਤਿਹਾਸ ਵਿੱਚ ਪਹਿਲੇ ਏਸ਼ਿਆਈ, ਭਾਰਤੀ ਅਤੇ ਸਿੱਖ ਕਾਂਗਰਸਮੈਨ ਬਣੇ।

ਡਾ. ਮਾਰਵਾਹ 50ਵੇਂ ਦਹਾਕੇ 'ਚ ਅਮਰੀਕਾ 'ਚ ਟਾਂਵੇ ਟਾਂਵੇ ਭਾਰਤੀਆਂ 'ਚੋਂ ਪੜ੍ਹੇ-ਲਿਖੇ ਪਹਿਲੇ ਪਗੜੀ ਧਾਰੀ ਡਾਕਟਰ ਸਨ, ਜਿਨ੍ਹਾਂ ਨੇ ਮਿਹਨਤ ਕਰਕੇ ਆਪਣੇ ਆਪ ਨੂੰ ਖੜ੍ਹਾ ਕੀਤਾ। ਅਮਰੀਕਾ 'ਚ ਹਰ ਨੌਜਵਾਨ ਜਿਹੜਾ ਸਿੱਖ ਜਾਂ ਦੱਖਣੀ ਏਸ਼ੀਆ ਤੋਂ ਆਇਆ ਹੋਇਆ ਸੀ, ਡਾ. ਮਾਰਵਾਹ ਦੇ ਨਾਂ ਨਾਲ ਵਾਕਿਫ ਰਿਹਾ ਹੈ। ਡਾ. ਮਾਰਵਾਹ ਤੇ ਉਨ੍ਹਾਂ ਦੀ ਪਤਨੀ ਹਰ ਹਫ਼ਤੇ ਕਈ ਦਰਜਨ ਭਾਰਤੀ ਵਿਦਿਆਰਥੀਆਂ, ਜਿਨ੍ਹਾਂ ਦਾ ਕੋਈ ਟਿਕਾਣਾ ਨਹੀਂ ਸੀ, ਲਈ ਖਾਣਾ ਤਿਆਰ ਕਰਦੇ ਸਨ। ਫੇਰ ਗੁਰਦੁਆਰਾ ਸ਼ੁਰੂ ਕੀਤਾ ਤੇ ਲੰਗਰ ਵੀ ਆਪ ਤਿਆਰ ਕਰਦੇ। ਮੈਲਬੂ 'ਚ ਸਮੁੰਦਰ ਕਿਨਾਰੇ ਬੰਗਲਾ ਬਣਾ ਲਿਆ, ਜਿੱਥੇ ਹੁਣ ਤੱਕ ਕੌਮੀ ਕਾਰਜਾਂ ਲਈ ਇਕੱਠ ਹੁੰਦੇ ਹਨ ਅਤੇ ਕਈ ਲੋਕਾਂ ਦੇ ਵਿਆਹ ਹੁੰਦੇ ਹਨ।

# ਸਾਹਾਂ ਨਾਲ ਕਿਸਾਨ ਸੰਘਰਸ਼ ਨੂੰ ਸਿੰਜ ਰਿਹੈ ਡੱਲੇਵਾਲ

## ਅਦਬੀ ਸ਼ਖਸ



**ਗੁਰਨਾਮ ਸਿੰਘ ਚੌਹਾਨ**
**ਫੋਨ: +91-94630-37399**

## ਖੇਤਾਂ ਦੇ ਜਾਏ ਸਭ ਮੇਰਾ ਪਰਿਵਾਰ ਹੈ-ਡੱਲੇਵਾਲ

ਦਿੱਲੀ ਅੰਦੋਲਨ ਪਿੱਛੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੀ ਅਗਵਾਈ 'ਚ ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਲੱਗਿਆ ਮੋਰਚਾ ਹੁਣ ਸਿਖਰਾਂ 'ਤੇ ਹੈ। ਜ਼ਿਲ੍ਹਾ ਫਰੀਦਕੋਟ ਦੇ ਪਿੰਡ ਡੱਲੇਵਾਲ ਤੋਂ ਪਿਤਾ ਹਜ਼ੂਰਾ ਸਿੰਘ ਤੇ ਮਾਤਾ ਅਜਮੇਰ ਕੌਰ ਦਾ ਜਾਇਆ ਜਗਜੀਤ ਸਿੰਘ ਡੱਲੇਵਾਲ ਪੰਜਾਬ ਦੀ ਜੂਹ 'ਚ ਕਿਰਸਾਨੀ ਨੂੰ ਬਚਾਉਣ ਆਪਣੇ ਸਾਹਾਂ ਦੀ ਮਿਸਾਲ ਬਾਲ ਕੇ ਦਿੱਲੀ ਹਕੂਮਤ ਖ਼ਿਲਾਫ਼ ਅਸੂਲਾਂ ਦੀ ਲੜਾਈ ਲੜ ਰਿਹਾ ਹੈ। ਅਜਿਹੀ ਲੜਾਈ ਨੂੰ ਅਸੂਲ ਹੀ ਜਿੱਤੇ ਨੇ, ਜਿੱਤ ਰਹੇ ਨੇ ਤੇ ਜਿੱਤਦੇ ਰਹਿਣਗੇ। ਅਸੂਲਾਂ ਦੀ ਮਿਸਾਲ ਨੂੰ ਕਿਸਾਨ ਆਗੂ ਡੱਲੇਵਾਲ ਨੇ ਤੇਲ ਦੀ ਥਾਂ ਸਾਹਾਂ ਦੀ ਬੁੱਕ ਪਾ ਕੇ ਰੋਸ਼ਨ ਕੀਤਾ ਹੈ, ਉਹ ਹੁਣ ਬੁਝੇਗੀ ਨਹੀਂ, ਸਗੋਂ ਜਗਮਗਾਉਂਦੀ ਰਹੇਗੀ, ਕਿਉਂਕਿ ਪਿੱਛੇ ਆਪਣੇ ਸਾਹਾਂ ਦੀ ਲੱਪ ਲੈ ਕੇ ਖੜ੍ਹੇ 6 ਕਿਸਾਨ ਆਪਣੀ ਵਾਰੀ ਉਡੀਕ ਰਹੇ ਹਨ।

70 ਵਰ੍ਹਿਆਂ ਦੇ ਡੱਲੇਵਾਲ ਦੇ ਮਰਨ ਵਰਤ ਨੂੰ 51 ਦਿਨ (ਬੁੱਧਵਾਰ, 15 ਜਨਵਰੀ ਨੂੰ) ਬੀਤ ਚੁੱਕੇ ਹਨ, ਪਰ ਅਜੇ ਅਸੂਲਾਂ ਦੀ ਜੰਗ ਕੇਂਦਰ ਵਿਰੁੱਧ ਜਾਰੀ ਹੈ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਭਵਿੱਖ ਤੈਅ ਕਰੇਗਾ। ਜਦੋਂ ਸੁਪਨੇ ਮਰਦੇ ਹੋਣ, ਉਮੀਦਾਂ ਦਾ ਵੱਤਰ ਸੁੱਕਦਾ ਹੋਵੇ, ਫਿਰ ਕਿਸੇ ਨਾ ਕਿਸੇ ਡੱਲੇਵਾਲ ਨੂੰ ਮੌਤ ਲੱਕ ਨਾਲ ਬੰਨ੍ਹ ਕੇ ਕੁੱਦਣਾ ਪੈਂਦਾ ਹੈ। ਡਾਕਟਰ ਆਖਦੇ ਹਨ ਕਿ ਬਲੱਡ ਪ੍ਰੈਸ਼ਰ ਹੁਣ ਸਾਡੇ ਹੱਥ 'ਚ ਨਹੀਂ। ਡੱਲੇਵਾਲ ਨੇ ਕਿਹਾ ਹੈ, "ਉਨ੍ਹਾਂ ਲੱਖਾਂ ਕਿਸਾਨ ਪਰਿਵਾਰਾਂ ਦਾ ਮਨ 'ਤੇ ਭਾਰ ਹੈ, ਜਿਨ੍ਹਾਂ ਨੇ ਆਪਣੇ ਜਾਇਆਂ ਨੂੰ ਖੇਤਾਂ ਦੇ ਰੁੱਖਾਂ ਨਾਲ ਲਮਕਦਿਆਂ ਨੂੰ ਰੋਂਦੇ ਕੁਰਲਾਉਂਦੇ ਲਾਹਿਆ ਹੈ। ਜਿਨ੍ਹਾਂ ਨੂੰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਫਾਂਸੀ ਝੂਟਣ ਲਈ ਮਜਬੂਰ ਕੀਤਾ ਹੈ, ਉਨ੍ਹਾਂ ਦੀ ਜਾਨ ਨਾਲੋਂ ਮੇਰੀ ਜਾਨ ਕੀਮਤੀ ਨਹੀਂ।" ਸੁਪਰੀਮ ਕੋਰਟ ਜੇ ਸ. ਡੱਲੇਵਾਲ ਦੀ ਜਾਨ ਬਚਾਉਣ ਲਈ ਸੰਜੀਦਾ ਹੈ ਤਾਂ ਉਹ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਬਣਾਉਣ, ਕਰਜ਼ਾ ਮੁਆਫ਼ੀ ਆਦਿ ਮੰਗਾਂ ਮੰਨਣ ਵਾਸਤੇ ਕੇਂਦਰ ਸਰਕਾਰ ਨੂੰ ਆਖੇ। ਉਨ੍ਹਾਂ ਦੀ ਇੱਛਾ ਹੈ ਕਿ ਖੇਤੀ ਅਲਾਮਤਾਂ ਕਿਸੇ ਕਿਸਾਨ ਦੀ ਫਾਹੀ ਨਾ ਬਣਨ।

ਜਿਗਰਜੋਤ ਸਿੰਘ ਖਨੌਰੀ ਮੋਰਚੇ 'ਚ ਖੜ੍ਹੀ ਟਰਾਲੀ 'ਚ ਨਿਢਾਲ ਪਏ ਦਾਦੇ ਵੱਲ ਟਿਕਟਿਕੀ ਲਾ ਕੇ ਵੇਖਦਾ ਹੌਸਲਾ ਦਿੰਦਾ ਹੈ, 'ਆਪਾਂ ਮੋਰਚਾ ਜਿੱਤ ਕੇ ਘਰ ਨੂੰ ਮੁੜਨਾ ਹੈ ਦਾਦਾ ਜੀ।' ਉਸ ਦੀਆਂ ਜੋਸ਼ੀਲੀਆਂ ਗੱਲਾਂ ਨੇ 11 ਮਹੀਨਿਆਂ ਤੋਂ ਬਾਰਡਰ 'ਤੇ ਬੈਠੇ ਉਨ੍ਹਾਂ ਦੇ ਦਾਦੇ ਦੀ ਸੋਚ 'ਤੇ ਪਹਿਰਾ ਦਿੰਦੇ ਕਿਸਾਨਾਂ, ਕੀ ਬੱਚੇ, ਕੀ ਬੁੱਢੇ ਤੇ ਕੀ ਜਵਾਨਾਂ ਨੂੰ ਸੋਚਣ ਲਈ ਮਜਬੂਰ ਕੀਤਾ ਹੈ। ਜਿਗਰਜੋਤ ਸਿੰਘ ਦਾਦੇ ਦੇ ਨਕਸ਼ੇ ਕਦਮਾਂ 'ਤੇ ਚੱਲਦਾ ਅਕਸਰ ਸਕੂਲ ਜਾਂਦਾ ਹੈ, ਸਕੂਲ 'ਚ ਉਸਦਾ ਮਨ ਕਿਵੇਂ ਲਗਦਾ ਹੋਵੇਗਾ, ਜਦੋਂ ਕਿ ਉਸ ਨੂੰ ਪਤਾ ਹੈ, ਉਸ ਦੇ ਦਾਦੇ ਦੇ ਸਾਹਾਂ ਦੀ ਡੋਰ ਟੁੱਟਣ ਕਿਨਾਰੇ ਹੈ। ਫੇਰ ਮੁੜ ਕਦੇ ਮਿਲਾਪ ਨਹੀਂ ਹੋਣਾ।

ਸ. ਡੱਲੇਵਾਲ ਨੇ ਮੋਹ ਮਾਇਆ ਨੂੰ ਤਿਆਗਦਿਆਂ ਮਰਨ ਵਰਤ 'ਤੇ ਬੈਠਣ ਤੋਂ ਪਹਿਲਾਂ ਆਪਣੀ 17 ਏਕੜ ਸੰਪਤੀ ਵਿੱਚੋਂ 10.5 ਏਕੜ ਆਪਣੇ ਪੋਤਰੇ ਜਿਗਰਜੋਤ ਸਿੰਘ, ਇਕਲੌਤੇ ਪੁੱਤਰ ਗੁਰਪਿੰਦਰ ਸਿੰਘ ਅਤੇ ਨੂੰਹ ਹਰਪ੍ਰੀਤ ਕੌਰ ਦੇ ਨਾਮ ਕੀਤੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਪਿਤਾ ਹਜ਼ੂਰਾ ਸਿੰਘ, ਮਾਂ ਅਜਮੇਰ ਕੌਰ, ਵੱਡਾ ਵੀਰ ਰਣਜੀਤ ਸਿੰਘ ਅਤੇ ਧਰਮ ਪਤਨੀ ਹਰਜੀਤਇੰਦਰ ਕੌਰ ਜਹਾਨੋਂ ਕੂਚ ਕਰ ਚੁੱਕੇ ਹਨ। ਛੇ ਭੈਣਾਂ ਦਾ ਛੋਟਾ ਵੀਰ ਜਗਜੀਤ ਸਿੰਘ ਡੱਲੇਵਾਲ ਆਖਦਾ ਹੈ ਕਿ 'ਆਹ ਖੇਤਾਂ ਦੇ ਜਾਏ ਸਭ ਮੇਰਾ ਪਰਿਵਾਰ ਹੈ।' ਖੇਤੀ ਬਚਾਉਣ ਲਈ ਡੱਲੇਵਾਲ ਜ਼ਿੰਦਗੀ ਤੇ ਮੌਤ ਵਿਚਲੇ ਫ਼ਾਸਲੇ ਦੀ ਹੁਣ ਪ੍ਰਵਾਹ ਨਹੀਂ ਕਰ ਰਿਹਾ।

ਕਿਸਾਨ ਆਗੂ ਸ. ਡੱਲੇਵਾਲ ਸੁਪਰੀਮ ਕੋਰਟ ਦੀ ਹਾਈ ਪਾਵਰ ਕਮੇਟੀ ਅਤੇ ਪੰਜਾਬ ਸਰਕਾਰ ਦੀਆਂ ਕਮੇਟੀਆਂ ਨੂੰ ਇੱਕ ਵਾਰ ਨਹੀਂ, ਕਈ ਵਾਰ ਸਪਸ਼ਟ ਕਰ ਚੁੱਕੇ ਹਨ, "ਇਹ ਕਰੋ ਜਾਂ ਮਰੋ ਦੀ ਲੜਾਈ ਹੈ। ਮੈਂ ਉਦੋਂ ਤੱਕ ਆਪਣਾ ਮਰਨ ਵਰਤ ਖ਼ਤਮ ਨਹੀਂ ਕਰਾਂਗਾ, ਜਦੋਂ ਤੱਕ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਵਾਲਾ ਕਾਨੂੰਨ ਲਾਗੂ ਨਹੀਂ ਹੋ ਜਾਂਦਾ। ਅਸੀਂ ਸੰਸਦੀ ਕਮੇਟੀ (ਖੇਤੀਬਾੜੀ) ਦੀਆਂ ਸਿਫ਼ਾਰਸ਼ਾਂ ਅਨੁਸਾਰ ਕਾਨੂੰਨੀ ਗਾਰੰਟੀ ਚਾਹੁੰਦੇ ਹਾਂ।"

ਕਿਸਾਨ ਆਗੂ ਗੁਰਦੀਪ ਸਿੰਘ ਚਹਿਲ ਤੇ ਹਰਭਗਵਾਨ ਸਿੰਘ ਭਾਨਾ ਨੇ ਦੱਸਿਆ ਹੈ ਕਿ ਸ. ਡੱਲੇਵਾਲ ਦੇ ਆਦੇਸ਼ਾਂ ਤਹਿਤ ਉਨ੍ਹਾਂ ਦੇ ਕਮਰੇ ਦੁਆਲੇ 100 ਦੇ ਕਰੀਬ ਟਰਾਲੀਆਂ ਦੀ ਦੂਹਰੀ ਪਰਤ ਨੂੰ ਇੱਕ-ਦੂਜੇ ਨਾਲ ਵੈਲਡਿੰਗ ਕਰਨ ਤੋਂ ਇਲਾਵਾ 700 ਦੇ ਕਰੀਬ ਵਾਲੰਟੀਅਰ ਦਿਨ ਰਾਤ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਣ ਲਈ ਪੂਰੀ ਤਰ੍ਹਾਂ ਮੁਸ਼ਤੈਦ ਹਨ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਭਾਵੇਂ ਕਿਸਾਨ ਆਗੂ ਨੂੰ ਚੁੱਕਣ ਲਈ ਕੋਈ ਵੀ ਐਕਸ਼ਨ ਨਾ ਕਰਨ ਦਾ ਵਿਸ਼ਵਾਸ ਦਿਵਾਇਆ ਹੈ, ਪਰ ਉਨ੍ਹਾਂ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਮੋਰਚਾ ਪ੍ਰਬੰਧਕਾਂ ਨੇ 26 ਨਵੰਬਰ ਦੀ ਘਟਨਾ ਨੂੰ ਮੁੜ ਦੁਹਰਾਏ ਜਾਣ ਤੋਂ ਰੋਕਣ ਵਾਸਤੇ ਉਪਰਾਲੇ ਕੀਤੇ ਹਨ।



### ਕਿਉਂ ਲਿਆ ਮਰਨ ਵਰਤ ਦਾ ਫ਼ੈਸਲਾ?

**ਜਗਜੀਤ ਸਿੰਘ ਡੱਲੇਵਾਲ ਹੁਣ ਤੱਕ 5 ਵਾਰ ਮਰਨ ਵਰਤ ਰੱਖ ਕੇ ਕਿਸਾਨ ਘੋਲਾਂ ਨੂੰ ਫੈਸਲਾਕੁੰਨ ਜਿੱਤ ਦੁਆ ਚੁੱਕੇ ਹਨ। ਇਸ ਵੇਲੇ ਉਨ੍ਹਾਂ ਦਾ 6ਵਾਂ ਮਰਨ ਵਰਤ ਚੱਲ ਰਿਹਾ ਹੈ। ਉਨ੍ਹਾਂ ਦੀ ਜਥੇਬੰਦੀ ਨੇ ਪਿਛਲੇ ਸਾਲ 21 ਫਰਵਰੀ ਨੂੰ, ਜਦੋਂ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕਰ ਰਹੀ ਸੀ, ਉਦੋਂ ਹਰਿਆਣਾ ਪੁਲੀਸ ਤੇ ਸੁਰੱਖਿਆ ਫੋਰਸ ਵਲੋਂ ਕਿਸਾਨਾਂ ਨੂੰ ਰੋਕਣ ਲਈ ਹਵਾਈ ਫਾਇਰਿੰਗ, ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲਿਆਂ ਦੀ ਖੁੱਲ੍ਹ ਕੇ ਵਰਤੋਂ ਵਿੱਚ ਨੌਜਵਾਨ ਸ਼ੁਭਕਰਨ ਸਿੰਘ ਦੀ ਗੋਲੀ ਲੱਗਣ ਨਾਲ ਹੋਈ ਮੌਤ ਤੇ ਸੈਂਕੜੇ ਕਿਸਾਨਾਂ ਦੇ ਜ਼ਖ਼ਮੀ ਹੋਣ ਦੀ ਘਟਨਾ ਨੇ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਪਾਇਆ ਸੀ। ਉਨ੍ਹਾਂ ਫੈਸਲਾ ਕਰ ਲਿਆ ਸੀ ਕਿ ਅੱਜ ਤੋਂ ਬਾਅਦ ਸੰਘਰਸ਼ 'ਚ ਕਿਸੇ ਮਾਂ ਦਾ ਪੁੱਤ, ਭੈਣ ਦਾ ਭਰਾ ਨਹੀਂ ਮਰੇਗਾ, ਕਿਸਾਨ ਆਗੂ ਆਪ ਅੱਗੇ ਹੋ ਕੇ ਲੜਾਈ ਲੜਨਗੇ।**

# ਭਾਵਕ ਹੋਏ ਸੱਜਣ ਡੱਲੇਵਾਲ ਦੀ ਲੰਮੀ ਉਮਰ ਦੀਆਂ ਕਰਦੇ ਨੇ ਦੁਆਵਾਂ

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਮਰਨ ਵਰਤ 'ਤੇ ਬੈਠੇ ਹਨ, ਜਦੋਂ ਉਨ੍ਹਾਂ ਦੀ ਅਪੀਲ 'ਤੇ ਲੋਕਾਂ ਦਾ ਇਕੱਠ ਹੁੰਦਾ ਹੈ, ਉਸ ਨੂੰ ਦੇਖ ਕੇ ਉਹ ਬਾਗ਼ੋਂ ਬਾਗ਼ ਹੁੰਦੇ ਹਨ, ਕਿਉਂਕਿ ਜਿਨ੍ਹਾਂ ਦੇ ਲੇਖੇ ਉਨ੍ਹਾਂ ਸਾਰੀ ਜ਼ਿੰਦਗੀ ਲਾਈ ਹੈ, ਹੁਣ ਉਨ੍ਹਾਂ ਦੀਆਂ ਦੁਆਵਾਂ ਕਿਸਾਨਾਂ ਤੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਲਈ ਪਲ ਪਲ ਮਰਦੇ ਡੱਲੇਵਾਲ ਨੂੰ ਜੀਵਨ ਦੇਣ ਵਿੱਚ ਸਹਾਈ ਹੋ ਰਹੀਆਂ ਹਨ। ਆਪਣੀ ਭੁੱਖ ਹੜਤਾਲ ਦੌਰਾਨ ਉਨ੍ਹਾਂ ਪਾਣੀ ਤੋਂ ਬਿਨਾ ਕੁਝ ਨਹੀਂ ਖਾਧਾ। ਉਨ੍ਹਾਂ ਦੀ ਸਿਹਤ ਨੂੰ ਦੇਖ ਕੇ ਉਨ੍ਹਾਂ ਦੇ ਨਜ਼ਦੀਕੀ ਸੱਜਣ ਭਾਵਕ ਹੋਏ ਆਪਣੇ ਸੱਜਣ ਦੀ ਲੰਮੀ ਉਮਰ ਦੀਆਂ ਦੁਆਵਾਂ ਕਰਦੇ ਹਨ। ਦੂਸਰੇ ਪਾਸੇ ਪਿੰਡ ਦੀਆਂ ਗਲੀਆਂ ਵਿੱਚ ਸੁੰਨ ਪਸਰੀ ਹੋਈ ਹੈ, ਘਰ ਨੂੰ ਅਕਸਰ ਜਿੰਦਰਾ ਲੱਗਿਆ ਰਹਿੰਦਾ ਹੈ, ਕਿਉਂਕਿ ਤਿੰਨ ਪੀੜੀਆਂ ਜਿਨ੍ਹਾਂ ਵਿੱਚ ਡੱਲੇਵਾਲ, ਡੱਲੇਵਾਲ ਦਾ ਪੁੱਤਰ ਅਤੇ ਪੋਤਰਾ ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਕਿਸਾਨ ਮਜ਼ਦੂਰ ਦੀ ਹੋਂਦ ਨੂੰ ਬਚਾਉਣ ਲਈ ਲੜਾਈ ਲੜ ਰਹੇ ਹਨ।

ਪਿੰਡ ਡੱਲੇਵਾਲ ਦੇ ਲੋਕਾਂ ਨੇ ਦੱਸਿਆ ਹੈ ਕਿ ਇਨ੍ਹਾਂ ਦਾ ਵੱਡਾ ਭਰਾ ਰਣਜੀਤ ਸਿੰਘ ਇਸੇ ਜਥੇਬੰਦੀ ਦਾ ਹਿੱਸਾ ਸੀ, ਉਨ੍ਹਾਂ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ। ਇਨ੍ਹਾਂ ਦੋਵੇਂ ਭਰਾਵਾਂ ਕੋਲ 40 ਕਿੱਲੇ ਜ਼ਮੀਨ ਸੀ। ਇਹ ਪਰਿਵਾਰ ਮੁੱਢ ਤੋਂ ਹੀ ਅਣਖੀ ਹੈ, ਪਰ ਡੱਲੇਵਾਲ ਨੇ ਹਮੇਸ਼ਾ ਸ਼ਬਦਾਂ ਦੀ ਜੰਗ ਨੂੰ ਵੱਧ ਮਹੱਤਤਾ ਦਿੱਤੀ ਹੈ, ਹੁਣ ਵੀ ਸ਼ਬਦਾਂ ਦੀ ਹੀ ਜੰਗ ਲੜ ਰਹੇ ਹਨ। ਪਿੰਡ ਵਿੱਚ ਉਨ੍ਹਾਂ ਕੋਲ ਸਧਾਰਨ ਜਿਹਾ ਘਰ ਹੈ, ਜਿੱਥੇ ਉਹ ਆਪ ਤੇ ਉਨ੍ਹਾਂ ਦਾ ਨੂੰਹ, ਪੁੱਤਰ ਅਤੇ ਪੋਤਰਾ ਸਕੂਨ ਦੀ ਜ਼ਿੰਦਗੀ ਜਿਉਂਦੇ ਹਨ, ਜਦੋਂ ਕਿ ਇਨ੍ਹਾਂ ਦੇ ਭਰਾ ਦਾ ਪਰਿਵਾਰ ਇੱਕ ਵੱਡੀ ਕੋਠੀ ਵਿੱਚ ਰਹਿੰਦਾ ਹੈ। ਇਨ੍ਹਾਂ ਕੋਲ ਇੱਕ ਪੁਰਾਣੀ ਜਿਹੀ ਕਾਰ ਅਤੇ ਖੇਤੀ ਦੇ ਸੰਦ ਹਨ, ਜੋ ਇਨ੍ਹਾਂ ਆਪਣੀ ਕਿਰਤ ਕਮਾਈ 'ਚੋਂ ਲਏ ਹੋਏ ਹਨ। ਉਨ੍ਹਾਂ ਦੱਸਿਆ ਹੈ ਕਿ ਜੋ ਪਾਰਟੀ ਫੰਡ ਆਉਂਦਾ ਹੈ, ਉਹ ਸਾਰਾ ਜਥੇਬੰਦੀ 'ਤੇ ਹੀ ਲਾ ਦਿੰਦੇ ਹਨ। ਉਨ੍ਹਾਂ ਵੱਲੋਂ ਜਿਸ ਵੀ ਵਿਅਕਤੀ ਨੂੰ ਫੰਡ ਵਰਤਣ ਲਈ ਦਿੱਤੀ ਜਾਂਦਾ ਹੈ, ਉਹ ਤੋਂ ਅਹੁਦੇਦਾਰਾਂ ਸਾਹਮਣੇ ਪੈਸੇ ਪੈਸੇ ਦਾ ਹਿਸਾਬ ਲਿਆ ਜਾਂਦਾ ਹੈ। ਇਸੇ ਕਰਕੇ ਉਨ੍ਹਾਂ ਦੀ ਇਮਾਨਦਾਰੀ 'ਤੇ ਰੱਤੀ ਭਰ ਸ਼ੱਕ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਫੰਡ 'ਤੇ ਕਦੇ ਟੇਕ ਨਹੀਂ ਰੱਖੀ, ਜਥੇਬੰਦੀ ਨੂੰ ਚਲਾਉਣ ਲਈ ਉਹ ਪੁੱਤਰ ਦੀ ਕਿਰਤ ਕਮਾਈ 'ਚੋਂ ਵੀ ਪੈਸਾ ਲਾ ਕੇ ਕਦੇ ਚਿਤਾਰਦੇ ਨਹੀਂ। ਭਾਵਕ ਹੋਏ ਪਿੰਡ ਵਾਸੀਆਂ ਕਿਹਾ, "ਅਜਿਹਾ ਕਿਸਾਨ ਲੀਡਰ ਸ਼ਾਇਦ ਹੀ ਕੋਈ ਹੋਵੇ, ਜੋ ਕਿਰਸਾਨੀ ਤੇ ਮਜ਼ਦੂਰੀ ਨੂੰ ਜ਼ਿੰਦਾ ਰੱਖਣ ਦੇ ਨਾਲ ਨਾਲ, ਮਾਵਾਂ ਦੇ ਪੁੱਤਰਾਂ ਤੇ ਭੈਣਾਂ ਤੇ ਭਰਾਵਾਂ ਨੂੰ ਕੁਰਬਾਨੀ ਲਈ ਝੋਕਣ ਦੀ ਥਾਂ ਆਪਾ ਕੁਰਬਾਨ ਕਰਨ ਲਈ ਮਰਨ ਵਰਤ 'ਤੇ ਬੈਠਾ ਹੈ। ਪਰਮਾਤਮਾ ਉਨ੍ਹਾਂ ਦੀ ਉਮਰ ਲੰਮੀ ਕਰੇ।"

ਉਨ੍ਹਾਂ ਦੇ ਬਚਪਨ ਦੇ ਦੋਸਤ ਸਾਬਕਾ ਫੌਜੀ ਸੁਖਦੇਵ ਸਿੰਘ ਨੇ ਦੱਸਿਆ ਹੈ ਕਿ ਕਾਲਜ ਦੇ ਦਿਨਾਂ ਵਿੱਚ ਡੱਲੇਵਾਲ ਯੂਥ ਦਾ ਮੁੱਖ ਚਿਹਰਾ ਉਸ ਸਮੇਂ ਬਣੇ, ਜਦੋਂ ਕਾਲਜ ਦੇ ਪਿੱਛੋਂ ਦੀ ਲੰਘਦੀ ਰੇਲ ਕਾਲਜ ਦੇ ਵਿਦਿਆਰਥੀਆਂ ਨੂੰ ਉਤਾਰਨ ਲਈ ਨਹੀਂ ਸੀ ਰੁਕਦੀ; ਵਿਦਿਆਰਥੀਆਂ ਦੀ ਸਹੂਲਤ ਵਾਸਤੇ ਡੱਲੇਵਾਲ ਨੇ ਰੇਲਵੇ ਟਰੈਕ ਉਤੇ ਧਰਨਾ ਸ਼ੁਰੂ ਕਰ ਦਿੱਤਾ। ਇਹ ਧਰਨਾ ਉਦੋਂ ਤੱਕ ਚੱਲਿਆ, ਜਦੋਂ ਤੱਕ ਰੇਲਵੇ ਵਿਭਾਗ ਨੇ ਰੇਲ ਰੋਕਣ ਦੇ ਹੁਕਮ ਜਾਰੀ ਕਰਕੇ ਛੋਟਾ ਜਿਹਾ ਸਟੇਸ਼ਨ ਨਹੀਂ ਬਣਾਇਆ। ਡੱਲੇਵਾਲ ਆਪਣੇ ਕਹੀ ਗੱਲ ਤੋਂ ਪਿੱਛੇ ਨਹੀਂ ਮੁੜਦਾ, ਉਹ ਕਹਿਣੀ ਕਥਨੀ ਦਾ ਪੂਰਾ ਤੇ ਸਿਰੜ ਦਾ ਪੱਕਾ ਹੈ ਅਤੇ ਰਹੇਗਾ ਵੀ ਤੇ ਰਹਿਣਾ ਵੀ ਚਾਹੀਦਾ ਹੈ; ਜਦੋਂ ਉਨ੍ਹਾਂ ਨੇ ਡੱਲੇਵਾਲ ਦੇ ਕੰਨ ਵਿੱਚ ਮਰਨ ਵਰਤ ਛੱਡ ਦੇਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਉਸ ਨੂੰ ਤੋੜ ਕੇ ਜਵਾਬ ਦਿੱਤਾ। ਦੂਜੀ ਵਾਰ ਉਹ ਉਨ੍ਹਾਂ ਨੂੰ ਕਹਿਣ ਦਾ ਹੌਸਲਾ ਨਹੀਂ ਕਰ ਸਕਿਆ। ਉਨ੍ਹਾਂ ਦੇ ਦੋਸਤ ਸੁਖਦੇਵ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਹੁਣ ਉਨ੍ਹਾਂ ਨੂੰ ਉਨ੍ਹਾਂ ਦਾ ਆਪਣਾ ਕੋਈ ਵੀ ਨਹੀਂ ਮੋੜ ਸਕਦਾ, ਬਸ ਮੋੜ ਸਕਦੀ ਹੈ ਤਾਂ ਕੇਂਦਰ ਸਰਕਾਰ, ਉਹ ਵੀ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨੇ ਬਿਨਾ ਨਹੀਂ। ਉਨ੍ਹਾਂ ਦੀ ਪਲ ਪਲ ਨਿਘਾਰ ਦੀ ਸਿਹਤ ਦੇਖ ਕੇ ਦਿਲ ਅੰਦਰੋ-ਅੰਦਰੀ ਰੋਂਦਾ ਹੈ, ਪਰ ਹੁਣ ਕੀਤਾ ਵੀ ਕੁਝ ਨਹੀਂ ਜਾ ਸਕਦਾ, ਕਿਉਂਕਿ ਇਹ ਲੜਾਈ ਹੁਣ ਸਿਰਫ ਕਹਿਣੀ ਕਥਨੀ ਅਤੇ ਸਿਰੜ 'ਤੇ ਪੂਰਾ ਉਤਰਨ ਤੇ ਕੇਂਦਰ ਸਰਕਾਰ ਦੇ ਅੜੀਅਲ ਰਵੱਈਏ ਦਰਮਿਆਨ ਹੈ। ਕਿਸਾਨ ਅਤੇ ਮਜ਼ਦੂਰ ਦੀ ਹੋਂਦ ਬਚਾਉਣ ਦੀ ਲੜਾਈ ਨੂੰ ਹੁਲਾਰਾ ਦੇਣ ਲਈ ਜਦੋਂ ਕਿਸਾਨ ਜਥੇਬੰਦੀਆਂ ਵੱਲੋਂ ਆਪੋ-ਆਪਣੀ ਹੋਂਦ ਦੀ ਲੜਾਈ ਛੱਡ ਕੇ ਇੱਕ ਮੰਚ 'ਤੇ ਇਕੱਠੀਆਂ ਹੋਣਾ ਵੀ ਸ਼ੁਭ ਸੰਕੇਤ ਹੈ। ਕਾਸ਼! ਇਹ ਪਹਿਲਾਂ ਹੋ ਗਿਆ ਹੁੰਦਾ, ਸ਼ਾਇਦ ਡੱਲੇਵਾਲ ਦੇ ਅਜਿਹੇ ਹਾਲਾਤ ਨਾ ਬਣਦੇ!

# ਸੰਸਾਰ ਸਿਆਸਤ 'ਚ ਨਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ

ਦੀ ਜੰਗ ਰਾਹੀਂ ਅਮਰੀਕਾ ਨੂੰ ਆਪਣੀ ਫੌਜੀ ਸਨਅਤ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਿਆ। ਚਿੜੀਆਂ ਦਾ ਮਰਨ, ਗੰਵਾਰਾਂ ਦਾ ਹਾਸਾ!

ਕੌਮਾਂਤਰੀ ਸਿਆਸੀ ਮਾਮਲਿਆਂ 'ਤੇ ਸ਼ਿੱਦਤ ਨਾਲ ਨਜ਼ਰ ਰੱਖਣ ਵਾਲੇ ਪੰਜਾਬੀ ਚਿੰਤਕ ਡਾ. ਸਵਰਾਜ ਸਿੰਘ ਅਮਰੀਕਾ ਦੀ ਅਲੋਚਨਾ ਕਰਦਿਆਂ ਅਤੇ ਰੂਸ ਦਾ ਪੱਖ ਪੂਰਦਿਆਂ ਕਈ ਵਾਰ ਉਲਾਰ ਹੋ ਜਾਂਦੇ ਹਨ। ਫਿਰ ਵੀ ਰੂਸ-ਯੂਕਰੇਨ ਜੰਗ ਬਾਰੇ ਉਨ੍ਹਾਂ ਦੇ ਕੁਝ ਵਿਚਾਰ ਗੰਭੀਰਤਾ ਨਾਲ ਸੁਣਨ ਵਾਲੇ ਹਨ। ਉਨ੍ਹਾਂ ਦਾ ਮੰਨਣਾ ਹੈ, ਯੂਕਰੇਨ ਜੰਗ ਰੂਸ ਨੇ ਨਹੀਂ, ਸਗੋਂ ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਨੇ ਸ਼ੁਰੂ ਕਰਵਾਈ ਹੈ। ਕੁਝ ਕੌਮਾਂਤਰੀ ਸੰਧੀਆਂ ਵਿੱਚ ਪੱਛਮ ਨੂੰ, ਰੂਸ ਨਾਲੋਂ ਸੋਵੀਅਤ ਯੂਨੀਅਨ ਦੇ ਬਿਖਰਨ ਵੇਲੇ ਟੁੱਟੇ ਕਈ ਮੁਲਕਾਂ ਨੂੰ ਨਾਟੋ ਦਾ ਹਿੱਸਾ ਬਣਾਉਣ ਤੋਂ ਵਰਜਿਆ ਗਿਆ ਸੀ; ਪਰ ਅਮਰੀਕਾ ਅਤੇ ਪੱਛਮੀ ਮੁਲਕਾਂ ਨੇ ਯੂਕਰੇਨ ਅਤੇ ਪੋਲੈਂਡ ਜਿਹੇ ਮੁਲਕਾਂ ਤੱਕ ਨਾਟੋ ਦੇ ਫੌਜੀ ਪੈਰ ਪਸਾਰਨ ਦੇ ਯਤਨ ਕੀਤੇ। ਰੂਸ ਨੂੰ ਇਹ ਸ਼ੰਕਾ ਹੈ ਕਿ ਜੇ ਯੂਕਰੇਨ ਵੀ ਨਾਟੋ ਦਾ ਹਿੱਸਾ ਬਣ ਜਾਂਦਾ ਹੈ ਤਾਂ ਨਾਟੋ ਦੀਆਂ ਫੌਜਾਂ ਰੂਸ ਦੇ ਬਾਰਡਰ ਤੱਕ ਅੱਪੜ ਜਾਣਗੀਆਂ। ਰੂਸ ਦੀ ਇੱਛਾ ਹੈ ਕਿ ਯੂਕਰੇਨ ਇੱਕ ਨਿਊਟਰਲ ਮੁਲਕ ਵਜੋਂ ਵਿਚਰੇ ਤਾਂ ਕਿ ਨਾਟੋ ਅਤੇ ਰੂਸੀ ਸਰਹੱਦ ਵਿਚਾਲੇ ਇੱਕ ਬਫ਼ਰ ਜ਼ੋਨ ਬਣਿਆ ਰਹੇ। ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਨੇ ਮੁੜ ਇਨ੍ਹਾਂ ਮੁਲਕਾਂ ਵਿੱਚ ਦਖ਼ਲ ਵਧਾਉਣਾ ਆਰੰਭ ਕਰ ਦਿੱਤਾ ਤੇ ਸਿੱਟਾ ਯੂਕਰੇਨ ਜੰਗ ਵਿੱਚ ਨਿਕਲਿਆ। ਇੰਜ ਅਮਰੀਕਾ ਦੀ ਸਾਰੇ ਸੰਸਾਰ ਦੀ ਲੰਬੜਦਾਰੀ ਦੀ ਇੱਛਾ ਜੰਗ ਦਾ ਕਾਰਨ ਬਣ ਗਈ। ਉੱਝ ਰੂਸ ਨੂੰ ਇਸ ਮਾਮਲੇ ਵਿੱਚ ਬਿਲਕੁਲ ਸੁਰਖ਼ਰੂ ਨਹੀਂ ਕੀਤਾ ਜਾ ਸਕਦਾ। ਪੂਤਿਨ ਨੇ ਬਿਲਕੁਲ ਇੱਕ ਤਾਨਾਸ਼ਾਹ ਵਾਂਗ ਹੀ ਗਲਤ ਗਿਣਤੀਆਂ-ਮਿਣਤੀਆਂ ਅਧੀਨ ਯੂਕਰੇਨ 'ਤੇ ਹਮਲਾ ਕੀਤਾ। ਉਸ ਨੂੰ ਆਸ ਨਹੀਂ ਸੀ ਕਿ ਅਮਰੀਕਾ ਅਤੇ ਹੋਰ ਪੱਛਮੀ ਮੁਲਕ ਇਸ ਕਦਰ ਯੂਕਰੇਨ ਦੇ ਪੱਖ ਵਿੱਚ ਆ ਜਾਣਗੇ ਤੇ ਜੰਗ ਇੰਨੀ ਲੰਬੀ ਲਟਕ ਜਾਵੇਗੀ।

ਡੋਨਾਲਡ ਟਰੰਪ ਦੇ ਪਿਛਲੇ ਕਾਰਜਕਾਲ ਵੇਲੇ ਕੋਵਿਡ ਨਾਲ ਨਜਿੱਠਣ ਵਿੱਚ ਕੀਤੀਆਂ ਗਈਆਂ ਅਣਗਹਿਲੀਆਂ, ਸਰਕਾਰ ਵਿਰੁਧ ਨਸਲੀ ਪੱਖ-ਪਾਤ ਕੀਤੇ ਜਾਣ ਕਾਰਨ ਹੋਏ ਪ੍ਰਦਰਸ਼ਨਾਂ ਅਤੇ ਪੈਰਿਸ ਕਲਾਈਮੇਟ ਐਗਰੀਮੈਂਟ ਵਿੱਚ ਪੈਰ ਪਿੱਛੇ ਖਿੱਚ ਲੈਣ ਨੇ ਅਮਰੀਕਾ ਦਾ ਸੰਸਾਰ ਤਾਕਤ ਵਜੋਂ ਅਕਸ ਇੱਕ ਸੁੰਗੜਦੇ ਸਾਮਰਾਜ ਵਾਲਾ ਬਣਾ ਦਿੱਤਾ ਸੀ। ਅਮਰੀਕਾ ਦੇ ਇਸ ਕੌਮਾਂਤਰੀ ਅਕਸ ਨੂੰ ਬਾਇਡਨ ਨੇ ਸੁਧਾਰਿਆ ਜ਼ਰੂਰ, ਪਰ ਜੰਗਾਂ ਦੀ ਦੁਨੀਆਂ ਦੇ ਤਕਰੀਬਨ ਸਾਰੇ ਮੁਲਕਾਂ ਨੂੰ ਇੱਕ ਵੱਡੀ ਕੀਮਤ ਤਾਰਨੀ ਪਈ। ਦੇਸ਼ਾਂ ਦੀਆਂ ਕਰੰਸੀਆਂ ਦੀ ਵੈਲਿਊ ਘਟਣ ਲੱਗੀ ਅਤੇ ਸੰਸਾਰ ਵਪਾਰ ਦੀਆਂ ਸਪਲਾਈ ਚੇਨਾਂ ਵਿੱਚ ਪੈਣ ਵਾਲੇ ਵਿਘਨਾਂ ਕਾਰਨ ਬੁਨਿਆਦੀ ਜ਼ਰੂਰਤਾਂ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧਣ ਲੱਗੀਆਂ। ਮਸਲਨ ਯੂਕਰੇਨ ਦੀ ਕਣਕ ਦੀ ਸਪਲਾਈ ਰੁਕਣ ਕਾਰਨ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਧ ਗਈਆਂ। ਇਸ ਤੋਂ ਇਲਾਵਾ ਕੱਚੇ ਤੇਲ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਦੀ ਸਪਲਾਈ ਵਿੱਚ ਵੀ ਵੱਡੇ ਵਿਘਨ ਪਏ। ਇਸ ਨਾਲ ਤੇਲ ਦੀਆਂ ਕੀਮਤਾਂ ਵਧ ਗਈਆਂ ਅਤੇ ਇਸ ਨੇ ਬਾਕੀ ਸਾਰੀਆਂ ਵਸਤਾਂ ਦੀਆਂ ਕੀਮਤਾਂ ਵਧਾ ਦਿੱਤੀਆਂ। ਇਸ ਵਰਤਾਰੇ ਦੇ ਅਸਰ ਸੰਸਾਰ ਭਰ ਦੇ ਲੋਕਾਂ ਵਿੱਚ ਮਹਿਸੂਸ ਕੀਤੇ ਗਏ। ਇਨ੍ਹਾਂ ਕਾਰਨਾਂ ਕਰਕੇ ਹੀ ਅਮਰੀਕਾ ਦੇ ਆਮ ਲੋਕ ਜੋਅ ਬਾਇਡਨ ਅਤੇ ਲਿਬਰਲ ਪਾਰਟੀ, ਲੋਕਾਂ ਦੇ ਮਨੋਂ ਲੱਥ ਗਏ। ਸਾਰਾ ਯੂਰਪ ਅਤੇ ਅਮਰੀਕਾ ਯੂਕਰੇਨ ਵਿੱਚ ਜੰਗ ਲਈ ਪੂਤਿਨ ਦੀ ਤਾਨਾਸ਼ਾਹ ਸੱਤਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਪਰ ਮੇਰੇ ਹਿਸਾਬ ਨਾਲ ਜੋਅ ਬਾਇਡਨ ਪੂਤਿਨ ਨਾਲੋਂ ਇਸ ਜੰਗ ਲਈ ਵਧੇਰੇ ਜ਼ਿੰਮੇਵਾਰ ਰਿਹਾ। ਡੋਨਾਲਡ ਟਰੰਪ ਨੇ ਆਪਣੀ ਪਿਛਲੀ ਟਰਮ ਵਿੱਚ ਪੱਛਮੀ ਮੁਲਕਾਂ ਦੇ ਫੌਜੀ ਗੱਠਜੋੜ ਨਾਟੋ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਹਾਲੇ ਵੀ ਕਹਿ ਰਹੇ ਹਨ ਕਿ ਜੇ ਨਾਟੋ ਗੱਠਜੋੜ ਨੇ ਬਣੇ ਰਹਿਣਾ ਹੈ ਤਾਂ ਇਹਦੇ ਲਈ ਯੂਰਪੀ ਮੁਲਕਾਂ ਨੂੰ ਬਰਾਬਰ ਦੇ ਵਿੱਤੀ ਸਰੋਤ ਪ੍ਰਦਾਨ ਕਰਨੇ ਪੈਣਗੇ। ਟਰੰਪ ਨੇ ਇਹ ਵੀ ਕਿਹਾ ਕਿ ਰੂਸ ਦੀ ਨਾਟੋ ਤੋਂ ਖਤਰੇ ਦੀ ਭਾਵਨਾ ਵੀ ਉਹ ਸਮਝਦੇ ਹਨ। ਇਨ੍ਹਾਂ ਦੋਹਾਂ ਲੀਡਰਾਂ ਦੀ ਆਪਸ ਵਿੱਚ ਕਾਫੀ ਨੇੜਤਾ ਹੈ। ਸੱਜੇ ਪੱਖੀ ਹੋਣ ਕਾਰਨ, ਵਿਚਾਰਧਾਰਾ ਪੱਖੋਂ ਵੀ ਇੱਕ ਦੂਜੇ ਦੇ ਨੇੜੇ ਲਗਦੇ ਹਨ। ਇਸ ਦਾ ਸੰਸਾਰ ਵਿੱਚ ਜੰਗਾਂ ਨੂੰ ਰੋਕਣ ਅਤੇ ਅਮਨ ਅਮਾਨ ਕਾਇਮ ਕਰਨ ਵਿੱਚ ਕਿੰਨਾ ਕੁ ਲਾਭ ਹੁੰਦਾ ਹੈ, ਇਹਦੇ ਬਾਰੇ ਹੁਣੇ ਤੋਂ ਕੁਝ ਨਹੀਂ ਕਿਹਾ ਜਾ ਸਕਦਾ। ਇਵੇਂ ਟਰੰਪ ਬਾਰੇ ਵੀ ਕੁਝ ਪੱਕ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਕੀ ਕਰਨਗੇ। ਉੱਝ ਇਸ ਵਾਰ ਉਹ ਅਮਰੀਕਾ ਵਿੱਚ ਵੱਸਦੇ ਰੰਗ-ਬਰੰਗੇ ਅਤੇ ਕਾਲਿਆਂ ਦੇ ਭਾਈਚਾਰਿਆਂ ਪ੍ਰਤੀ ਵੀ ਹਾਂ-ਪੱਖੀ ਰੁਖ ਅਪਨਾਉਣ ਦੇ ਸੰਕੇਤ ਦੇ ਰਹੇ ਹਨ। ਇਸ ਤਰ੍ਹਾਂ ਜੇ ਉਹ ਦੇਸ਼ ਅੰਦਰਲੇ ਅਤੇ ਬਾਹਰਲੇ ਕਲੇਸ਼ੀ ਮਾਹੌਲ ਨੂੰ ਸ਼ਾਂਤ ਕਰਨ ਦਾ ਯਤਨ ਕਰਦੇ ਹਨ ਤੇ ਇਸ ਵਿੱਚ ਸਫਲ ਵੀ ਹੋ ਜਾਂਦੇ ਹਨ ਤਾਂ ਇਹ ਸੰਸਾਰ ਸਿਆਸਤ ਵਿੱਚ ਉਨ੍ਹਾਂ ਦੀ ਇਤਿਹਾਸਕ ਪ੍ਰਾਪਤੀ ਹੋਵੇਗੀ। ਉੱਝ ਵੀ ਉਹ ਕਾਰੋਬਾਰੀ ਹੋਣ ਕਾਰਨ ਆਪਣੇ ਆਪ ਨੂੰ 'ਡੀਲ ਮੇਕਰ' ਕਹਿਣਾ ਪਸੰਦ ਕਰਦੇ ਹਨ। ਆਪਣੇ ਇਸ ਕਾਰਜਕਾਲ ਵਿੱਚ ਜੇ ਉਹ ਗਾਜ਼ਾ ਅਤੇ ਯੂਕਰੇਨ ਜੰਗ ਦੇ ਮਾਮਲੇ ਵਿੱਚ ਸਫਲ 'ਡੀਲ ਮੇਕਰ' ਸਾਬਤ ਹੁੰਦੇ ਹਨ ਤਾਂ ਦੁਨੀਆਂ ਉਨ੍ਹਾਂ ਨੂੰ ਦੇਰ ਤੱਕ ਯਾਦ ਰੱਖੇਗੀ।

# ਭਾਰਤ ਦੀ ਜਨਗਣਨਾ: ਸੁੰਗੜਦੀ ਸਿੱਖ ਆਬਾਦੀ

**ਸੰਤੋਖ ਸਿੰਘ ਬੈਂਸ**
**ਫੋਨ: 312-351-3967**

ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਹਰ ਧਾਰਮਿਕ ਘੱਟਗਿਣਤੀ ਦੀ ਸੰਖਿਆਤਮਕ ਤਾਕਤ ਬਹੁਤ ਮਹੱਤਵ ਰੱਖਦੀ ਹੈ; ਪਰ ਜਿੱਥੋਂ ਤੱਕ ਸਿੱਖ ਘੱਟਗਿਣਤੀ ਦਾ ਸਬੰਧ ਹੈ, ਅਜਿਹਾ ਲੱਗਦਾ ਹੈ ਕਿ ਮੁਸਲਮਾਨਾਂ ਅਤੇ ਈਸਾਈਆਂ ਵਰਗੀਆਂ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਉਲਟ, ਭਾਰਤ ਦੇ ਸਿੱਖ ਹੁਣ ਤੱਕ ਸੰਖਿਆਤਮਕ ਤਾਕਤ ਦੀ ਮਹੱਤਤਾ ਨੂੰ ਸਮਝਣ ਵਿੱਚ ਅਸਫਲ ਰਹੇ ਹਨ। ਭਾਰਤ ਦੀ ਨਵੀਂ ਜਨਗਣਨਾ ਅਸਲ ਵਿੱਚ 2021 ਲਈ ਤਹਿ ਕੀਤੀ ਗਈ ਸੀ, ਪਰ ਕੋਵਿਡ-19 ਮਹਾਂਮਾਰੀ ਅਤੇ ਕੁਝ ਹੋਰ ਕਾਰਨਾਂ ਕਾਰਨ ਇਸ ਵਿੱਚ ਕਾਫ਼ੀ ਦੇਰੀ ਹੋ ਗਈ ਸੀ। ਹੁਣ, ਨਵੀਂ ਜਨਗਣਨਾ 2025 ਵਿੱਚ ਕਿਸੇ ਸਮੇਂ ਸ਼ੁਰੂ ਹੋਣ ਦੀ ਉਮੀਦ ਹੈ ਅਤੇ 2026 ਵਿੱਚ ਸਮਾਪਤ ਹੋਵੇਗੀ।

ਪ੍ਰਤੀਸ਼ਤ ਦੇ ਹਿਸਾਬ ਨਾਲ ਭਾਰਤ ਦੀ ਸਿੱਖ ਆਬਾਦੀ ਵੱਖ-ਵੱਖ ਕਾਰਨਾਂ ਕਰਕੇ ਲਗਾਤਾਰ ਘਟਦੀ ਜਾ ਰਹੀ ਹੈ। 2001 ਵਿੱਚ ਸਿੱਖ ਭਾਰਤ ਦੀ ਕੁੱਲ ਆਬਾਦੀ ਦਾ 1.87% ਸਨ; 2011 ਵਿੱਚ ਉਨ੍ਹਾਂ ਦੀ ਆਬਾਦੀ ਪ੍ਰਤੀਸ਼ਤਤਾ ਘਟ ਕੇ 1.72% ਹੋ ਗਈ। ਪੰਜਾਬ ਦੀ ਸਿੱਖ ਆਬਾਦੀ ਦੇ ਸਬੰਧ ਵਿੱਚ ਇਹ 2001 ਵਿੱਚ ਰਾਜ ਦੀ ਕੁੱਲ ਆਬਾਦੀ ਦਾ 59.91% ਸੀ; 2011 ਵਿੱਚ ਇਹ ਘਟ ਕੇ 57.69% ਰਹਿ ਗਈ। 2025-26 ਵਿੱਚ ਹੋਣ ਵਾਲੀ ਨਵੀਂ ਮਰਦਮਸ਼ੁਮਾਰੀ ਵਿੱਚ ਇਸ ਰਾਜ ਵਿੱਚ ਤੇਜ਼ੀ ਨਾਲ ਈਸਾਈਕਰਨ ਦੇ ਕਾਰਨ ਮੁੱਖ ਤੌਰ 'ਤੇ ਪੰਜਾਬ ਵਿੱਚ ਸਿੱਖਾਂ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਆਬਾਦੀ ਵਿੱਚ ਹੋਰ ਗਿਰਾਵਟ ਆ ਸਕਦੀ ਹੈ। ਇਹ ਕਹਿਣਾ ਦੂਰ ਨਹੀਂ ਹੋਵੇਗਾ ਕਿ ਪੰਜਾਬ ਵਿੱਚ ਸਿੱਖਾਂ ਦੀ ਪ੍ਰਤੀਸ਼ਤ ਆਬਾਦੀ ਜਲਦੀ ਹੀ 50% ਤੋਂ ਹੇਠਾਂ ਆ ਸਕਦੀ ਹੈ (ਜੇ ਇਹ ਪਹਿਲਾਂ ਹੀ ਇਸ ਪੱਧਰ ਤੱਕ ਨਾ ਆਈ ਹੋਵੇ)।

ਭਾਰਤ ਦੇ ਮੁਸਲਮਾਨ, ਜੋ ਦੇਸ਼ ਦੀ ਇੱਕ ਵੱਡੀ ਘੱਟਗਿਣਤੀ ਆਬਾਦੀ ਦਾ ਗਠਨ ਕਰਦੇ ਹਨ, ਆਪਣੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਉਨ੍ਹਾਂ ਨੂੰ ਆਪਣੀ ਨੀਤੀ ਬਣਾਉਣ ਵਿੱਚ ਸ਼ਾਮਲ ਕਰਨ ਲਈ ਰਾਜਨੀਤਿਕ ਪਾਰਟੀਆਂ 'ਤੇ ਸਫਲਤਾਪੂਰਵਕ ਦਬਾਅ ਪਾਉਂਦੇ ਹਨ। ਇਹ ਆਮ ਤੌਰ 'ਤੇ ਕਈ ਰਾਜਾਂ ਵਿੱਚ ਉਨ੍ਹਾਂ ਦੇ ਭਲਾਈ ਪ੍ਰੋਗਰਾਮਾਂ ਲਈ ਫੰਡਾਂ ਦੀ ਵੰਡ ਨੂੰ ਵਧਾਉਂਦਾ ਹੈ। ਨਾਲ ਹੀ, ਜੰਮੂ ਅਤੇ ਕਸ਼ਮੀਰ ਵਿੱਚ ਮੁਸਲਮਾਨ ਬਹੁਗਿਣਤੀ ਭਾਈਚਾਰਾ ਹੈ।



ਭਾਰਤ ਦੇ ਈਸਾਈਆਂ ਦੀ ਗੱਲ ਕਰੀਏ ਤਾਂ ਦੇਸ਼ ਭਰ ਵਿੱਚ ਉਨ੍ਹਾਂ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਭਾਰਤ ਦੇ ਤਿੰਨ ਉੱਤਰ-ਪੂਰਬੀ ਰਾਜ ਨਾਗਾਲੈਂਡ, ਮਿਜ਼ੋਰਮ ਅਤੇ ਮੇਘਾਲਿਆ ਪਹਿਲਾਂ ਹੀ ਈਸਾਈ ਬਹੁਗਿਣਤੀ ਵਾਲੇ ਸੂਬੇ ਹਨ। ਪਿਛਲੇ ਕਈ ਸਾਲਾਂ ਤੋਂ ਜੰਗੀ ਪੱਧਰ 'ਤੇ ਪੰਜਾਬ ਅਧਾਰਤ ਈਸਾਈ ਮਿਸ਼ਨਰੀਆਂ ਦੀਆਂ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਕਾਰਨ ਪੰਜਾਬ ਦੀ ਮੌਜੂਦਾ ਈਸਾਈ ਆਬਾਦੀ ਸ਼ਾਇਦ ਲਗਭਗ 45 ਲੱਖ (ਸੂਬੇ ਦੀ ਆਬਾਦੀ ਦਾ ਲਗਭਗ 15 ਪ੍ਰਤੀਸ਼ਤ) ਹੈ। ਇਹ ਸੱਚਮੁੱਚ ਵਿਡੰਬਨਾ ਹੈ ਕਿ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ 700 ਤੋਂ ਵੱਧ ਚਰਚ ਹਨ, ਜਿੱਥੇ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵਰਗੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਸਥਿਤ ਹਨ। ਏਸ਼ੀਆ ਦਾ ਸਭ ਤੋਂ ਵੱਡਾ ਅਤੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਚਰਚ ਜਲੰਧਰ ਵਿੱਚ ਲਗਭਗ 2,000 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ।

ਜਿਵੇਂ ਕਿ ਪੰਜਾਬ ਦੀਆਂ ਕਈ ਈਸਾਈ ਸੰਸਥਾਵਾਂ ਦੁਆਰਾ ਅਨੁਮਾਨ ਲਗਾਇਆ ਜਾ ਰਿਹਾ ਹੈ, ਇਹ ਰਾਜ ਯਕੀਨੀ ਤੌਰ 'ਤੇ ਭਵਿੱਖ ਵਿੱਚ ਇਸਾਈ ਬਹੁਗਿਣਤੀ ਵਾਲਾ ਰਾਜ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਆਪਣੀ ਲਗਾਤਾਰ ਵੱਧ ਰਹੀ ਆਬਾਦੀ ਦੇ ਮੱਦੇਨਜ਼ਰ ਪੰਜਾਬ ਦੇ ਈਸਾਈ ਹੁਣ ਰਾਜ ਦੀ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਦੀ ਮੰਗ ਕਰ ਰਹੇ ਹਨ; ਉਹ ਪੰਜਾਬ ਦੀਆਂ ਸਰਕਾਰੀ ਨੌਕਰੀਆਂ ਵਿੱਚ ਆਪਣੇ ਲਈ 2 ਫ਼ੀ ਸਦੀ ਰਾਖਵਾਂਕਰਨ ਦੀ ਵੀ ਮੰਗ ਕਰ ਰਹੇ ਹਨ।

ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਮੱਧ ਪ੍ਰਦੇਸ਼, ਪੰਜਾਬ, ਹਰਿਆਣਾ, ਗੁਜਰਾਤ ਅਤੇ ਰਾਜਸਥਾਨ ਵਿੱਚ 5 ਕਰੋੜ ਤੋਂ ਵੱਧ ਸਿਕਲੀਗਰ ਅਤੇ ਵਣਜਾਰਾ ਬਰਾਦਰੀ ਦੇ ਲੋਕ ਵੱਸਦੇ ਹਨ। ਇਸ ਤੋਂ ਇਲਾਵਾ, ਛੱਤੀਸਗੜ੍ਹ, ਝਾਰਖੰਡ, ਪੱਛਮੀ ਬੰਗਾਲ ਅਤੇ ਮੱਧ ਪ੍ਰਦੇਸ਼ ਵਿੱਚ ਲਗਭਗ ਇੱਕ ਕਰੋੜ ਸਤਨਾਮੀਆਂ ਵਸੀਆਂ ਹੋਈਆਂ ਹਨ। ਜਦੋਂ ਕਿ ਲਗਭਗ 20,000 ਜੌਹਰੀ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਰਹਿੰਦੇ ਹਨ, ਹੋਰ 20,000 ਥਰੂ ਉੱਤਰ ਪ੍ਰਦੇਸ਼ ਵਿੱਚ ਵਸੇ ਹੋਏ ਹਨ। ਇਹ ਸਾਰੇ ਮੂਲ ਰੂਪ ਵਿੱਚ ਸਿੱਖ ਹਨ, ਪਰ ਮੁੱਖ ਧਾਰਾ ਦੇ ਸਿੱਖਾਂ ਦੀ ਬੇਰੁਖ਼ੀ ਅਤੇ ਉਨ੍ਹਾਂ ਵਿੱਚ ਸਹੀ ਸਿੱਖ ਧਰਮ ਪ੍ਰਚਾਰ ਦੀ ਅਣਹੋਂਦ ਕਾਰਨ ਇਨ੍ਹਾਂ ਦਾ ਸਿੱਖ ਧਰਮ ਨਾਲ ਸਬੰਧ ਕਮਜ਼ੋਰ ਹੋ ਗਿਆ ਹੈ।

ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਨੂੰ ਆਪਣੇ ਸਹਿ-ਧਰਮੀਆਂ ਵਜੋਂ ਅਪਣਾਈਏ ਅਤੇ ਉਨ੍ਹਾਂ ਨੂੰ ਸਿੱਖਿਆ, ਸਿਹਤ, ਕਿੱਤਾਮੁਖੀ ਸਿਖਲਾਈ ਆਦਿ ਦੇ ਵੱਖ-ਵੱਖ ਖੇਤਰਾਂ ਵਿੱਚ ਉਚਿਤ ਸਹਾਇਤਾ ਤੇ ਮਾਰਗਦਰਸ਼ਨ ਪ੍ਰਦਾਨ ਕਰੀਏ; ਨਾਲ ਹੀ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਬਾਣੀ ਕੀਰਤਨ ਸਿਖਾਉਣ ਦਾ ਵੀ ਯੋਗ ਪ੍ਰਬੰਧ ਕੀਤਾ ਜਾਵੇ। ਜਿੱਥੇ ਵੀ ਲੋੜ ਹੋਵੇ, ਉਨ੍ਹਾਂ ਲਈ ਨਵੇਂ ਗੁਰਦੁਆਰੇ ਸਥਾਪਿਤ ਕੀਤੇ ਜਾਣ।

ਜਗਮੋਹਨ ਸਿੰਘ ਗਿੱਲ ਨੇ ਆਪਣੀ ਹਾਲ ਹੀ ਵਿੱਚ ਪ੍ਰਕਾਸ਼ਿਤ ਪੁਸਤਕ 'ਐਕਸਪਲੋਰਿੰਗ ਦ ਸਿੱਖ ਰੂਟਸ ਇਨ ਈਸਟਰਨ ਇੰਡੀਆ' ਵਿੱਚ ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਪੇਂਡੂ ਅਤੇ ਸ਼ਹਿਰੀ ਖੇਤਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਹੈ, ਜਿੱਥੇ ਹਜ਼ਾਰਾਂ ਸਹਿਜਧਾਰੀ, ਨਾਨਕਪੰਥੀ ਅਤੇ ਅਨੇਕ ਉਦਾਸੀਆਂ ਤੇ ਨਿਰਮਲੇ ਪੈਰੋਕਾਰ ਹਨ। ਜੇਕਰ ਉਨ੍ਹਾਂ ਵਿੱਚ ਸਹੀ ਸਿੱਖ ਧਰਮ ਪ੍ਰਚਾਰ ਇਮਾਨਦਾਰੀ ਨਾਲ ਕੀਤਾ ਜਾਵੇ ਤਾਂ ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਰਸਮੀ ਤੌਰ 'ਤੇ ਸਿੱਖ ਧਰਮ ਵਿੱਚ ਲਿਆਂਦਾ ਜਾ ਸਕਦਾ ਹੈ।

ਇਹ ਸਪੱਸ਼ਟ ਹੈ ਕਿ ਸਿਕਲੀਗਰ, ਵਣਜਾਰਾ, ਲੋਬਾਣ, ਸਤਨਾਮੀ, ਜੌਹਰੀ, ਥਾਰੂ, ਨਾਨਕਪੰਥੀ, ਸਿੰਧੀ ਅਤੇ ਵੱਖ-ਵੱਖ ਉਦਾਸੀਆਂ ਅਤੇ ਨਿਰਮਲਾ ਡੇਰਿਆਂ ਦੇ ਪੈਰੋਕਾਰਾਂ ਨੂੰ ਭਾਰਤ ਦੀ ਮਰਦਮਸ਼ੁਮਾਰੀ ਵਿੱਚ ਸਿੱਖ ਨਹੀਂ ਗਿਣਿਆ ਗਿਆ। ਇਸ ਸਥਿਤੀ ਨੂੰ ਹੁਣ ਬਦਲਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਅੰਮ੍ਰਿਤਸਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਮਹੱਤਵਪੂਰਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਅਤੇ ਵੱਖ-ਵੱਖ ਮਹੱਤਵਪੂਰਨ ਸਿੱਖ ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਕਿ ਉਪਰੋਕਤ ਜ਼ਿਕਰ ਕੀਤੇ ਵੱਖ-ਵੱਖ ਭਾਈਚਾਰਿਆਂ ਦੇ ਸਾਰੇ ਮੈਂਬਰਾਂ ਨੂੰ ਦੇਸ਼ ਦੀ ਆਉਣ ਵਾਲੀ ਜਨਗਣਨਾ ਵਿੱਚ ਸਿੱਖਾਂ ਵਜੋਂ ਸੂਚੀਬੱਧ ਕੀਤਾ ਜਾਵੇ। ਗਰੀਬ ਅਤੇ ਅਨਪੜ੍ਹ ਨਾਨਕਪੰਥੀਆਂ ਅਤੇ ਹੋਰਾਂ ਦੇ ਮਾਮਲੇ ਵਿੱਚ, ਬਹੁਤ ਕੁਝ ਜ਼ਮੀਨੀ ਗਿਣਤੀ ਕਰਨ ਵਾਲਿਆਂ 'ਤੇ ਨਿਰਭਰ ਕਰਦਾ ਹੈ। ਇਸ ਲਈ ਸਿੱਖ ਆਗੂਆਂ ਨੂੰ ਅਜਿਹੇ ਮਾਮਲਿਆਂ ਵਿੱਚ ਬਹੁਤ ਚੌਕਸ ਰਹਿਣਾ ਚਾਹੀਦਾ ਹੈ ਤਾਂ ਜੋ ਸਬੰਧਤ ਵਿਅਕਤੀਆਂ ਨੂੰ ਸਿੱਖ ਵਜੋਂ ਸੂਚੀਬੱਧ ਕੀਤਾ ਜਾ ਸਕੇ।

ਇਸ ਤਰ੍ਹਾਂ ਭਾਰਤ ਦੀ ਅਗਲੀ ਮਰਦਮਸ਼ੁਮਾਰੀ ਵਿੱਚ ਸਿੱਖਾਂ ਦੀ ਆਬਾਦੀ ਲਗਭਗ 7 ਕਰੋੜ ਦੇ ਰੂਪ ਵਿੱਚ ਦਿਖਾਈ ਦੇਣੀ ਚਾਹੀਦੀ ਹੈ। ਜੇਕਰ ਅਸੀਂ ਅੱਜ ਨਾ ਜਾਗੇ ਤਾਂ ਕੱਲ੍ਹ ਬਹੁਤ ਦੇਰ ਹੋ ਸਕਦੀ ਹੈ।

# ਬਿਪਰਨ ਕੀ ਰੀਤ ਦੇ ਰਾਹ ਪੈ ਚੁੱਕੇ ਸਿੱਖ

ਇਹ ਸੱਚ ਹੈ ਕਿ ਸਿਆਸੀ ਰਿਸ਼ਤਿਆਂ ਨੂੰ ਸਭ ਤੋਂ ਤਾਕਤਵਰ ਮੰਨਿਆ ਜਾਂਦਾ ਹੈ। ਸਿਆਸੀ ਮੁਹਾਜ਼ ਉੱਪਰ ਹੀ ਕਿਸੇ ਸਮਾਜ/ਕੌਮ ਦੀ ਤਕਦੀਰ ਘੜੀ ਜਾਂਦੀ ਹੈ। ਸਿਆਸੀ ਪਿੜ ਵਿੱਚ ਸਟੇਟ ਨੂੰ ਸਭ ਤੋਂ ਤਾਕਤਵਰ ਜਮਾਤ ਮੰਨਿਆ ਗਿਆ ਹੈ। ਹੁਣ ਇੱਥੇ ਇਸ ਸੁਆਲ ਨੂੰ ਸੰਬੋਧਨ ਹੋਇਆ ਜਾਵੇ ਕਿ ਅਸਲ ਵਿੱਚ ਸਟੇਟ ਕੀ ਹੈ? ਮਨੁੱਖ ਆਰੰਭ ਵਿੱਚ ਦੂਜੇ ਜੀਵਾਂ ਵਰਗਾ ਇੱਕ ਪ੍ਰਾਣੀ ਹੀ ਸੀ ਅਤੇ ਉਹ ਆਪਣੀਆਂ ਬਾਇਓਲੋਜੀਕਲ ਰੁਚੀਆਂ ਦਾ ਚਲਾਇਆ ਜੀਵਨ ਬਸਰ ਕਰਦਾ ਸੀ। ਮੌਜੂਦਾ ਸਮੇਂ ਦੀ ਸੋਝੀ ਤੱਕ ਪੁੱਜਣ ਲਈ ਮਨੁੱਖ ਨੂੰ ਆਪਣੇ ਆਲੇ-ਦੁਆਲੇ ਨਾਲ ਲੱਖਾਂ ਸਾਲ ਸੰਘਰਸ਼ ਵਿੱਚੋਂ ਲੰਘਣਾ ਪਿਆ। ਉਸਦੇ ਇਸ ਮਨੁੱਖੀ ਸੰਘਰਸ਼ ਦੀ ਗਾਥਾ ਹੀ ਮਨੁੱਖ ਦੀ ਸਮਾਜਿਕ ਉਸਾਰੀ ਦਾ ਅਮਲ ਆਖੀ ਜਾਂਦੀ ਹੈ। ਇਸੇ ਸਮਾਜਿਕ ਉਸਾਰੀ ਦੇ ਅਮਲ ਦੇ ਚਲਦਿਆਂ ਇੱਕ ਸਟੇਜ ਉੱਪਰ ਆ ਕੇ ਸਟੇਟ ਦੀ ਪੈਦਾਇਸ਼ ਹੋਈ ਅਤੇ ਸਮੇਂ ਸਮੇਂ ਮਨੁੱਖ ਨੇ ਆਪਣੀ ਸਮਾਜਿਕ ਸੋਝੀ ਨੂੰ ਵਰਤਦਿਆਂ ਸਟੇਟ ਦੇ ਨਕਸ਼ਾਂ ਤੇ ਮੁਹਾਂਦਰਿਆਂ ਨੂੰ ਵਾਰ ਵਾਰ ਬਦਲਿਆ।

ਸਟੇਟ ਦਾ ਮੌਜੂਦਾ ਰੂਪ ਵੀ ਸਦੀਵੀ ਨਹੀਂ ਹੈ ਅਤੇ ਇੱਥੋਂ ਤੱਕ ਵੀ ਸੋਚਿਆ ਜਾ ਸਕਦਾ, ਮਨੁੱਖ ਦੀ ਸਮਾਜਿਕ ਉਸਾਰੀ ਦੇ ਇਸ ਅਮਲ ਦੌਰਾਨ ਇੱਕ ਸਮਾਂ ਅਜਿਹਾ ਵੀ ਆਏ ਕਿ ਸਟੇਟ ਪੂਰੀ ਤਰ੍ਹਾਂ ਅਲੋਪ ਹੋ ਜਾਵੇ। ਮਨੁੱਖ ਦੀ ਸਮਾਜਿਕ ਉਸਾਰੀ ਦੀ ਇਹ ਇਤਿਹਾਸਕ ਪ੍ਰਕਿਰਿਆ ਇਹ ਦਰਸਾਉਂਦੀ ਹੈ ਕਿ ਮਨੁੱਖ ਆਪਣੇ ਅਮਲਾਂ ਤੋਂ ਸਿੱਖਦਾ ਹੋਇਆ ਨਵੇਂ ਸਿਧਾਂਤ ਘੜਦਾ ਤੇ ਇਨ੍ਹਾਂ ਸਿਧਾਂਤਾਂ ਦੀ ਦਿਸ਼ਾ ਵਿੱਚ ਬਦਲਵੇਂ ਅਮਲ ਦਾ ਸਿਲਸਿਲਾ ਆਰੰਭ ਕਰ ਦਿੰਦਾ ਹੈ। ਮਨੁੱਖੀ ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਵੀ ਕਿਸੇ ਸਮਾਜ ਜਾਂ ਕੌਮ ਨੇ ਆਪਣੇ ਅਮਲਾਂ ਤੋਂ ਨਿਕਲਣ ਵਾਲੇ ਨਤੀਜਿਆਂ ਤੋਂ ਸਬਕ ਸਿੱਖ ਕੇ ਬਦਲਵੇਂ ਤੇ ਢੁਕਵੇਂ ਤਰੀਕਿਆਂ ਨੂੰ ਮੰਨਣ ਤੋਂ ਆਨਾ-ਕਾਨੀ ਕੀਤੀ, ਉਨ੍ਹਾਂ ਦਾ ਅਜਿਹਾ ਰਵੱਈਆ ਉਸ ਸਮਾਜ ਦੀ ਬਰਬਾਦੀ ਦਾ ਕਾਰਨ ਸਾਬਤ ਹੋਇਆ ਹੈ। ਮਨੁੱਖ ਦੀ ਕਿਸਮਤ ਦੀ ਘਾੜਤ ਉਸਦੇ ਆਚਾਰ (ਅਮਲ) ਨੇ ਤੈਅ ਕਰਨੀ ਹੁੰਦੀ ਹੈ, ਨਾ ਕਿ ਉਸ ਵੱਲੋਂ ਬੋਲੇ ਜਾ ਰਹੇ ਸ਼ਬਦਾਂ (ਸੱਚ) ਨੇ ਇਹ ਨਿਰਣਾ ਕਰਨਾ ਹੁੰਦਾ ਹੈ। ਸਤਿਗੁਰਾਂ ਨੇ ਆਪਣੀ ਬਾਣੀ 'ਚ ਸੱਚ ਅਤੇ ਸੱਚ ਦੇ ਰਾਹ ਦੀ ਵਿਆਖਿਆ ਦਰਸਾਉਂਦੇ ਸੱਚ ਆਚਾਰ ਨੂੰ ਸਭ ਤੋਂ ਉੱਤਮ ਦਰਸਾਇਆ ਹੈ। ਸੱਚ ਆਚਾਰ ਦੇ ਪੱਖੋਂ ਕਿਸੇ ਸਮਾਜ ਬਾਰੇ ਕੋਈ ਨਿਰਣਾ ਬਣਾਉਣ ਲਈ ਮਨੁੱਖ ਦਾ ਧਿਆਨ ਸਭ ਤੋਂ ਪਹਿਲਾਂ ਉਸ ਸਮਾਜ ਦੇ ਆਗੂਆਂ ਅਤੇ ਸੰਸਥਾਵਾਂ ਦੇ ਅਮਲ ਵੱਲ ਜਾਂਦਾ ਹੈ। ਇਸ ਮੱਤ ਪਿੱਛੇ ਇਹ ਸੋਝੀ ਕੰਮ ਕਰਦੀ ਹੈ ਕਿ ਆਗੂ ਤੇ ਸੰਸਥਾਵਾਂ ਕਿਸੇ ਸਮਾਜ ਦੀ ਹੀ ਪਰਛਾਈ ਹੁੰਦੇ ਹਨ। ਇਸ ਨਜ਼ਰੀਏ ਤੋਂ ਤੱਕਿਆਂ ਜਦੋਂ ਅਸੀਂ ਸਿੱਖ ਕੌਮ ਦੇ ਵੱਖ-ਵੱਖ ਖੇਤਰਾਂ ਵਿੱਚ ਵਿਚਰ ਰਹੀ ਲੀਡਰਸ਼ਿਪ ਅਤੇ ਸੰਸਥਾਵਾਂ ਦੇ ਕਿਰਦਾਰ (ਆਚਾਰ) ਉੱਤੇ ਨਜ਼ਰ ਮਾਰੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ।

ਸਿੱਖਾਂ ਦੇ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਨਜ਼ਰ ਆਉਂਦੀਆਂ ਬੁਰਾਈਆਂ ਨੇ ਵਿਨਾਸ਼ ਦਾ ਰੂਪ ਧਾਰ ਲਿਆ ਹੈ। ਸਾਡੇ ਧਾਰਮਿਕ ਅਤੇ ਰਾਜਸੀ ਆਗੂ ਇਸ ਹੋ ਰਹੇ ਵਿਨਾਸ਼ ਪ੍ਰਤੀ ਗੰਭੀਰ ਹੋਣ ਦੀ ਬਜਾਏ ਆਪਣੇ ਅਮਲਾਂ ਰਾਹੀਂ ਇਸ ਵਿਨਾਸ਼ ਵਿੱਚ ਵਾਧੇ ਦਾ ਕਾਰਨ ਸਾਬਤ ਹੋ ਰਹੇ ਹਨ। ਸਾਡੇ ਕਿਸੇ ਵੀ ਖੇਤਰ ਵਿੱਚ ਅਜਿਹੀ ਕਿਸੇ ਸ਼ਖਸੀਅਤ ਦਾ ਉਭਾਰ ਨਜ਼ਰ ਨਹੀਂ ਆਉਂਦਾ, ਜਿਸ ਨੂੰ ਮਾਡਲ ਮੰਨ ਕੇ ਸਿੱਖ ਜਵਾਨੀ ਆਪਣੀ ਜ਼ਿੰਦਗੀ ਦੀ ਉਸਾਰੀ ਕਰ ਸਕੇ। ਧਾਰਮਿਕ ਅਤੇ ਸੱਭਿਆਚਾਰਕ ਉਸਾਰੀ ਤੋਂ ਬਿਨਾ ਕਿਸੇ ਕੌਮ ਜਾਂ ਭਾਈਚਾਰੇ ਦੇ ਰਾਜਸੀ ਚਰਿੱਤਰ ਦੇ ਨਿਰਮਾਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਅਕਸਰ ਇਹੀ ਮੰਨਿਆ ਜਾਂਦਾ ਹੈ ਕਿ ਕੋਈ ਵੀ ਸਿਧਾਂਤ ਕਿਸੇ ਦੂਸਰੇ ਇਖਲਾਕ (ਆਚਾਰ) ਜਾਂ ਸਾਧਨ (ਰਾਜਸੀ ਵਿਧੀ) ਰਾਹੀਂ ਆਪਣੇ ਮਿੱਥੇ ਕੌਮੀ ਨਿਸ਼ਾਨਿਆਂ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸੇ ਕਰਕੇ ਗੁਰੂ ਸਾਹਿਬਾਨ ਨੇ ਖ਼ਾਲਸੇ ਦੀ ਘਾੜਤ ਘੜਦੇ ਹੋਏ ਪੰਥਕ ਪ੍ਰਭੂਸੱਤਾ ਦੇ ਸੰਕਲਪ ਨੂੰ ਉਸਦੀ ਮਾਨਸਿਕਤਾ ਵਿੱਚ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਸੀ। ਸਿੱਖ ਦੀ ਸ਼ਖ਼ਸੀ ਰਹਿਣੀ ਨੂੰ ਸੰਤ-ਸਿਪਾਹੀ ਵਜੋਂ ਉਸਾਰਿਆ ਗਿਆ ਭਾਵ ਕਿ ਧਾਰਮਿਕ ਅਤੇ ਰਾਜਸੀ ਖੇਤਰਾਂ ਵਿੱਚ ਦੋਹਰੀ ਪ੍ਰਭੂਸੱਤਾ ਦਾ ਸੁਆਮੀ ਬਣਾ ਦਿੱਤਾ। ਇਸ ਸ਼ਖ਼ਸੀ ਗੁਣ ਸਦਕਾ ਅਠਾਰਵੀਂ ਸਦੀ ਦੌਰਾਨ ਖਾਲਸਾ ਸਟੇਟ ਦੇ ਅੰਦਰ ਇੱਕ ਸਟੇਟ ਬਣ ਕੇ ਆਪਣੇ ਇਖਲਾਕ ਦੇ ਝੰਡੇ ਬੁਲੰਦ ਕੀਤੇ ਸਨ।

ਅੱਜ ਹਾਲਾਤ ਇਹ ਹੋ ਗਏ ਹਨ ਕਿ ਸਿੱਖਾਂ ਨੇ ਆਪਣੇ ਸੰਤ ਗੁਣ ਨੂੰ ਗੱਦੀਧਾਰੀ ਸਾਧਾਂ ਅੱਗੇ ਅਤੇ ਆਪਣੇ ਸਿਪਾਹੀ ਗੁਣ ਨੂੰ ਟੌਡੀਪੁਣੇ ਤੇ ਬੁਰਛਾਗਰਦੀ ਦੀ ਝੋਲੀ ਪਾ ਦਿੱਤਾ ਹੈ। ਅਜਿਹੀ ਹਾਲਤ ਵਿੱਚ ਖਾਲਸਾਈ ਪ੍ਰਭੂਸੱਤਾ (ਰਾਜਸੀ ਸਟੇਟ) ਸਿਰਜਣ ਦੇ ਦਾਅਵੇ ਕੇਵਲ ਨਾਅਰਿਆਂ ਦੀ ਮੌਕਾਪ੍ਰਸਤ ਸਿਆਸਤ ਤੋਂ ਵੱਧ ਕੋਈ ਅਰਥ ਨਹੀਂ ਰੱਖਦੇ। ਸਿੱਖ ਬਿਪਰਨ ਕੀ ਰੀਤ ਦੇ ਰਾਹੇ ਪੈ ਚੁੱਕੇ ਹਨ, ਗੁਰੂ ਸਾਹਿਬ ਦਾ ਸਾਡੇ ਨਾਲ ਵਚਨ ਹੈ ਕਿ ਜਦੋਂ ਤੱਕ ਖ਼ਾਲਸਾ ਆਪਣੇ ਨਿਆਰੇਪਣ (ਸੰਤ-ਸਿਪਾਹੀ ਗੁਣ) ਨੂੰ ਕਾਇਮ ਰੱਖੇਗਾ, ਉਦੋਂ ਤੱਕ ਮੈਂ ਉਸ ਨੂੰ ਹਰ ਤਾਕਤ ਦਾ ਸੁਆਮੀ ਬਣਾ ਕੇ ਰੱਖਾਂਗਾ, ਪਰ ਜਦੋਂ ਖ਼ਾਲਸਾ ਬਿਪਰਨ ਕੀ ਰੀਤ ਦੇ ਰਾਹੇ ਪੈ ਗਿਆ ਤਾਂ ਮੇਰੀਆਂ ਦਿੱਤੀਆਂ ਸਾਰੀਆਂ ਬਖ਼ਸ਼ਿਸ਼ਾਂ ਤੋਂ ਰਹਿਤ ਹੋ ਜਾਵੇਗਾ। ਇਤਿਹਾਸ ਦੇ ਇਸ ਸੰਕਟਮਈ ਮੋੜ ਉੱਤੇ ਖੜ੍ਹ ਕੇ ਸਾਨੂੰ ਸਾਰਿਆਂ ਨੂੰ ਆਪੋਧਾਪੀ-ਆਪਣੇ ਦਾਅਵਿਆਂ ਨੂੰ ਇਸ ਪ੍ਰਸੰਗ ਵਿੱਚ ਪੜਚੋਲਣ ਦੀ ਲੋੜ ਹੈ। ਗੁਰੂ ਸਭ ਦੇ ਅੰਗ-ਸੰਗ ਸਹਾਈ ਹੋਵੇ!

*-ਅਮਰੀਕ ਸਿੰਘ ਮੁਕਤਸਰ*

**Matrimonials**

**ਲੜਕੀ ਦੀ ਲੋੜ ਹੈ**

ਜੱਟ ਸਿੱਖ ਗਿੱਲ, ਉਮਰ 24 ਸਾਲ, ਕੱਦ 5'-10" ਕੈਨੇਡੀਅਨ ਜੰਮਪਲ ਦਸਤਾਰਧਾਰੀ ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿੱਚ ਕੰਮ ਕਰ ਰਿਹਾ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਨੂੰ ਪਹਿਲ। ਸੰਪਰਕ ਕਰੋ: +1-604-763-7068 ਜਾਂ ਈਮੇਲ: gillco1977@gmail.com

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh
**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੇਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਚੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ
ਅਜੈਬ ਸਿੰਘ ਲੱਖਣ
ਹਰਮੀਕ ਸਿੰਘ ਗਿਰਨ

# ਧੱਕੇਸ਼ਾਹੀ ਜਾਰੀ: ਤਲੀਆਂ ’ਤੇ ਫਿਰ ਮੌਤ ਧਰੀ

**ਜ਼ਾਹਿਦ ਹੁਸੈਨ, ਬਿਊਰੋ**

ਨਵਾਂ ਸਾਲ ਗਾਜ਼ਾ ਵਿੱਚ ਇਜ਼ਰਾਇਲ ਦੀ ਨਸਲਕੁਸ਼ੀ ਦੀ ਲੜਾਈ ਦੇ ਅੰਤ ਲਈ ਬਹੁਤੀ ਉਮੀਦ ਲੈ ਕੇ ਨਹੀਂ ਆਇਆ ਹੈ, ਜਿਸ ਵਿੱਚ ਅਕਤੂਬਰ 2023 ਵਿੱਚ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 46,000 ਤੋਂ ਵੱਧ ਫਲਿਸਤੀਨੀਆਂ ਦੀ ਮੌਤ ਹੋ ਚੁੱਕੀ ਹੈ। ਜ਼ੀਓਨਿਸਟ ਸ਼ਾਸਨ ਨੇ, ਜੋ ਵੀ ਬਚਿਆ ਹੈ, ਉਸ ਨੂੰ ਨਿਸ਼ਾਨਾ ਬਣਾਉਂਦੇ ਹੋਏ ਇਨਕਲੇਵ ਉੱਤੇ ਆਪਣੀ ਬੰਬਾਰੀ ਤੇਜ਼ ਕਰ ਦਿੱਤੀ ਹੈ। ਗਾਜ਼ਾ ਵਿੱਚ ਸਿਹਤ ਸਹੂਲਤਾਂ ਅਤੇ ਜੰਗਬੰਦੀ ਲਈ ਨਵੇਂ ਸਿਰੇ ਤੋਂ ਕੀਤੇ ਗਏ ਧੱਕੇ ਦੇ ਵਿਚਕਾਰ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ।

ਯੁੱਧ ਨੂੰ ਖਤਮ ਕਰਨ ਵਿੱਚ ਮਹੀਨਿਆਂ ਦੀ ਗੱਲਬਾਤ ਅਸਫਲ ਰਹੀ ਹੈ ਅਤੇ ਇਸ ਗੱਲ ਦੀ ਬਹੁਤ ਘੱਟ ਉਮੀਦ ਹੈ ਕਿ ਮਿਸਰ ਤੇ ਕਤਰ ਦੁਆਰਾ ਕੀਤੀ ਗਈ ਵਿਚੋਲਗੀ ਗੱਲਬਾਤ ਦਾ ਨਵਾਂ ਦੌਰ ਸਫਲ ਹੋਵੇਗਾ; ਜਦੋਂ ਕਿ ਹਮਾਸ ਨੇ ਕਿਹਾ ਹੈ ਕਿ ਉਹ ਇੱਕ ਸਮਝੌਤੇ ‘ਤੇ ਪਹੁੰਚਣ ਲਈ ਵਚਨਬੱਧ ਹੈ; ਇੱਕ ਸੰਭਾਵੀ ਸੌਦੇ ਵਿੱਚ ਇੱਕ ਮੁੱਖ ਰੁਕਾਵਟ ਇੱਕ ਸਥਾਈ ਜੰਗਬੰਦੀ ਪ੍ਰਤੀ ਇਜ਼ਰਾਇਲ ਦੀ ਝਿਜਕ ਰਹੀ ਹੈ।

ਇਜ਼ਰਾਇਲੀ ਹਵਾਈ ਹਮਲਿਆਂ ਵਿੱਚ ਵਾਧੇ ਨੇ ਗਾਜ਼ਾ ਦੀ ਬੇਸਹਾਰਾ ਆਬਾਦੀ ਲਈ ਸਿਰਫ ਹੋਰ ਮੌਤਾਂ ਅਤੇ ਦੁੱਖ ਲਿਆਂਦੇ ਹਨ। ਲਗਾਤਾਰ ਬੰਬਾਰੀ ਨੇ ਖੇਤਰ ਵਿੱਚ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਵਿਗਾੜ ਦਿੱਤਾ ਹੈ, ਜਿਸ ਨਾਲ 10 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਬਿਨਾ ਆਸਰਾ ਅਤੇ ਡਾਕਟਰੀ ਸਹੂਲਤਾਂ ਦੇ, ਬੱਚੇ ਕੜਾਕੇ ਦੀ ਠੰਡ ਵਿੱਚ ਮਰ ਰਹੇ ਹਨ; ਇਜ਼ਰਾਇਲੀ ਹਮਲੇ ਨੇ ਕੰਬਲ ਅਤੇ ਟੈਂਟਾਂ ਸਮੇਤ ਮਾਨਵਤਾਵਾਦੀ ਸਹਾਇਤਾ ਦੇ ਦਾਖਲੇ ‘ਤੇ ਪਾਬੰਦੀ ਲਾ ਦਿੱਤੀ ਹੈ।

ਯੁੱਧ ਵਿੱਚ ਲਗਭਗ 18,000 ਬੱਚਿਆਂ ਦੀ ਮੌਤ ਹੋ ਗਈ ਹੈ; ਯੁੱਧ ਦਾ ਸਮਰਥਨ ਅਤੇ ਵਿੱਤੀ ਸਹਾਇਤਾ ਯੂ.ਐਸ. ਵਿੱਚ ਬਾਹਰ ਜਾਣ ਵਾਲੇ ਜੋਅ ਬਾਇਡਨ ਪ੍ਰਸ਼ਾਸਨ ਦੁਆਰਾ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਇਜ਼ਰਾਇਲੀ ਬੰਬਾਰੀ ਨੇ ਗਾਜ਼ਾ ਦੇ 90 ਪ੍ਰਤੀਸ਼ਤ ਘਰਾਂ ਨੂੰ ਤਬਾਹ ਕਰ ਦਿੱਤਾ ਹੈ ਜਾਂ ਨੁਕਸਾਨ ਪਹੁੰਚਾਇਆ ਹੈ। ਸੰਯੁਕਤ ਰਾਸ਼ਟਰ (ਯੂ.ਐਨ.) ਦੇ ਮਨੁੱਖੀ ਅਧਿਕਾਰ ਦਫਤਰ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਹਸਪਤਾਲਾਂ ਅਤੇ ਮੈਡੀਕਲ ਕਰਮਚਾਰੀਆਂ ‘ਤੇ ਲਗਾਤਾਰ ਹਮਲਿਆਂ ਨੇ ਇਨਕਲੇਵ ਵਿੱਚ ਸਿਹਤ ਸੰਭਾਲ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਢਹਿ-ਢੇਰੀ ਕਰਨ ਦੇ ਕੰਢੇ ‘ਤੇ ਲਿਆ ਦਿੱਤਾ ਹੈ, ਜੋ ਕਿ ਹਸਪਤਾਲਾਂ ਨੂੰ ਘੇਰਾਬੰਦੀ ਤੇ ਨਿਸ਼ਾਨਾ ਬਣਾਉਣ ਅਤੇ ਵਿਸਫੋਟਕਾਂ ਨਾਲ ਉਨ੍ਹਾਂ ਦੇ ਤਤਕਾਲੀ ਆਧਾਰਾਂ ਨੂੰ ਸੂਚੀਬੱਧ ਕਰਦੀ ਹੈ। ਹਮਲਿਆਂ ਵਿੱਚ ਸੈਂਕੜੇ ਮੈਡੀਕਲ ਕਰਮਚਾਰੀ ਮਾਰੇ ਗਏ ਹਨ ਅਤੇ ਜੀਵਨ ਬਚਾਉਣ ਵਾਲੇ ਉਪਕਰਣਾਂ ਨੂੰ ਨੁਕਸਾਨ ਪਹੁੰਚਿਆ ਹੈ। ਇਹ ਕਹਿਣਾ ਕੁਥਾਂ ਨਹੀਂ ਕਿ ਗਾਜ਼ਾ ਦੀ 80 ਪ੍ਰਤੀਸ਼ਤ ਸਿਹਤ ਸੰਭਾਲ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਗਿਆ ਹੈ। ਮਾਵਾਂ ਅਤੇ ਨਵਜੰਮੇ ਬੱਚਿਆਂ ਸਮੇਤ ਦੇਖਭਾਲ ਦੀ ਘਾਟ ਕਾਰਨ ਬਹੁਤ ਸਾਰੀਆਂ ਰੋਕਥਾਮਯੋਗ ਮੌਤਾਂ ਹੋਈਆਂ ਹਨ।



ਯੂ.ਐਨ. ਦੇ ਮਨੁੱਖੀ ਅਧਿਕਾਰ ਦਫਤਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਮਲੇ ‘ਯੁੱਧ ਅਪਰਾਧ ਦੀ ਮਾਤਰਾ’ ਹੋ ਸਕਦੇ ਹਨ, ਪਰ ਇਜ਼ਰਾਇਲ ਅਮਰੀਕਾ ਦੀ ਹਮਾਇਤ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੀ ਅਣਗਹਿਲੀ ਕਾਰਨ ਆਪਣੇ ਅੱਤਿਆਚਾਰਾਂ ਨੂੰ ਜਾਰੀ ਰੱਖਦਾ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਮਾਹਰਾਂ ਅਨੁਸਾਰ, “ਘੇਰਾਬੰਦੀ, ਅੰਤਰਰਾਸ਼ਟਰੀ ਕਾਨੂੰਨ ਦੀ ਹੋਰ ਉਲੰਘਣਾ ਵਿੱਚ ਗਾਜ਼ਾ ਦੇ ਕਬਜ਼ੇ ਦੇ ਪੂਰਵਗਾਮੀ ਵਜੋਂ ਸਥਾਨਕ ਆਬਾਦੀ ਨੂੰ ਸਥਾਈ ਤੌਰ ’ਤੇ ਉਜਾੜਨ ਦੇ ਇਰਾਦੇ ਨਾਲ ਜਾਪਦੀ ਹੈ।” ਇਜ਼ਰਾਇਲ ਨੇ ਵੀ ਆਪਣੀ ਜੰਗ ਨੂੰ ਕਬਜ਼ੇ ਵਾਲੇ ਪੱਛਮੀ ਕੰਢੇ ਤੱਕ ਵਧਾ ਦਿੱਤਾ ਹੈ।

ਇਹ ਵਾਧਾ ਅਜਿਹੇ ਸਮੇਂ ‘ਚ ਹੋਇਆ ਹੈ, ਜਦੋਂ ਅਮਰੀਕਾ ‘ਚ ਨਵਾਂ ਪ੍ਰਸ਼ਾਸਨ ਸੱਤਾ ਸੰਭਾਲਣ ਵਾਲਾ ਹੈ। ਇਹ ਨਹੀਂ ਕਿ ਬਾਇਡਨ ਪ੍ਰਸ਼ਾਸਨ ਇਜ਼ਰਾਇਲ ਦੇ ਹਮਲੇ ਦੀ ਲੜਾਈ ਦਾ ਕੋਈ ਘੱਟ ਸਮਰਥਕ ਰਿਹਾ ਹੈ, ਪਰ ਆਉਣ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ, ਤੇਲ ਅਵੀਵ ਵਿੱਚ ਸੱਜੇ-ਪੱਖੀ ਸਰਕਾਰ ਨੂੰ ਕਾਰਟੇ ਬਲੈਂਚ ਦੇਣ ਦੀ ਸੰਭਾਵਨਾ ਹੈ; ਜਦੋਂ ਕਿ ਟਰੰਪ ਨੇ ਮੱਧ ਪੂਰਬ ਵਿੱਚ ਸ਼ਾਂਤੀ ਲਿਆਉਣ ਦੀ ਸਹੁੰ ਖਾਧੀ ਹੈ। ਬਹੁਤ ਸਾਰੇ ਵਿਸ਼ਲੇਸ਼ਕ ਮੰਨਦੇ ਹਨ ਕਿ ਵ੍ਹਾਈਟ ਹਾਊਸ ਵਿੱਚ ਉਨ੍ਹਾਂ ਦੀ ਵਾਪਸੀ ਗਾਜ਼ਾ ਵਿੱਚ ਹੋਰ ਮੌਤਾਂ ਅਤੇ ਤਬਾਹੀ ਲਿਆਵੇਗੀ। ਉਸ ਨੇ ਵਾਰ-ਵਾਰ ਇਜ਼ਰਾਇਲ ਲਈ ਆਪਣੇ ਸਮਰਥਨ ਦਾ ਐਲਾਨ ਕੀਤਾ ਹੈ। 2023 ਵਿੱਚ ਇੱਕ ਰਿਪਬਲਿਕਨ ਯਹੂਦੀ ਸੰਮੇਲਨ ਨੂੰ ਇੱਕ ਸੰਬੋਧਨ ਦੌਰਾਨ, ਉਸਨੇ ਕਿਹਾ ਸੀ ਕਿ ਉਹ ‘ਇਜ਼ਰਾਇਲ ਰਾਜ ਵਿੱਚ ਸਾਡੇ ਮਿੱਤਰ ਅਤੇ ਸਹਿਯੋਗੀ ਦੀ ਰੱਖਿਆ ਕਰੇਗਾ, ਜਿਵੇਂ ਕਿ ਕਿਸੇ ਨੇ ਨਹੀਂ ਕੀਤਾ।”

ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਵਿੱਚ ਟਰੰਪ ਨੇ ਯੇਰੂਸ਼ਲਮ ਨੂੰ ਇਜ਼ਰਾਇਲ ਦੀ ਰਾਜਧਾਨੀ ਵਜੋਂ ਮਾਨਤਾ ਦਿੱਤੀ ਸੀ, ਵਾਸ਼ਿੰਗਟਨ ਦੀ ਅਸਲ ਸਥਿਤੀ ਤੋਂ ਹਟ ਕੇ; ਜਿਸ ਨੇ ਇਸ ਸ਼ਹਿਰ ਨੂੰ ਇਜ਼ਰਾਇਲ ਦੀ ਰਾਜਧਾਨੀ ਵਜੋਂ ਵਿਰੋਧ ਕੀਤਾ ਸੀ। ਉਸਦੇ ਪ੍ਰਸ਼ਾਸਨ ਨੇ ਵੈਸਟ ਬੈਂਕ ਵਿੱਚ ਬਸਤੀਆਂ ਨੂੰ ਵੀ ਕਾਨੂੰਨੀ ਘੋਸ਼ਿਤ ਕੀਤਾ ਸੀ। ਇਸ ਤੋਂ ਇਲਾਵਾ ਉਸਦੀ ਹੱਥੀਂ ਚੁਣੀ ਗਈ ਕੈਬਨਿਟ ਜ਼ੀਓਨਿਸਟ ਸ਼ਾਸਨ ਦੇ ਕੱਟੜ ਸਮਰਥਕਾਂ ਨਾਲ ਭਰੀ ਹੋਈ ਹੈ, ਜਿਨ੍ਹਾਂ ਵਿੱਚੋਂ ਕੁਝ ਨੇ ਜਨਤਕ ਤੌਰ ‘ਤੇ ਫਲਿਸਤੀਨੀ ਵਿਰੋਧ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਕਿਹਾ ਹੈ।

ਪਿਛਲੇ ਸਾਲ ਰਾਜ ਦੇ ਸਕੱਤਰ ਲਈ ਟਰੰਪ ਦੇ ਨਾਮਜ਼ਦ ਸੈਨੇਟਰ ਮਾਰਕੋ ਰੂਬੀਓ ਨੇ ਐਲਾਨ ਕੀਤਾ ਕਿ ਉਸਨੇ ਗਾਜ਼ਾ ਵਿੱਚ ਜੰਗਬੰਦੀ ਦਾ ਵਿਰੋਧ ਕੀਤਾ ਅਤੇ ਵਿਸ਼ਵਾਸ ਕੀਤਾ ਕਿ ਇਜ਼ਰਾਇਲ ਨੂੰ ‘ਹਮਾਸ ਦੇ ਹਰ ਤੱਤ’ ਨੂੰ ਨਸ਼ਟ ਕਰਨਾ ਚਾਹੀਦਾ ਹੈ। ‘ਇਹ ਲੋਕ ਵਹਿਸ਼ੀ ਜਾਨਵਰ ਹਨ, ਜਿਨ੍ਹਾਂ ਨੇ ਭਿਆਨਕ ਅਪਰਾਧ ਕੀਤੇ,’ ਉਸਨੇ ਕਿਹਾ।

ਰਾਸ਼ਟਰੀ ਸੁਰੱਖਿਆ ਸਲਾਹਕਾਰ ਲਈ ਟਰੰਪ ਦੇ ਨਾਮਜ਼ਦ ਮਾਈਕ ਵਾਲਟਜ਼ ਚਾਹੁੰਦਾ ਹੈ ਕਿ ਅਗਲਾ ਪ੍ਰਸ਼ਾਸਨ ਗਾਜ਼ਾ ਵਿੱਚ ਹਮਾਸ ਦੇ ਵਿਰੁੱਧ ‘ਇਜ਼ਰਾਇਲ ਨੂੰ ਕੰਮ ਪੂਰਾ ਕਰਨ’ ਦੇਵੇ। ਜ਼ੀਓਨਿਸਟ ਵਿਸਤਾਰਵਾਦ ਦਾ ਇੱਕ ਹੋਰ ਵੀ ਕੱਟੜ ਸਮਰਥਕ ਟਰੰਪ ਦੀ ਇਜ਼ਰਾਇਲ ਵਿੱਚ ਅਮਰੀਕੀ ਰਾਜਦੂਤ ਦੀ ਚੋਣ ਹੈ- ਅਰਕਨਸਾਸ ਦਾ ਗਵਰਨਰ ਮਾਈਕ ਹਕਾਬੀ, ਜਿਸਨੇ ਪੱਛਮੀ ਕੰਢੇ ਉੱਤੇ ਇਜ਼ਰਾਇਲੀ ਕਬਜ਼ੇ ਦੀ ਲਗਾਤਾਰ ਹਮਾਇਤ ਕੀਤੀ ਹੈ ਅਤੇ ਫਲਿਸਤੀਨ ਵਿੱਚ ਦੋ-ਰਾਜ ਦੇ ਹੱਲ ਨੂੰ ‘ਅਵਿਹਾਰਕ ਅਤੇ ਗੈਰ-ਕਾਰਜਕਾਰੀ’ ਦੱਸਿਆ ਹੈ।

ਇਸ ਦੌਰਾਨ ਟਰੰਪ ਨੇ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਵਜੋਂ ਕਾਂਗਰਸ-ਮਹਿਲਾ ਐਲੀਸ ਸਟੇਫਨਿਕ ਨੂੰ ਚੁਣਿਆ ਹੈ, ਜਿਸ ਨੂੰ ਉਸਨੇ ‘ਸੈਮੇਟਿਜ਼ਮ ਦਾ ਸੇਸਪੂਲ’ ਕਿਹਾ ਹੈ। ਫਲਿਸਤੀਨ ਦੇ ਮੁੱਦੇ ’ਤੇ ਆਉਣ ਵਾਲੇ ਟਰੰਪ ਪ੍ਰਸ਼ਾਸਨ ਦੇ ਕੁਝ ਹੋਰ ਨਾਮਜ਼ਦ ਮੈਂਬਰਾਂ ਦੇ ਵਿਚਾਰ ਵੀ ਘੱਟ ਵਿਅੰਗਾਤਮਕ ਨਹੀਂ ਹਨ।

ਹੈਰਾਨੀ ਦੀ ਗੱਲ ਨਹੀਂ ਹੈ ਕਿ ਵਾਸ਼ਿੰਗਟਨ ਵਿੱਚ ਅਜਿਹੇ ਸਹਾਇਕ ਪ੍ਰਸ਼ਾਸਨ ਦੀ ਸਥਾਪਨਾ ਨੇ ਜ਼ੀਓਨਵਾਦੀ ਸ਼ਾਸਨ ਨੂੰ ਕਬਜ਼ੇ ਵਾਲੇ ਖੇਤਰ ਵਿੱਚ ਆਪਣੇ ਹਵਾਈ ਅਤੇ ਜ਼ਮੀਨੀ ਹਮਲਿਆਂ ਨੂੰ ਵਧਾਉਣ ਲਈ ਵੱਡੀ ਪ੍ਰੇਰਣਾ ਦਿੱਤੀ ਹੈ। ਆਉਣ ਵਾਲੇ ਯੂ.ਐਸ. ਪ੍ਰਸ਼ਾਸਨ ਦੇ ਨਾਲ ਨਜ਼ਦੀਕੀ ਗੱਠਜੋੜ ਨੇ ਇਜ਼ਰਾਇਲ ਦੀ ਸਜ਼ਾ ਤੋਂ ਮੁਕਤੀ ਦੀ ਭਾਵਨਾ ਨੂੰ ਵਧਾਇਆ ਜਾਪਦਾ ਹੈ, ਗਾਜ਼ਾ ਵਿੱਚ ਜੰਗਬੰਦੀ ਸੌਦੇ ਲਈ ਜ਼ੀਓਨਿਸਟ ਸ਼ਾਸਨ ‘ਤੇ ਦਬਾਅ ਪਾਉਣਾ ਅਤੇ ਕਬਜ਼ੇ ਵਾਲੇ ਪੱਛਮੀ ਕੰਢੇ ਵਿੱਚ ਇਸ ਦੇ ਜ਼ੁਲਮ ਨੂੰ ਰੋਕਣਾ ਵਧੇਰੇ ਮੁਸ਼ਕਲ ਬਣਾਉਂਦਾ ਹੈ।

ਇਜ਼ਰਾਇਲ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਿਰਫ਼ ਇੱਕ ਜੰਗਬੰਦੀ ਸੌਦੇ ਲਈ ਸਹਿਮਤ ਹੋਵੇਗਾ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਉਹ ਗਾਜ਼ਾ ‘ਤੇ ਆਪਣੇ ਫੌਜੀ ਕੰਟਰੋਲ ਨੂੰ ਕਾਇਮ ਰੱਖੇ ਜਿਵੇਂ ਕਿ ਇਹ ਪੱਛਮੀ ਬੈਂਕ ਵਿੱਚ ਕਰਦਾ ਹੈ। ਫਲਿਸਤੀਨੀ ਵਿਰੋਧ ਸਮੂਹਾਂ ਨੇ ਕਿਹਾ ਹੈ ਕਿ ਉਹ ਜੰਗਬੰਦੀ ਨੂੰ ਸਵੀਕਾਰ ਕਰਨ ਲਈ ਵਚਨਬੱਧ ਹਨ ਅਤੇ ਇੱਕ ਸੰਭਾਵੀ ਸੌਦੇ ਵਿੱਚ ਬਦਲੇ ਜਾਣ ਵਾਲੇ 34 ਬੰਧਕਾਂ ਦੀ ਸੂਚੀ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ, ਪਰ ਉਨ੍ਹਾਂ ਨੇ ਇਹ ਵੀ ਦੁਹਰਾਇਆ ਹੈ ਕਿ ਕੋਈ ਵੀ ਸਮਝੌਤਾ ਗਾਜ਼ਾ ਤੋਂ ਇਜ਼ਰਾਇਲ ਦੀ ਪੂਰੀ ਤਰ੍ਹਾਂ ਵਾਪਸੀ ਅਤੇ ਸਥਾਈ ਜੰਗਬੰਦੀ ‘ਤੇ ਨਿਰਭਰ ਕਰਦਾ ਹੈ। ਇਜ਼ਰਾਇਲ ਦੀ ਬੇਚੈਨੀ ਨੂੰ ਦੇਖਦਿਆਂ ਕਿਸੇ ਸਫਲਤਾ ਦੀ ਕੋਈ ਉਮੀਦ ਨਹੀਂ ਹੈ। ਨਾ ਹੀ ਆਉਣ ਵਾਲੇ ਟਰੰਪ ਪ੍ਰਸ਼ਾਸਨ ਵੱਲੋਂ ਇਜ਼ਰਾਇਲ ‘ਤੇ ਰਿਆਇਤਾਂ ਲਈ ਦਬਾਅ ਪਾਉਣ ਦੀ ਕੋਈ ਸੰਭਾਵਨਾ ਹੈ।

ਕੁਝ ਵਿਸ਼ਲੇਸ਼ਕਾਂ ਅਨੁਸਾਰ ਟਰੰਪ ਸੰਭਾਵਿਤ ਤੌਰ ‘ਤੇ ਇਜ਼ਰਾਇਲ ਨੂੰ ਵੈਸਟ ਬੈਂਕ ਨੂੰ ਆਪਣੇ ਨਾਲ ਜੋੜਨ ਦੀ ਇਜਾਜ਼ਤ ਦੇਣਗੇ, ਜੇਕਰ ਇਹ ਗਾਜ਼ਾ ਯੁੱਧ ਨੂੰ ਖਤਮ ਕਰਦਾ ਹੈ। ਆਉਣ ਵਾਲੇ ਅਮਰੀਕੀ ਪ੍ਰਸ਼ਾਸਨ ਲਈ ਇੱਕ ਵੱਖਰੇ ਫਲਿਸਤੀਨੀ ਰਾਜ ਦੇ ਨਾਲ ਦੋ-ਰਾਜ ਹੱਲ ਦੀ ਕੋਈ ਧਾਰਨਾ ਨਹੀਂ ਹੈ। ਟਰੰਪ ਸੰਭਾਵਿਤ ਤੌਰ ‘ਤੇ ਆਪਣੀ 2020 ਦੀ ‘ਸ਼ਾਂਤੀ ਯੋਜਨਾ’ ‘ਤੇ ਨਿਰਮਾਣ ਕਰੇਗਾ, ਜੋ ਇਜ਼ਰਾਇਲ ਦੇ ਕਬਜ਼ੇ ਅਤੇ ਫਲਿਸਤੀਨੀ ਅਧੀਨਗੀ ਨੂੰ ਜਾਇਜ਼ ਠਹਿਰਾਏਗਾ। ਕੱਟੜਪੰਥੀ ਇਜ਼ਰਾਇਲ ਪੱਖੀ ਤੱਤਾਂ ਨਾਲ ਭਰੀ ਉਸਦੀ ਕੈਬਨਿਟ ਦੇ ਨਾਲ ਇਹ ਕਲਪਨਾ ਕਰਨਾ ਮੁਸ਼ਕਲ ਹੈ ਕਿ ਆਉਣ ਵਾਲਾ ਰਾਸ਼ਟਰਪਤੀ ਫਲਿਸਤੀਨੀ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਹੋਵੇਗਾ। ਜਦੋਂ ਤੱਕ ਇਜ਼ਰਾਇਲ ਅਮਰੀਕਾ ਦੇ ਸਮਰਥਨ ਨਾਲ ਆਪਣੀ ਨਸਲਕੁਸ਼ੀ ਦੀ ਜੰਗ ਜਾਰੀ ਰੱਖੇਗਾ, ਉਦੋਂ ਤੱਕ ਖੇਤਰ ਵਿੱਚ ਸ਼ਾਂਤੀ ਦੀ ਕੋਈ ਉਮੀਦ ਨਹੀਂ ਹੈ।

# ਇਜ਼ਰਾਇਲ-ਹਮਾਸ ਜੰਗ: ਅਧਿਐਨ ਵਿੱਚ 64,000 ਤੋਂ ਵੱਧ ਮੌਤਾਂ ਦਾ ਅਨੁਮਾਨ

ਪਿਛਲੇ ਦਿਨੀਂ ਪ੍ਰਕਾਸ਼ਿਤ ਇੱਕ ਅਧਿਐਨ ਅਨੁਸਾਰ ਇਜ਼ਰਾਇਲ-ਹਮਾਸ ਸੰਘਰਸ਼ ਵਿੱਚ ਸਿੱਧੇ ਤੌਰ ‘ਤੇ ਹੋਈਆਂ ਮੌਤਾਂ ਦੀ ਇੱਕ ਅਧਿਕਾਰਤ ਫਲਿਸਤੀਨੀ ਸੰਖਿਆ ਨੇ ਸੰਭਾਵਿਤ ਤੌਰ ‘ਤੇ ਲੜਾਈ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਲਗਭਗ 40 ਪ੍ਰਤੀਸ਼ਤ ਮੌਤਾਂ ਦੀ ਗਿਣਤੀ ਘੱਟ ਕੀਤੀ ਹੈ, ਕਿਉਂਕਿ ਗਾਜ਼ਾ ਪੱਟੀ ਦੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਦਾ ਖੁਲਾਸਾ ਹੋਇਆ ਹੈ। ‘ਦ ਲੈਂਸੇਟ ਜਰਨਲ’ ਵਿੱਚ ਪ੍ਰਕਾਸ਼ਿਤ ਪੀਅਰ-ਸਮੀਖਿਆ ਕੀਤਾ ਅੰਕੜਾ ਵਿਸ਼ਲੇਸ਼ਣ ਲੰਡਨ ਸਕੂਲ ਆਫ ਹਾਈਜੀਨ ਐਂਡ ਟ੍ਰੋਪੀਕਲ ਮੈਡੀਸਨ, ਯੇਲ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਦੇ ਅਕਾਦਮਿਕਾਂ ਦੁਆਰਾ ਕਰਵਾਇਆ ਗਿਆ ਸੀ।

ਕੈਪਚਰ-ਰੀਕੈਪਚਰ ਵਿਸ਼ਲੇਸ਼ਣ ਨਾਮਕ ਇੱਕ ਅੰਕੜਾ ਵਿਧੀ ਦੀ ਵਰਤੋਂ ਕਰਦਿਆਂ ਖੋਜਕਰਤਾਵਾਂ ਨੇ ਅਕਤੂਬਰ 2023 ਤੋਂ ਜੂਨ 2024 ਦੇ ਅੰਤ ਤੱਕ ਗਾਜ਼ਾ ਵਿੱਚ ਇਜ਼ਰਾਇਲ ਦੀ ਵਿਨਾਸ਼ਕਾਰੀ ਹਵਾਈ ਅਤੇ ਜ਼ਮੀਨੀ ਮੁਹਿੰਮ ਤੋਂ ਮਰਨ ਵਾਲਿਆਂ ਦੀ ਗਿਣਤੀ ਦਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਇਸ ਸਮੇਂ ਦੌਰਾਨ ਸੱਟ ਲੱਗਣ ਕਾਰਨ 64,260 ਮੌਤਾਂ ਦਾ ਅਨੁਮਾਨ ਲਗਾਇਆ, ਜੋ ਕਿ ਫਿਲਿਸਤੀਨੀ ਸਿਹਤ ਮੰਤਰਾਲੇ ਦੀ ਅਧਿਕਾਰਤ ਗਿਣਤੀ ਨਾਲੋਂ ਲਗਭਗ 41% ਵੱਧ ਹੈ। ਅਧਿਐਨ ਵਿੱਚ ਕਿਹਾ ਗਿਆ ਹੈ ਕਿ 59.1 ਪ੍ਰਤੀਸ਼ਤ ਔਰਤਾਂ, ਬੱਚੇ ਅਤੇ 65 ਸਾਲ ਤੋਂ ਵੱਧ ਉਮਰ ਦੇ ਲੋਕ ਸਨ। ਇਸ ਨੇ ਮਰਨ ਵਾਲਿਆਂ ਵਿੱਚ ਫਲਿਸਤੀਨੀ ਲੜਾਕਿਆਂ ਦਾ ਅੰਦਾਜ਼ਾ ਨਹੀਂ ਦਿੱਤਾ ਹੈ।

ਫਿਲਿਸਤੀਨੀ ਸਿਹਤ ਅਧਿਕਾਰੀਆਂ ਅਨੁਸਾਰ ਲੜਾਈ ਤੋਂ ਪਹਿਲਾਂ ਦੀ ਲਗਭਗ 2.3 ਮਿਲੀਅਨ ਦੀ ਆਬਾਦੀ ਵਿੱਚੋਂ ਗਾਜ਼ਾ ਸੰਘਰਸ਼ ਵਿੱਚ 46,000 ਤੋਂ ਵੱਧ ਲੋਕ ਮਾਰੇ ਗਏ ਹਨ। ਇੱਕ ਸੀਨੀਅਰ ਇਜ਼ਰਾਇਲੀ ਅਧਿਕਾਰੀ ਨੇ ਅਧਿਐਨ ‘ਤੇ ਟਿੱਪਣੀ ਕਰਦਿਆਂ ਕਿਹਾ ਕਿ ਇਜ਼ਰਾਇਲ ਦੀਆਂ ਹਥਿਆਰਬੰਦ ਬਲਾਂ ਨੇ ਨਾਗਰਿਕਾਂ ਦੇ ਨੁਕਸਾਨ ਤੋਂ ਬਚਣ ਲਈ ਬਹੁਤ ਕੋਸ਼ਿਸ਼ ਕੀਤੀ। ਅਧਿਕਾਰੀ ਨੇ ਕਿਹਾ, ‘ਦੁਨੀਆਂ ਦੀ ਕਿਸੇ ਵੀ ਹੋਰ ਫੌਜ ਨੇ ਇੰਨੇ ਵਿਆਪਕ ਉਪਾਅ ਨਹੀਂ ਕੀਤੇ ਹਨ। ਇਨ੍ਹਾਂ ਵਿੱਚ ਨਾਗਰਿਕਾਂ ਨੂੰ ਖਾਲੀ ਕਰਨ, ਸੁਰੱਖਿਅਤ ਜ਼ੋਨ ਅਤੇ ਨਾਗਰਿਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਕੋਈ ਵੀ ਅਤੇ ਸਾਰੇ ਉਪਾਅ ਕਰਨ ਲਈ ਅਗਾਊਂ ਚੇਤਾਵਨੀ ਪ੍ਰਦਾਨ ਕਰਨਾ ਸ਼ਾਮਲ ਹੈ। ਇਸ ਰਿਪੋਰਟ ਵਿੱਚ ਦਿੱਤੇ ਗਏ ਅੰਕੜੇ ਜ਼ਮੀਨੀ ਸਥਿਤੀ ਨੂੰ ਨਹੀਂ ਦਰਸਾਉਂਦੇ ਹਨ।’

ਜ਼ਿਕਰਯੋਗ ਹੈ ਕਿ 7 ਅਕਤੂਬਰ 2023 ਨੂੰ ਹਮਾਸ ਦੇ ਬੰਦੂਕਧਾਰੀਆਂ ਦੇ ਇਜ਼ਰਾਇਲ ਨਾਲ ਲੱਗਦੀ ਸਰਹੱਦ ‘ਤੇ ਧਾਵਾ ਬੋਲਣ ਤੋਂ ਬਾਅਦ ਸੰਘਰਸ਼ ਸ਼ੁਰੂ ਹੋਇਆ, ਇਜ਼ਰਾਇਲ ਦੇ ਅੰਕੜਿਆਂ ਅਨੁਸਾਰ 1,200 ਲੋਕਾਂ ਦੀ ਮੌਤ ਹੋ ਗਈ ਅਤੇ 250 ਤੋਂ ਵੱਧ ਬੰਧਕ ਬਣਾਏ ਗਏ।

‘ਦ ਲੈਂਸੇਟ ਜਰਨਲ’ ਅਧਿਐਨ ਨੇ ਕਿਹਾ ਕਿ ਮੌਤ ਦੇ ਇਲੈਕਟ੍ਰਾਨਿਕ ਰਿਕਾਰਡਾਂ ਨੂੰ ਕਾਇਮ ਰੱਖਣ ਲਈ ਫਲਿਸਤੀਨੀ ਸਿਹਤ ਮੰਤਰਾਲੇ ਦੀ ਸਮਰੱਥਾ ਪਹਿਲਾਂ ਭਰੋਸੇਮੰਦ ਸਾਬਤ ਹੋਈ ਸੀ, ਪਰ ਇਜ਼ਰਾਇਲ ਦੀ ਫੌਜੀ ਮੁਹਿੰਮ ਤਹਿਤ ਵਿਗੜ ਗਈ ਸੀ, ਜਿਸ ਵਿੱਚ ਹਸਪਤਾਲਾਂ ਅਤੇ ਹੋਰ ਸਿਹਤ ਸੰਭਾਲ ਸਹੂਲਤਾਂ ਤੇ ਡਿਜੀਟਲ ਸੰਚਾਰ ਵਿੱਚ ਰੁਕਾਵਟਾਂ ਸ਼ਾਮਲ ਹਨ। ਇਜ਼ਰਾਇਲ ਨੇ ਹਮਾਸ ’ਤੇ ਦੋਸ਼ ਲਗਾਇਆ ਹੈ ਕਿ ਉਹ ਹਸਪਤਾਲਾਂ ਨੂੰ ਆਪਣੇ ਕਾਰਜਾਂ ਲਈ ਕਵਰ ਵਜੋਂ ਵਰਤਦਾ ਹੈ, ਜਿਸ ਨੂੰ ਸਮੂਹ ਇਨਕਾਰ ਕਰਦਾ ਹੈ।

ਇਸੇ ਦੌਰਾਨ ਕੁਝ ਹੋਰ ਰਿਪੋਰਟਾਂ ਅਨੁਸਾਰ ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਹੇਠ ਵੱਡੀ ਗਿਣਤੀ ਵਿੱਚ ਮ੍ਰਿਤਕ ਦੱਬੇ ਹੋਏ ਹਨ। ਅਜਿਹੇ ਅੰਤਰਾਂ ਸਬੰਧੀ ਬਿਹਤਰ ਲੇਖਾ-ਜੋਖਾ ਕਰਨ ਲਈ, ਲੈਂਸੇਟ ਅਧਿਐਨ ਨੇ ਕੋਸੋਵੋ ਅਤੇ ਸੂਡਾਨ ਸਮੇਤ ਹੋਰ ਸੰਘਰਸ਼ ਖੇਤਰਾਂ ਵਿੱਚ ਮੌਤਾਂ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਣ ਵਾਲਾ ਇੱਕ ਤਰੀਕਾ ਵਰਤਿਆ। ਘੱਟੋ-ਘੱਟ ਦੋ ਸੁਤੰਤਰ ਸਰੋਤਾਂ ਤੋਂ ਡੇਟਾ ਦੀ ਵਰਤੋਂ ਕਰਦਿਆਂ ਖੋਜਕਰਤਾ ਉਨ੍ਹਾਂ ਵਿਅਕਤੀਆਂ ਦੀ ਭਾਲ ਕਰਦੇ ਹਨ, ਜੋ ਮਾਰੇ ਗਏ ਲੋਕਾਂ ਦੀਆਂ ਕਈ ਸੂਚੀਆਂ ਵਿੱਚ ਦਿਖਾਈ ਦਿੰਦੇ ਹਨ। ਸੂਚੀਆਂ ਵਿਚਕਾਰ ਘੱਟ ਓਵਰਲੈਪ ਸੁਝਾਅ ਦਿੰਦਾ ਹੈ ਕਿ ਜ਼ਿਆਦਾ ਮੌਤਾਂ ਗੈਰ-ਰਿਕਾਰਡ ਕੀਤੀਆਂ ਗਈਆਂ ਹਨ, ਉਹ ਜਾਣਕਾਰੀ ਜੋ ਮੌਤਾਂ ਦੀ ਪੂਰੀ ਸੰਖਿਆ ਦਾ ਅੰਦਾਜ਼ਾ ਲਗਾਉਣ ਲਈ ਵਰਤੀ ਜਾ ਸਕਦੀ ਹੈ।

ਗਾਜ਼ਾ ਅਧਿਐਨ ਲਈ ਖੋਜਕਰਤਾਵਾਂ ਨੇ ਅਧਿਕਾਰਤ ਫਲਿਸਤੀਨੀ ਸਿਹਤ ਮੰਤਰਾਲੇ ਦੀ ਮੌਤ ਦੀ ਗਿਣਤੀ ਦੀ ਤੁਲਨਾ ਕੀਤੀ, ਜੋ ਕਿ ਲੜਾਈ ਦੇ ਪਹਿਲੇ ਮਹੀਨਿਆਂ ਵਿੱਚ ਪੂਰੀ ਤਰ੍ਹਾਂ ਹਸਪਤਾਲਾਂ ਵਿੱਚ ਪਹੁੰਚੀਆਂ ਲਾਸ਼ਾਂ ‘ਤੇ ਆਧਾਰਤ ਸੀ। ਸਿਹਤ ਮੰਤਰਾਲੇ ਦੁਆਰਾ ਗਾਜ਼ਾ ਪੱਟੀ ਦੇ ਅੰਦਰ ਅਤੇ ਬਾਹਰ ਫਲਿਸਤੀਨੀਆਂ ਨੂੰ ਵੰਡਿਆ ਗਿਆ ਇੱਕ ਔਨਲਾਈਨ ਸਰਵੇਖਣ, ਜਿਨ੍ਹਾਂ ਨੂੰ ਫਲਿਸਤੀਨੀ ਆਈ.ਡੀ. ਨੰਬਰ, ਨਾਮ, ਮੌਤ ਦੀ ਉਮਰ, ਲਿੰਗ, ਮੌਤ ਦੀ ਸਥਿਤੀ ਅਤੇ ਰਿਪੋਰਟਿੰਗ ਸਰੋਤ ਬਾਰੇ ਡੇਟਾ ਪ੍ਰਦਾਨ ਕਰਨ ਲਈ ਕਿਹਾ ਗਿਆ ਸੀ।

ਮੁੱਖ ਲੇਖਕ ਜ਼ੀਨਾ ਜਮਾਲੁੱਦੀਨ ਨੇ ‘ਰਾਇਟਰਜ਼’ ਨੂੰ ਦੱਸਿਆ, “ਸਾਡੀ ਖੋਜ ਇੱਕ ਸੱਚੀ ਹਕੀਕਤ ਨੂੰ ਦਰਸਾਉਂਦੀ ਹੈ: ਗਾਜ਼ਾ ਵਿੱਚ ਦੁੱਖਦਾਈ ਸੱਟਾਂ ਨਾਲ ਹੋਣ ਵਾਲੀਆਂ ਮੌਤਾਂ ਦਾ ਅਸਲ ਪੈਮਾਨਾ, ਰਿਪੋਰਟ ਕੀਤੇ ਗਏ ਨਾਲੋਂ ਵੱਧ ਹੈ।”

ਜੌਨਸ ਹੌਪਕਿੰਸ ਬਲੂਮਬਰਗ ਸਕੂਲ ਆਫ ਪਬਲਿਕ ਹੈਲਥ ਦੇ ਸੈਂਟਰ ਫਾਰ ਹਿਊਮੈਨਟੇਰੀਅਨ ਹੈਲਥ ਦੇ ਡਾਇਰੈਕਟਰ ਡਾ. ਪਾਲ ਸਪੀਗਲ ਨੇ ‘ਰਾਇਟਰਜ਼’ ਨੂੰ ਦੱਸਿਆ ਕਿ ਅਧਿਐਨ ਵਿੱਚ ਤਾਇਨਾਤ ਅੰਕੜਾ ਵਿਧੀਆਂ ਸੰਘਰਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ ਦਾ ਵਧੇਰੇ ਅਨੁਮਾਨ ਪ੍ਰਦਾਨ ਕਰਦੀਆਂ ਹਨ। ਉਸ ਨੇ ਕਿਹਾ ਕਿ ਅਧਿਐਨ ਸਿਰਫ਼ ਮਾਨਸਿਕ ਸੱਟਾਂ ਕਾਰਨ ਹੋਣ ਵਾਲੀਆਂ ਮੌਤਾਂ ’ਤੇ ਕੇਂਦਰਿਤ ਹੈ। ਟਕਰਾਅ ਦੇ ਅਸਿੱਧੇ ਪ੍ਰਭਾਵਾਂ ਕਾਰਨ ਹੋਣ ਵਾਲੀਆਂ ਮੌਤਾਂ, ਜਿਵੇਂ ਕਿ ਵਿਘਨ ਵਾਲੀਆਂ ਸਿਹਤ ਸੇਵਾਵਾਂ ਅਤੇ ਖਰਾਬ ਪਾਣੀ ਅਤੇ ਸਵੱਛਤਾ, ਅਕਸਰ ਬਹੁਤ ਜ਼ਿਆਦਾ ਮੌਤਾਂ ਦਾ ਕਾਰਨ ਬਣਦੀਆਂ ਹਨ।

ਫਲਿਸਤੀਨੀ ਸੈਂਟਰਲ ਬਿਊਰੋ ਆਫ਼ ਸਟੈਟਿਸਟਿਕਸ (ਪੀ.ਸੀ.ਬੀ.ਐੱਸ.) ਦਾ ਅੰਦਾਜ਼ਾ ਹੈ ਕਿ ਅਧਿਕਾਰਤ ਮੌਤਾਂ ਦੀ ਗਿਣਤੀ ਦੇ ਸਿਖਰ ‘ਤੇ ਲਗਭਗ 11,000 ਫਲਿਸਤੀਨੀ ਲਾਪਤਾ ਹਨ ਅਤੇ ਮਰੇ ਹੋਏ ਹਨ। ਕੁੱਲ ਮਿਲਾ ਕੇ ਫਲਿਸਤੀਨੀ ਸਿਹਤ ਮੰਤਰਾਲੇ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਪੀ.ਸੀ.ਬੀ.ਐੱਸ. ਨੇ ਕਿਹਾ, ਗਾਜ਼ਾ ਦੀ ਆਬਾਦੀ ਸੰਘਰਸ਼ ਦੀ ਸ਼ੁਰੂਆਤ ਤੋਂ 6% ਘਟ ਗਈ ਹੈ, ਕਿਉਂਕਿ ਲਗਭਗ 100,000 ਫਲਿਸਤੀਨੀਆਂ ਨੇ ਵੀ ਇਨਕਲੇਵ ਛੱਡ ਦਿੱਤਾ ਹੈ।

-0-

# ਹੇਜ ਪੰਜਾਬ ਦਾ...

ਚਰਚਾ

ਪਰਮਜੀਤ ਢੀਂਗਰਾ
ਫੋਨ:+91-9417358120



## ਪੰਜਾਬ ਨੂੰ ਬਹੁਪੱਖੀ ਸੰਕਟਾਂ 'ਚੋਂ ਉਭਾਰਨ ਦੀ ਲੋੜ




***ਪੰਜਾਬ ਦੀ ਰਾਜਨੀਤੀ ਵਿੱਚ ਦਿੱਲੀ ਦੀ ਵਧਦੀ ਦਖਲਅੰਦਾਜ਼ੀ ਨੇ ਪੰਜਾਬੀਆਂ ਦੇ ਮਨਾਂ ਵਿੱਚ ਇਸ ਸ਼ੱਕ ਨੂੰ ਬਲ ਦਿੱਤਾ ਕਿ ਇਸ ਨੇ ਪੰਜਾਬ ਦੀ ਵੰਡ ਤੋਂ ਲੈ ਕੇ ਇਸਦੇ ਪੁਨਰਗਠਨ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ, ਬਿਜਲੀ, ਪਾਣੀਆਂ, ਹੈਡ ਵਰਕਸ ਤੇ ਆਰਥਕ ਸਰੋਤਾਂ ਨਾਲ ਧ੍ਰੋਹ ਕਮਾਇਆ ਹੈ; ਪਰ ਇਹ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਹਰ ਸਰਕਾਰ ਨੇ ਪੰਜਾਬ ਦੀ ਇਤਿਹਾਸਕ ਸੋਚ ਦੇ ਨੀਤੀਗਤ ਮਾਡਲ ਸਿਰਜਣ ਦੀ ਥਾਂ ਦਿੱਲੀ ਦੀ ਨੌਕਰਸ਼ਾਹੀ 'ਤੇ ਵਧੇਰੇ ਟੇਕ ਰੱਖੀ ਹੈ। ਇਹੀ ਕਾਰਨ ਹੈ ਕਿ ਪਿਛਲੀਆਂ ਸਰਕਾਰਾਂ ਨੇ ਜਦੋਂ ਦਿੱਲੀਓਂ ਆਰਥਕ ਸਲਾਹਕਾਰ ਲਿਆ ਕੇ ਲਾਏ ਸਨ ਤਾਂ ਇਹਦੀ ਆਲੋਚਨਾ ਹੋਈ ਸੀ।***

ਜਦੋਂ ਅਸੀਂ ਅਜੋਕੇ ਪੰਜਾਬ ਦੇ ਸਰੋਕਾਰਾਂ ਦੀ ਗੱਲ ਕਰਦੇ ਹਾਂ ਤਾਂ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਅਜੋਕੇ ਪੰਜਾਬ ਤੋਂ ਭਾਵ ਇੱਕੀਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆਂ ਦਾ ਪੰਜਾਬ ਹੈ। ਭਾਵੇਂ ਪਿਛਲੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਐੱਲ.ਪੀ.ਜੀ. (ਲਿਬਰਲਾਈਜੇਸ਼ਨ, ਪ੍ਰਾਈਵੇਟਆਈਜੇਸ਼ਨ, ਗਲੋਬਲਾਈਜੇਸ਼ਨ) ਭਾਵ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੇ ਮਾਡਲ ਅਧੀਨ ਜਿਹੜੀਆਂ ਨੀਤੀਆਂ ਘੜੀਆਂ ਗਈਆਂ ਤੇ ਕੌਮਾਂਤਰੀ ਵਪਾਰ ਸਮਝੌਤੇ ਕੀਤੇ ਗਏ, ਉਨ੍ਹਾਂ ਦਾ ਜ਼ਹਿਰੀਲਾ ਅਸਰ ਇੱਕੀਵੀਂ ਸਦੀ ਵਿੱਚ ਧੀਮੇ ਜ਼ਹਿਰ ਦੇ ਨਾਲ ਸ਼ੁਰੂ ਹੋ ਕੇ ਲਗਾਤਾਰ ਗਤੀਸ਼ੀਲ ਹੋ ਰਿਹਾ ਹੈ। ਇਸਨੇ ਆਰਥਕ, ਸਮਾਜਕ, ਰਾਜਨੀਤਕ ਤੇ ਭਾਸ਼ਾ-ਸੱਭਿਆਚਾਰਕ ਸਰੋਕਾਰਾਂ ਦੇ ਨਾਲ ਨਾਲ ਸਿੱਖਿਆ, ਸਿਹਤ ਤੇ ਕੁਦਰਤੀ ਸਰੋਤਾਂ ਨੂੰ ਨਸ਼ਟ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਅਜਿਹੀ ਸਥਿਤੀ ਵਿੱਚ ਪੰਜਾਬ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਦੇ ਮੁਖ ਕਾਰਨਾਂ ਦੀ ਘੋਖ ਕਰਕੇ ਹੀ ਅਸੀਂ ਪੰਜਾਬ ਦੀ ਬਿਹਤਰੀ ਲਈ ਕੋਈ ਸੂਝ-ਸਿਆਣਪ ਦੀ ਕਿਰਨ ਲੱਭ ਸਕਦੇ ਹਾਂ।

ਰਾਜਨੀਤਕ ਤੌਰ 'ਤੇ ਪੰਜਾਬ ਦਾ ਮੌਜੂਦਾ ਦ੍ਰਿਸ਼ ਨਿਰਾਸ਼ਾਜਨਕ ਹੈ। ਇਸ ਸਦੀ ਦੀਆਂ ਪਿਛਲੀਆਂ ਤੇ ਵਰਤਮਾਨ ਹਾਕਮ ਧਿਰਾਂ ਕੋਲ ਡੁੱਬਦੇ ਜਾ ਰਹੇ ਪੰਜਾਬ ਨੂੰ ਬਚਾਉਣ ਜਾਂ ਇਸਨੂੰ ਸਾਂਭਣ ਦਾ ਕੋਈ ਨੀਤੀਗਤ ਮਾਡਲ ਨਹੀਂ। ਜਿਹੜੀ ਸਰਕਾਰ ਆਉਂਦੀ ਹੈ ਉਹ ਨੀਤੀਆਂ ਦੀ ਬਜਾਏ ਜੁਮਲੇ ਘੜਦੀ ਹੈ। ਕੋਈ ਇਸਨੂੰ ਕੈਲੀਫੋਰਨੀਆ ਬਣਾਉਣ ਦਾ ਜੁਮਲਾ ਘੜਦਾ ਹੈ ਤੇ ਕੋਈ ਰੰਗਲੇ ਪੰਜਾਬ ਦਾ। ਨਾ ਤਾਂ ਪੰਜਾਬ ਕੈਲੀਫੋਰਨੀਆ ਬਣ ਸਕਿਆ ਤੇ ਨਾ ਰੰਗਲਾ। ਜਿਹੜੇ ਟਰੱਕ ਭਰ ਭਰ ਕੇ ਨੋਟਾਂ ਦੇ ਪੰਜਾਬ ਵਿੱਚ ਆਉਣੇ ਸਨ, ਉਹ ਕਿਤੇ ਰਾਹ ਵਿੱਚ ਹੀ ਲੁੱਟ ਲਏ ਗਏ।

ਇਤਿਹਾਸਕ ਤੌਰ 'ਤੇ ਪੰਜਾਬ 'ਤੇ ਕਾਬਜ ਰਾਜਨੀਤਕ ਧਿਰਾਂ ਨੇ ਕਦੇ ਇਤਿਹਾਸ ਤੋਂ ਸਬਕ ਨਹੀਂ ਸਿਖਿਆ। ਸਿੱਖਾਂ ਨੇ ਦਿੱਲੀ ਜਿੱਤ ਕੇ ਨਿਸ਼ਾਨ ਸਾਹਿਬ ਗੱਡ ਕੇ ਵੀ ਦਿੱਲੀ ਛੱਡ ਦਿੱਤੀ। 1857 ਦੇ ਗਦਰ ਵਿੱਚ ਸਿੱਖ ਈਸਟ ਇੰਡੀਆ ਕੰਪਨੀ ਖਿਲਾਫ ਦਿੱਲੀ ਵਿੱਚ ਜਾਨ ਹੂਲ ਕੇ ਲੜੇ। ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜੇ ਤੋਂ ਬਾਅਦ ਸਿੱਖਾਂ ਨੂੰ ਨਿਹੱਥੇ ਕਰ ਦਿੱਤਾ ਗਿਆ। ਹਥਿਆਰ ਖੋਹ ਲਏ ਗਏ। ਫੌਜੀਆਂ ਨੂੰ ਘਰੋ ਘਰੀ ਤੋਰ ਦਿੱਤਾ, ਪਰ ਇਸਦੇ ਬਾਵਜੂਦ ਅੰਗਰੇਜ਼ਾਂ ਨੂੰ ਸਭ ਤੋਂ ਵੱਧ ਚੁਣੌਤੀ ਪੰਜਾਬ ਵਿੱਚੋਂ ਮਿਲੀ। ਫਾਂਸੀਆਂ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਤੇ ਉਮਰ ਕੈਦ ਕੱਟਣ ਵਿੱਚ ਪੰਜਾਬੀਆਂ ਦਾ ਪਹਿਲਾ ਨੰਬਰ ਹੈ, ਕਿਉਂਕਿ ਪੰਜਾਬ ਨੇ ਕਦੇ ਦਿੱਲੀ ਦੀ ਈਨ ਨਹੀਂ ਮੰਨੀ। ਇਹਦਾ ਇਤਿਹਾਸਕ ਕਾਰਨ ਹੈ ਕਿ ਪੰਜਾਬ ਦੇ ਸਾਰੇ ਦਰਿਆ ਪੱਛਮ ਵੱਲ ਵਗਦੇ ਹਨ, ਜਦ ਕਿ ਭਾਰਤ ਦੇ ਬਾਕੀ ਦਰਿਆ ਪੂਰਬ ਵੱਲ ਵਗਦੇ ਹਨ। ਇਸੇ ਕਰਕੇ ਸ਼ਾਹ ਮੁਹੰਮਦ 'ਜੰਗ ਹਿੰਦ, ਪੰਜਾਬ ਦਾ ਹੋਣ ਲੱਗਾ' ਵਿੱਚ ਇਸਨੂੰ ਵੱਖਰੀ ਇਕਾਈ ਮੰਨਦਾ ਹੈ। ਪੰਜਾਬ ਦੇ ਲੋਕ-ਮਨਾਂ ਵਿੱਚ ਇਹ ਧਰਤੀ ਦੇਸ ਪੰਜਾਬ ਹੈ। ਇਸ ਲਈ ਇਹਦੀ ਨਿਵੇਕਲੀ ਹੋਂਦ ਨੂੰ ਸਮਝਣ ਤੇ ਉਸ ਅਨੁਸਾਰ ਰਾਜਨੀਤਕ ਵਿਓਂਤਬੰਦੀ ਕਰਨ ਲਈ ਕਿਸੇ ਹਾਕਮ ਧਿਰ ਨੇ ਯਤਨ ਨਹੀਂ ਕੀਤਾ। ਸਾਡੇ ਕਿੱਸਾਕਾਰ ਤਾਂ ਲਿਖਦੇ ਹਨ, 'ਦਿੱਲੀਏ ਨੀ ਹੈਂਸਿਆਰੀਏ ਰੱਤ ਧੜੀ ਲਵਾਈ...।'

ਪੰਜਾਬ ਦੀ ਰਾਜਨੀਤੀ ਵਿੱਚ ਦਿੱਲੀ ਦੀ ਵਧਦੀ ਦਖਲਅੰਦਾਜ਼ੀ ਨੇ ਪੰਜਾਬੀਆਂ ਦੇ ਮਨਾਂ ਵਿੱਚ ਇਸ ਸ਼ੱਕ ਨੂੰ ਬਲ ਦਿੱਤਾ ਕਿ ਇਸ ਨੇ ਪੰਜਾਬ ਦੀ ਵੰਡ ਤੋਂ ਲੈ ਕੇ ਇਸਦੇ ਪੁਨਰਗਠਨ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ, ਬਿਜਲੀ, ਪਾਣੀਆਂ, ਹੈਡ ਵਰਕਸ ਤੇ ਆਰਥਕ ਸਰੋਤਾਂ ਨਾਲ ਧ੍ਰੋਹ ਕਮਾਇਆ ਹੈ; ਪਰ ਇਹ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਹਰ ਸਰਕਾਰ ਨੇ ਪੰਜਾਬ ਦੀ ਇਤਿਹਾਸਕ ਸੋਚ ਦੇ ਨੀਤੀਗਤ ਮਾਡਲ ਸਿਰਜਣ ਦੀ ਥਾਂ ਦਿੱਲੀ ਦੀ ਨੌਕਰਸ਼ਾਹੀ 'ਤੇ ਵਧੇਰੇ ਟੇਕ ਰੱਖੀ ਹੈ। ਇਹੀ ਕਾਰਨ ਹੈ ਕਿ ਪਿਛਲੀਆਂ ਸਰਕਾਰਾਂ ਨੇ ਜਦੋਂ ਦਿੱਲੀਓਂ ਆਰਥਕ ਸਲਾਹਕਾਰ ਲਿਆ ਕੇ ਲਾਏ ਸਨ ਤਾਂ ਇਹਦੀ ਆਲੋਚਨਾ ਹੋਈ ਸੀ। ਪਰ ਇਸਦੇ ਬਾਵਜੂਦ ਉਨ੍ਹਾਂ ਨੂੰ ਸ਼ਾਹੀ ਰੁਤਬੇ ਦੇ ਕੇ ਨਿਵਾਜਿਆ ਗਿਆ ਸੀ, ਓਹੋ ਕੁਝ ਵਰਤਮਾਨ ਸਰਕਾਰ ਨੇ ਕੀਤਾ ਹੈ। ਇਸਦੇ ਨਵੇਂ ਆਰਥਕ ਸਲਾਹਕਾਰਾਂ ਨੂੰ ਵੀ ਪਿਛਲੀਆਂ ਸਰਕਾਰਾਂ ਵਾਂਗ ਰੁਤਬੇ ਤੇ ਭੱਤੇ ਦੇ ਕੇ ਮਾਲਾਮਾਲ ਕਰ ਦਿੱਤਾ ਹੈ। ਅਕਸਰ ਇਨ੍ਹਾਂ ਨੂੰ ਕਾਰਪੋਰੇਟ ਪੱਖੀ ਸਮਝਿਆ ਜਾਂਦਾ ਹੈ, ਜੋ ਲੋਕ ਹਿੱਤਾਂ ਦੀ ਥਾਂ ਕਾਰਪੋਰੇਟ ਸੈਕਟਰ ਨੂੰ ਵਧੇਰੇ ਧਿਆਨ ਵਿੱਚ ਰੱਖਦੇ ਹਨ। ਕੀ ਪੰਜਾਬ ਨੂੰ ਜਾਨਣ/ਸਮਝਣ ਵਾਲੇ ਪੰਜਾਬੀ ਨੀਤੀ ਘਾੜਿਆਂ ਦਾ ਕਾਲ ਹੈ? ਕੀ ਪੰਜਾਬ ਕੋਲ ਅਕਾਦਮਿਕ ਯੋਗਤਾ ਦੀ ਘਾਟ ਹੈ?

ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ। ਲੋਕ ਉਨ੍ਹਾਂ ਦੇ ਜੁਮਲਿਆਂ ਤੇ ਫੋਕੀਆਂ ਤਸੱਲੀਆਂ ਤੋਂ ਅੱਕ ਗਏ, ਪਰ ਉਨ੍ਹਾਂ ਕੋਲ ਕੋਈ ਬਦਲ ਨਹੀਂ ਸੀ। ਸਥਿਤੀ 'ਕਾਟੋ ਉਤਰ, ਮੈਂ ਚੜ੍ਹਾਂ' ਵਾਲੀ ਬਣੀ ਰਹੀ। ਅੱਕੇ ਲੋਕਾਂ ਨੇ ਦਿੱਲੀ ਵੱਲੋਂ ਆਈ ਹਨੇਰੀ 'ਤੇ ਵਿਸ਼ਵਾਸ ਕਰ ਲਿਆ, ਜਿਸਨੇ ਬਦਲਾਅ ਦਾ ਨਾਅਰਾ ਦਿੱਤਾ। ਲੋਕਾਂ ਨੇ ਇਸ ਧਿਰ ਦੀ ਅਜਿਹੀ ਸਰਕਾਰ ਬਣਾ ਦਿੱਤੀ, ਜਿਸ ਬਾਰੇ ਉਨ੍ਹਾਂ ਨੂੰ ਖੁਦ ਵੀ ਯਕੀਨ ਨਹੀਂ ਸੀ। ਕਹਿਣਾ ਤਾਂ ਇਹ ਚਾਹੀਦਾ ਹੈ ਕਿ ਉਨ੍ਹਾਂ ਨੇ ਜਿਸਨੂੰ ਵੀ ਟਿਕਟ ਦੇ ਦਿੱਤੀ, ਉਹ ਮੈਦਾਨ ਮਾਰ ਗਿਆ, ਪਰ ਜਲਦੀ ਹੀ ਪੰਜਾਬੀਆਂ ਨੂੰ ਅਹਿਸਾਸ ਹੋ ਗਿਆ ਕਿ ਅਸਲ ਬਦਲਾਅ ਤਾਂ ਪਹਿਲਾਂ ਵਾਲੀਆਂ ਸਰਕਾਰਾਂ ਦੀ ਜੁਮਲੇਬਾਜੀ ਵਰਗਾ ਹੀ ਹੈ।

ਇਸ ਸਰਕਾਰ ਨੇ ਗਾਰੰਟੀਆਂ ਦਾ ਇੱਕ ਨਵਾਂ ਵਿਧਾਨ ਘੜਿਆ ਤੇ ਲੋਕਾਂ ਨੂੰ ਮੁਫਤ ਦੀ ਝਾਕ ਲਾਲਚ ਤੇ ਲਾਲਸਾ ਵਾਂਗ ਸਜਾ ਕੇ ਪਰੋਸ ਦਿੱਤੀ। ਪਿਛਲੀਆਂ ਸਰਕਾਰਾਂ ਨੇ ਸਾਈਕਲ, ਮੋਬਾਇਲ ਫੋਨ ਤੇ ਹੋਰ ਕਈ ਕੁਝ ਮੁਫਤ ਵੰਡਿਆ ਸੀ। ਇਸ ਸਰਕਾਰ ਨੇ ਤਿੰਨ ਸੌ ਯੂਨਿਟ ਬਿਜਲੀ ਮੁਫਤ ਕੀਤੀ ਹੋਈ ਹੈ। ਪਿਛਲੀ ਸਰਕਾਰ ਨੇ ਔਰਤਾਂ ਨੂੰ ਮੁਫਤ ਬੱਸ ਸਫਰ ਦੀ ਸਹੂਲਤ ਦੇ ਕੇ ਸਰਕਾਰੀ ਬੱਸਾਂ ਦਾ ਕਚੂਮਰ ਕੱਢਿਆ। ਇਹ ਸਰਕਾਰ ਹੁਣ ਔਰਤਾਂ ਨੂੰ 1100 ਰੁਪਏ ਮਹੀਨਾ ਮੁਫਤ ਦੇਣ ਦੀ ਫਿਰਾਕ ਵਿੱਚ ਹੈ। ਇੰਜ ਦਾਨਵੀਰ ਪੰਜਾਬੀਆਂ ਨੂੰ ਮੁਫਤਖੋਰੇ ਤੇ ਲਾਲਚੀ ਬਣਾ ਦਿੱਤਾ। ਹਾਕਮ ਹੁਣ ਇਸ ਤਰ੍ਹਾਂ ਦੀ ਸੋਚ ਨਾਲ ਸਰਕਾਰ ਚਲਾ ਰਹੇ ਹਨ ਕਿ ਲੋਕਾਂ ਨੂੰ ਗਾਰੰਟੀਆਂ ਦੇ ਨਾਂ 'ਤੇ ਕਿਵੇਂ ਕਰਜਾਈ ਕਰਨਾ ਹੈ। ਕੋਈ ਪੰਝੀ ਸਾਲ, ਕੋਈ ਦਸ ਸਾਲ ਤੇ ਕੋਈ ਵੀਹ ਸਾਲ ਰਾਜ ਕਰਨ ਤੇ ਪੰਜਾਬ ਨੂੰ ਫਰਸ਼ ਤੋਂ ਅਰਸ਼ ਤੱਕ ਲਿਜਾਉਣ ਦੇ ਸੁਪਨੇ ਦਿਖਾ ਰਿਹਾ ਹੈ। ਅੱਜ ਪੰਜਾਬ ਦੀ ਹਰ ਵਿੱਥ ਨੂੰ ਰਾਜਨੀਤੀ ਨੇ ਏਨਾ ਗੰਧਲਾ ਕਰ ਦਿੱਤਾ ਹੈ ਕਿ ਆਮ ਲੋਕ ਬੇਚੈਨੀ ਮਹਿਸੂਸ ਕਰਨ ਲੱਗੇ ਹਨ।

ਜੇ ਫੋਲਾਫਾਲੀ ਕਰੀਏ ਤਾਂ ਪੰਜਾਬ ਵਿੱਚ ਅਕਾਲੀ ਦਲ ਨੇ ਪੰਜਾਬ ਦੇ ਮੁੱਦਿਆਂ ਨੂੰ ਸਮੇਂ ਸਮੇਂ ਉਭਾਰਿਆ ਤੇ ਇਸ ਲਈ ਮੌਕਾ ਆਉਣ 'ਤੇ ਲੋਕਾਂ ਨੇ ਉਹਦਾ ਪੂਰਾ ਸਾਥ ਵੀ ਦਿੱਤਾ, ਜਿਸਦੇ ਸਿੱਟੇ ਵੱਜੋਂ ਲੋਕ ਅਕਾਲੀ ਦਲ ਨੂੰ ਪੰਜਾਬ ਦੇ ਹਮਦਰਦ ਵਾਂਗ ਦੇਖਦੇ ਸਨ; ਪਰ ਪਿਛਲੇ ਕੁਝ ਅਰਸੇ ਵਿੱਚ ਅਕਾਲੀ ਦਲ ਰਾਜਨੀਤਕ ਇਕਾਈ ਨਾਲੋਂ ਪ੍ਰਾਈਵੇਟ ਕੰਪਨੀ ਵਾਂਗ ਵਿਹਾਰ ਕਰਨ ਲੱਗਾ। ਉਹਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਨਸ਼ੇ ਅਜਿਹੇ ਕਲੰਕ ਸਾਬਤ ਹੋਏ ਕਿ ਅਕਾਲੀ ਦਲ ਸਵੈ-ਸਮਾਧੀ ਵਿੱਚ ਡੁੱਬ ਗਿਆ ਹੈ। ਇਹਦੇ ਸੰਕਟ ਨੇ ਸਿੱਖ ਆਵਾਮ ਵਿੱਚ ਨਿਰਾਸ਼ਾ ਪੈਦਾ ਕਰ ਦਿੱਤੀ ਹੈ। ਹਾਲਾਂਕਿ ਇਹ ਵੀ ਸਾਂਝੀ ਸਰਕਾਰ ਵੇਲੇ ਦਿੱਲੀ ਦੇ ਦਾਬੇ ਹੇਠ ਰਿਹਾ ਹੈ, ਪਰ ਇਸਨੇ ਪੰਜਾਬ ਵਿੱਚ ਘੱਟੋ ਘੱਟ ਆਪਣੀ ਹੋਂਦ ਨੂੰ ਬਣਾਈ ਰੱਖਿਆ। ਇਸਨੇ ਵੀ ਇਤਿਹਾਸ ਤੋਂ ਸਬਕ ਨਹੀਂ ਸਿਖਿਆ। ਕਾਂਗਰਸ ਦੀ ਤਬਾਹੀ ਦਾ ਕਾਰਨ ਪਰਿਵਾਰਵਾਦ ਵਿੱਚ ਪਿਆ ਹੈ, ਜਿਸਨੇ ਉਹਦੀ ਦੇਸ਼ ਵਿੱਚੋਂ ਸਰਦਾਰੀ ਖਤਮ ਕਰ ਦਿੱਤੀ। ਅਕਾਲੀ ਦਲ ਵੀ ਇੱਕ ਪਰਿਵਾਰ ਦੀ ਪਾਰਟੀ ਬਣ ਕੇ ਡੁੱਬ ਗਿਆ ਹੈ। ਜਿਹੜੀ ਰਾਜਨੀਤਕ ਪਾਰਟੀ ਪਰਿਵਾਰਵਾਦ ਵਿੱਚੋਂ ਆਪਣਾ ਭਵਿੱਖ ਤਲਾਸ਼ੇਗੀ, ਉਹ ਸਮੇਂ ਦੇ ਵਹਿਣ ਵਿੱਚ ਵਹਿ ਜਾਏਗੀ।

ਪਾਰਟੀਆਂ ਦੀ ਅਜਿਹੀ ਰਾਜਨੀਤਕ ਸੋਚ ਕਰਕੇ ਹੀ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਤੇ ਉਨ੍ਹਾਂ ਲਈ ਲੜਨ ਵਾਲੀ ਕੋਈ ਰਾਜਨੀਤਕ ਧਿਰ ਪੈਦਾ ਨਹੀਂ ਹੋਈ, ਜਿਸ ਕਰਕੇ ਪੰਜਾਬ ਦਾ ਰਾਜਨੀਤਕ ਸੰਕਟ ਦਿਨੋ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਜਿਵੇਂ ਜਿਵੇਂ ਲੀਡਰ ਇੱਕ ਸਿਆਸੀ ਪਾਰਟੀ ਨੂੰ ਛੱਡ ਕੇ ਦੂਜੀ ਵਿੱਚ ਜਾ ਰਹੇ ਹਨ, ਇਸ ਨਾਲ ਰਾਜਨੀਤਕ ਖਲਾਅ ਵੱਧ ਰਿਹਾ ਹੈ ਤੇ ਪਾਰਟੀ ਪ੍ਰਤੀ ਵਫਾਦਾਰੀ ਨੂੰ ਖੋਰਾ ਲੱਗ ਰਿਹਾ ਹੈ। ਲੀਡਰਾਂ ਦੀ ਲੋਕਾਂ ਪ੍ਰਤੀ ਜੁਆਬਦੇਹੀ ਖਤਮ ਹੁੰਦੀ ਜਾ ਰਹੀ ਹੈ।

ਕਿਸੇ ਵੀ ਖਿੱਤੇ ਦੀ ਖੁਸ਼ਹਾਲੀ ਉਹਦੇ ਪੈਦਾਵਾਰੀ ਸਾਧਨਾਂ 'ਤੇ ਨਿਰਭਰ ਕਰਦੀ ਹੈ। ਪੰਜਾਬ ਇਤਿਹਾਸਕ ਸਮਿਆਂ ਤੋਂ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ। ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ 'ਐਲ.ਪੀ.ਜੀ' ਨੀਤੀ' ਨੇ ਖੇਤੀਬਾੜੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਕੇਂਦਰ ਨੇ ਇਸੇ ਕੜੀ ਵਿੱਚ ਤਿੰਨ ਖੇਤੀ ਕਾਨੂੰਨ ਲਿਆਂਦੇ ਸਨ ਕਿ ਖੇਤੀ ਨੂੰ ਕਾਰਪੋਰੇਟ ਸੈਕਟਰ ਅਧੀਨ ਲਿਆ ਕੇ ਇਸਦੀ ਇਤਿਹਾਸਕ ਪੈਦਾਵਾਰੀ ਮਹੱਤਤਾ ਨੂੰ ਖਤਮ ਕਰ ਦਿੱਤਾ ਜਾਵੇ। ਇਹ ਅਟੱਲ ਸੱਚਾਈ ਹੈ ਕਿ ਭਵਿੱਖ ਵਿੱਚ ਖੇਤੀ ਹੀ ਸਭ ਤੋਂ ਵੱਡਾ ਆਰਥਕ ਤੇ ਸੁਰੱਖਿਅਤ ਖੇਤਰ ਹੈ। ਮਨੁੱਖ ਨੂੰ ਜਿਊਂਦੇ ਰਹਿਣ ਲਈ ਖਾਣੇ ਦੀ ਲੋੜ ਹੈ, ਜਿਸਦੀ ਪੂਰਤੀ ਸਿਰਫ ਖੇਤੀ ਤੋਂ ਹੀ ਪੂਰੀ ਹੋ ਸਕਦੀ ਹੈ। ਇਸ 'ਤੇ ਕਾਰਪੋਰੇਟ ਘਰਾਣੇ ਲਗਾਤਾਰ ਬਾਜ-ਅੱਖ ਟਿਕਾਈ ਬੈਠੇ ਹਨ। ਬੇਸ਼ੱਕ ਸਰਕਾਰ ਨੇ ਕਿਸਾਨੀ ਰੋਹ ਅੱਗੇ ਇਹ ਬਿੱਲ ਵਾਪਸ ਲੈ ਲਏ ਹਨ, ਪਰ ਉਹ ਇਨ੍ਹਾਂ ਨੂੰ ਕਿਸੇ ਹੋਰ ਸੁਧਾਰ ਹੇਠ ਮੁੜ ਲਿਆ ਸਕਦੀ ਹੈ।

ਕੋਈ ਸਮਾਂ ਸੀ ਜਦੋਂ ਭਾਰਤ ਭੁੱਖਮਰੀ ਦਾ ਸ਼ਿਕਾਰ ਸੀ। ਉਹਨੂੰ ਦੁਨੀਆ ਦੇ ਸਰਮਾਏਦਾਰ ਮੁਲਕਾਂ ਅੱਗੇ ਹੱਥ ਟੱਡ ਕੇ ਅਨਾਜ ਮੰਗਣਾ ਪੈਂਦਾ ਸੀ ਤਾਂ ਕਿ ਦੇਸ਼ ਦਾ ਢਿੱਡ ਭਰ ਸਕੇ। ਪੰਜਾਬ ਨੇ ਹਰੇ ਇਨਕਲਾਬ ਦੀ ਆੜ ਵਿੱਚ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਕਰ ਦਿੱਤਾ। ਭਾਵੇਂ ਇਸ ਨੇ ਕਿਸਾਨਾਂ ਨੂੰ ਖੁਸ਼ਹਾਲ ਕੀਤਾ, ਪਰ ਜਲਦੀ ਹੀ ਇਸਦੀ ਸਮਝ ਆਉਣ ਲੱਗੀ ਕਿ ਇਸ ਨਾਲ ਪੰਜਾਬ ਦੀ ਸਿਹਤ ਤੇ ਵਾਤਾਵਰਣ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ। ਪੰਜਾਬ ਦੇ ਬਹੁਤੇ ਬਲਾਕ ਪਾਣੀ ਪੱਖੋਂ ਡਾਰਕ ਜੋਨ ਵਿੱਚ ਆ ਗਏ ਹਨ। ਪੰਦਰਾਂ ਲੱਖ ਤੋਂ ਵੱਧ ਟਿਊਬਵੈੱਲ ਧਰਤੀ ਨੂੰ ਖੋਖਲਾ ਕਰਦੇ ਜਾ ਰਹੇ ਹਨ। ਕਿਸਾਨਾਂ ਦੀ ਫਸਲ ਮੰਡੀ ਵਿੱਚ ਹਾਸ਼ੀਏ 'ਤੇ ਖੜ੍ਹੀ ਹੈ; ਇਸਦਾ ਕੌਮਾਂਤਰੀ ਮੰਡੀ ਵਿੱਚ ਕੋਈ ਮੁੱਲ ਨਹੀਂ। ਜਿੰਨੀ ਦੇਰ ਸਰਕਾਰ ਐਮ.ਐਸ.ਪੀ. ਦੇ ਰਹੀ ਹੈ, ਓਨੀ ਦੇਰ ਤੱਕ ਇਹ ਘਰੇਲੂ ਵਰਤੋਂ ਲਈ ਖਰੀਦੀ ਜਾਂਦੀ ਰਹੇਗੀ।

ਫਸਲੀ ਵਿਭਿੰਨਤਾ ਤੇ ਇਸਦੇ ਉਚਿਤ ਮੰਡੀਕਰਨ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਮਿਡਲ ਈਸਟ ਵਿੱਚ ਸਬਜੀਆਂ, ਫਲਾਂ ਦੀ ਭਾਰੀ ਮੰਗ ਹੈ। ਇਹ ਖਿੱਤਾ ਪੰਜਾਬ ਦੇ ਨੇੜੇ ਹੈ ਤੇ ਇੱਥੋਂ ਸੌਖਿਆਂ ਸਬਜੀ, ਫਲ ਕੌਮਾਂਤਰੀ ਮੰਡੀ ਵਿੱਚ ਚੰਗਾ ਮੁੱਲ ਹਾਸਲ ਕਰ ਸਕਦੇ ਹਨ; ਪਰ ਇਸ ਬਾਰੇ ਕੋਈ ਸਰਕਾਰੀ ਨੀਤੀ ਨਹੀਂ। ਪੰਜਾਬ ਵਿੱਚ ਆਜ਼ਾਦੀ ਤੋਂ ਬਾਅਦ ਬਹੁਤ ਘੱਟ ਰੇਲਵੇ ਟਰੈਕ ਵਿਛਾਏ ਗਏ ਹਨ। ਇਸੇ ਤਰ੍ਹਾਂ ਹਵਾਈ ਆਵਾਜਾਈ ਦਾ ਵਿਕਾਸ ਕਰਨ ਵੱਲ ਲੋੜੀਂਦੇ ਕਦਮ ਨਹੀਂ ਚੁੱਕੇ ਗਏ। ਖੇਤੀ ਨਾਲ ਜੁੜੇ ਸਹਾਇਕ ਧੰਦੇ ਤੇ ਸਹਿਕਾਰੀ ਖੇਤੀ ਦੇ ਮਾਡਲ ਨੂੰ ਸਰਕਾਰਾਂ ਨੇ ਵਿਸਾਰਿਆ ਹੋਇਆ ਹੈ। ਪੰਜਾਬ ਦੀਆਂ ਕੌਮਾਂਤਰੀ ਸਰਹੱਦਾਂ ਨੂੰ ਵਪਾਰ ਲਈ ਨਾ ਖੋਲ੍ਹਣਾ ਕੇਂਦਰ ਦੀ ਬਦਨੀਤੀ ਹੈ, ਪਰ ਕਿਸੇ ਸਰਕਾਰ ਨੇ ਇਹਦੇ ਲਈ ਕੋਈ ਆਰਥਕ ਮੁਹਿੰਮ ਨਹੀਂ ਛੇੜੀ। ਆਰਥਕ ਨਿਰਾਸ਼ਾ ਵਿੱਚੋਂ ਖੁਦਕੁਸ਼ੀਆਂ ਦੀ ਭਰਪੂਰ ਫਸਲ ਹੋਈ ਹੈ, ਪਰ ਕਿਸੇ ਸਰਕਾਰ ਨੇ ਕਰਜੇ ਦੀ ਮਾਰ ਹੇਠ ਆਈ ਨਿਮਨ ਕਿਸਾਨੀ ਦੀ ਬਾਂਹ ਨਹੀਂ ਫੜੀ।

ਪੰਜਾਬ ਵਿੱਚ ਇੱਕ ਖੇਤੀਬਾੜੀ ਯੂਨੀਵਰਸਿਟੀ ਹੈ, ਪਰ ਉਹ ਕਿਸਾਨੀ ਨੂੰ ਲਾਹੇਵੰਦਾ ਬਣਾਉਣ ਲਈ ਕੋਈ ਚਾਰਟਰ ਤਿਆਰ ਨਹੀਂ ਕਰ ਸਕੀ। ਨਵੀਆਂ ਖੋਜਾਂ ਤੇ ਤਕਨੀਕਾਂ ਦੇ ਵਿਕਾਸ ਲਈ ਉਹਦੇ ਕੋਲ ਫੰਡਾਂ ਦੀ ਘਾਟ ਹੈ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੀ ਹਰ ਦਿਸ਼ਾ ਵਿੱਚ ਭੂਗੋਲਿਕ ਵੱਖਰਤਾ ਕਰਕੇ ਇਹੋ ਜਿਹੀਆਂ ਕਈ ਯੂਨੀਵਰਸਿਟੀਆਂ ਹੁੰਦੀਆਂ ਤਾਂ ਕਿ ਖੇਤੀ ਦਾ ਭਰਵਾਂ ਵਿਕਾਸ ਹੁੰਦਾ। ਅੱਜ ਸਮੁੱਚਾ ਕਿਸਾਨ ਮੰਡੀਆਂ ਵਿੱਚ ਫਸਲ ਲੈ ਕੇ ਧਰਨੇ ਲਾ ਰਿਹਾ ਹੈ, ਪਰ ਸਰਕਾਰਾਂ ਦੀ ਅਣਗਹਿਲੀ ਤੇ ਦੂਸ਼ਣਬਾਜ਼ੀ ਕਰਕੇ ਕਿਸਾਨੀ ਵਿੱਚ ਰੋਹ ਤੇ ਗੁੱਸਾ ਹੈ। ਜੇ ਸਰਕਾਰ ਨੇ ਅਕਲ ਕੀਤੀ ਹੁੰਦੀ ਤਾਂ ਫਸਲ ਆਉਣ ਤੋਂ ਪਹਿਲਾਂ ਉਹਦੇ ਰੱਖ ਰਖਾਅ ਤੇ ਖਰੀਦ ਦੇ ਪ੍ਰਬੰਧ ਕੀਤੇ ਹੁੰਦੇ, ਤਾਂ ਇਹੋ ਜਿਹੀ ਸੰਕਟ ਵਾਲੀ ਸਥਿਤੀ ਤੋਂ ਬਚਿਆ ਜਾ ਸਕਦਾ ਸੀ।

ਪੰਜਾਬ ਦੀ ਆਰਥਿਕਤਾ ਦਾ ਦੂਜਾ ਸਰੋਤ ਉਦਯੋਗ ਹੈ। ਪੰਜਾਬ ਵਿਚਲੇ ਉਦਯੋਗ ਸਰਕਾਰਾਂ ਦੀ ਉਦਾਸੀਨਤਾ ਕਰਕੇ ਇੱਥੋਂ ਦੂਜੀਆਂ ਥਾਵਾਂ 'ਤੇ ਚਲੇ ਗਏ ਹਨ। ਲੁਧਿਆਣਾ, ਬਟਾਲਾ, ਮੰਡੀ ਗੋਬਿੰਦਗੜ੍ਹ, ਰਾਜਪੁਰਾ ਤੇ ਹੋਰ ਸ਼ਹਿਰ ਉਦਯੋਗਿਕ ਹੁਲਾਰਾ ਨਾ ਮਿਲਣ ਕਰਕੇ ਸੁਸਤ ਹੋ ਗਏ ਹਨ। ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਭਾਸ਼ਣ ਬਹੁਤ ਦਿੱਤੇ, ਪਰ ਅਮਲੀ ਤੌਰ 'ਤੇ ਉਦਯੋਗ ਨੂੰ ਆਰਥਿਕਤਾ ਦਾ ਧੁਰਾ ਬਣਾਉਣ ਵਿੱਚ ਚੁੱਪ ਵੱਟੀ ਰੱਖੀ। ਜੇ ਟਾਟਾ ਵਰਗੀਆਂ ਕੰਪਨੀਆਂ ਪੰਜਾਬ ਵਿੱਚ ਆਉਂਦੀਆਂ ਵੀ ਹਨ ਤਾਂ ਇੱਥੋਂ ਦੀ ਆਰਥਿਕਤਾ ਨੂੰ ਕੋਈ ਬਹੁਤਾ ਫਾਇਦਾ ਨਹੀਂ ਹੋਣ ਲੱਗਾ, ਜਦ ਤੱਕ ਖੇਤੀ ਆਧਾਰਿਤ ਉਦਯੋਗਾਂ ਨੂੰ ਵਿਕਸਤ ਨਹੀਂ ਕੀਤਾ ਜਾਂਦਾ। ਇਸ ਨਾਲ ਪਰਾਲੀ ਤੇ ਰਹਿੰਦ-ਖੂੰਹਦ ਨੂੰ ਸਮੇਟ ਕੇ ਵਾਤਾਵਰਣ ਦੀ ਸਮੱਸਿਆ ਨੂੰ ਵੀ ਹੱਲ ਕੀਤਾ ਜਾ ਸਕਦਾ ਹੈ। ਇਸਦੇ ਨਾਲ ਟੂਰਿਜ਼ਮ ਨੂੰ ਵਿਕਸਤ ਕਰਕੇ, ਬੁਨਿਆਦੀ ਸਹੂਲਤਾਂ ਨਾਲ ਲੈਸ ਕਰਕੇ ਰੁਜ਼ਗਾਰ ਤੇ ਪੱਕੇ ਆਰਥਕ ਸਰੋਤ ਪੈਦਾ ਕੀਤੇ ਜਾ ਸਕਦੇ ਹਨ। ਰੇਤੇ ਦੀਆਂ ਖੱਡਾਂ ਤੋਂ ਸਰਕਾਰ ਲਾਭ ਲੈ ਸਕਦੀ ਹੈ, ਪਰ ਰੇਤ ਮਾਫੀਏ ਨੂੰ ਨੱਥ ਪਾਉਣ ਵਿੱਚ ਨਾਕਾਮ ਰਹੀ ਹੈ। ਪਿਛਲੀਆਂ ਸਰਕਾਰਾਂ 'ਤੇ ਇਲਜ਼ਾਮ ਤਰਾਸ਼ੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਭੱਜਿਆ ਨਹੀਂ ਜਾ ਸਕਦਾ। ਜਿਹੜੀ ਸਰਕਾਰ ਢਾਈ ਵਰ੍ਹੇ ਪਹਿਲਾਂ ਕਹਿੰਦੀ ਸੀ ਕਿ ਖਜ਼ਾਨੇ ਭਰੇ ਹੋਏ, ਭਰਪੂਰ ਹਨ, ਅੱਜ ਉਨ੍ਹਾਂ ਦੇ ਖਾਲੀ ਪੀਪੇ ਖੜਕ ਰਹੇ ਹਨ। ਨਿੱਤ ਦਿਨ ਦੀਆਂ ਹੁਦਾਰੀਆਂ ਤੇ ਕਰਜੇ ਵਿਕਰਾਲ ਰੂਪ ਧਾਰ ਰਹੇ ਹਨ।

ਸਮਾਜ ਨੂੰ ਭਾਵੇਂ ਲੋਕ ਮਿਲ ਕੇ ਸਥਾਪਤ ਕਰਦੇ ਹਨ, ਪਰ ਕਾਨੂੰਨੀ ਵਿਵਸਥਾ ਨਾਲ ਸਮਾਜ ਨੂੰ ਸਮਾਜਕ ਸੰਸਥਾਵਾਂ ਰਾਹੀਂ ਆਦਰਸ਼ਕ ਬਣਾਇਆ ਜਾਂਦਾ ਹੈ। ਪੰਜਾਬ ਨੇ ਪਿਛਲੀ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਕਾਲਾ ਦੌਰ ਦੇਖਿਆ। ਇਸ ਦੀਆਂ ਜੜ੍ਹਾਂ ਹਰੇ ਇਨਕਲਾਬ ਦੀ ਪੁੱਠੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਹੇਜ ਪੰਜਾਬ ਦਾ...

ਮਾਰ ਵਿੱਚ ਦੇਖੀਆਂ ਜਾ ਸਕਦੀਆਂ ਹਨ। ਇਸਦੇ ਜਬਰੀ ਖਾਤਮੇ ਨੇ ਪੰਜਾਬ ਨੂੰ ਕੁਝ ਚਿਰ ਤਾਂ ਸੌਖਾ ਸਾਹ ਲੈਣ ਦਾ ਹੌਸਲਾ ਦਿੱਤਾ, ਪਰ ਅਗਲੇ ਦਹਾਕਿਆਂ ਵਿੱਚ ਇਹ ਗੈਂਗਸਟਰ ਸਭਿਆਚਾਰ ਤੇ ਨਸ਼ੇ ਦੀ ਹਨੇਰੀ ਵਿੱਚ ਡੋਲ ਰਿਹਾ ਹੈ। ਫਿਰੌਤੀਆਂ, ਕਤਲ, ਹਿੰਸਾ, ਨਫਰਤ, ਚਾਪਲੂਸੀ ਸਮਾਜ ਦੇ ਅਭਿੰਨ ਅੰਗ ਬਣ ਗਏ ਹਨ। ਨੈਤਿਕਤਾ ਵਰਗੀ ਚੀਜ਼ ਲੱਭਿਆਂ ਨਹੀਂ ਲੱਭਦੀ। ਧਾਰਮਕ ਕੱਟੜਤਾ ਦੇ ਜਨੂੰਨ ਨੇ ਲੋਕ ਮਾਨਸਿਕਤਾ ਨੂੰ ਜਕੜ ਲਿਆ ਹੈ। ਤਰਕ ਨਾਲ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਹਿੰਸਾ ਦਾ ਬੋਲ ਬਾਲਾ, ਲੁੱਟਾਂ-ਖੋਹਾਂ ਆਮ ਗੱਲ ਹੋ ਗਈ ਹੈ। ਬੇਰੁਜ਼ਗਾਰੀ, ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਦਫਤਰਾਂ, ਕਚਹਿਰੀਆਂ, ਥਾਣਿਆਂ ਵਿੱਚ ਰਿਸ਼ਵਤ ਬਿਨਾ ਕੋਈ ਕੰਮ ਨਹੀਂ ਹੁੰਦਾ। ਸ਼ਰਾਰਤੀ ਅਨਸਰਾਂ ਵਿੱਚ ਕਾਨੂੰਨ ਦਾ ਡਰ-ਭਓ ਖਤਮ ਹੋ ਗਿਆ ਹੈ। ਸਰਕਾਰੀ ਉਦਾਸੀਨਤਾ ਕਰਕੇ ਵੱਡੀ ਗਿਣਤੀ ਵਿੱਚ ਨੌਜਵਾਨ ਪਰਵਾਸ ਕਰਨ ਲਈ ਮਜਬੂਰ ਹਨ। ਇਸਦਾ ਮਤਲਬ ਹੈ ਕਿ ਚੰਗੀ ਗਵਰਨੈਂਸ ਲਈ ਇੱਛਾ ਸ਼ਕਤੀ ਹਾਕਮ ਧਿਰ ਕੋਲ ਨਹੀਂ। ਹਰ ਰੋਜ਼ ਅਫਸਰਾਂ ਦੇ ਤਬਾਦਲੇ ਜਾਂ ਉਨ੍ਹਾਂ ਨੂੰ ਸਸਪੈਂਡ ਕਰਨ ਨਾਲ ਮਸਲੇ ਹੱਲ ਨਹੀਂ ਹੁੰਦੇ। ਇਹਦੇ ਲਈ ਰਾਜਨੀਤਕ ਇੱਛਾ ਸ਼ਕਤੀ ਤੇ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਲਈ ਵਚਨਬੱਧਤਾ ਜ਼ਰੂਰੀ ਹੈ।

ਨਸ਼ਿਆਂ ਨੇ ਜਿਸ ਤਰ੍ਹਾਂ ਪੰਜਾਬ ਦੀ ਜਵਾਨੀ ਨੂੰ ਖੋਖਲਾ ਕਰ ਦਿੱਤਾ ਹੈ, ਉਹਦੀ ਹਾਨੀ ਪੂਰਤੀ ਕਦੇ ਨਹੀਂ ਹੋ ਸਕਦੀ। ਨਸ਼ਾ ਜੇ ਸਰਹੱਦ ਪਾਰੋਂ ਆ ਰਿਹਾ ਹੈ ਤਾਂ ਰੋਕਣ ਦੀ ਜ਼ਿੰਮੇਵਾਰੀ ਕਿਸਦੀ ਹੈ? ਜੇ ਅੰਦਰ ਬਣ ਰਿਹਾ ਹੈ ਤਾਂ ਰੋਕਥਾਮ ਕਿਵੇਂ ਹੋਵੇਗੀ? ਨਸ਼ੇ ਦੇ ਸੌਦਾਗਰਾਂ ਤੇ ਰਾਜਤੰਤਰ+ਪੁਲਿਸ ਦੀ ਜੁਗਲਬੰਦੀ ਖਤਮ ਕਰਨ ਦਾ ਜ਼ਿੰਮਾ ਕਿਸਦਾ ਹੈ? ਅਜਿਹੇ ਅਨੇਕਾਂ ਸਵਾਲ ਹਨ, ਜਿਨ੍ਹਾਂ ਦੇ ਜੁਆਬ ਹਾਕਮ ਧਿਰ ਨੂੰ ਦੇਣੇ ਪੈਣਗੇ। ਜਿਹੜੇ ਇਹ ਕਹਿੰਦੇ ਸਨ ਕਿ ਅਸੀਂ ਆਉਂਦਿਆਂ ਨਸ਼ਾ ਤੇ ਨਸ਼ੇ ਦੇ ਸੌਦਾਗਰਾਂ ਦਾ ਫਾਹਿਆ ਵੱਢ ਦੇਣਾ ਹੈ, ਅੱਜ ਉਹ ਲੋਕ ਵੀ ਕਟਹਿਰੇ ਵਿੱਚ ਖੜ੍ਹੇ ਹਨ। ਪਿਛਲੀਆਂ ਸਰਕਾਰਾਂ ਵੇਲੇ ਦੇ ਨਸ਼ਾ ਕਾਰੋਬਾਰੀਆਂ ਨੂੰ ਬੇਨਕਾਬ ਕਰਨ ਵਿੱਚ ਵੀ ਸਰਕਾਰ ਅਸਫਲ ਰਹੀ ਹੈ।

ਸਿਖਿਆ ਤੇ ਸਿਹਤ ਦੋਵੇਂ ਬਿਮਾਰ ਹਨ। ਹਸਪਤਾਲਾਂ ਵਿੱਚ ਡਾਕਟਰ, ਦਵਾਈਆਂ, ਪੈਰਾ-ਮੈਡੀਕਲ ਸਟਾਫ ਦੀ ਵੱਡੀ ਘਾਟ ਹੈ। ਉਂਝ ਸਰਕਾਰੀ ਦਾਅਵੇ ਆਦਰਸ਼ੀਕਰਨ ਕਰਕੇ ਸਿਹਤ ਸਹੂਲਤਾਂ ਨੂੰ ਵਡਿਆਉਂਦੇ ਨਹੀਂ ਥਕਦੇ, ਪਰ ਜਦੋਂ ਨੇਤਾ ਆਪਣਾ ਇਲਾਜ ਕਰਾਉਣ ਲਈ ਸਰਕਾਰੀ ਖਰਚੇ 'ਤੇ ਵਿਦੇਸ਼ਾਂ ਵੱਲ ਦੌੜਦੇ ਹਨ ਤਾਂ ਲੋਕ ਸਵਾਲ ਖੜ੍ਹੇ ਕਰਦੇ ਹਨ। ਇਹੀ ਕਾਰਨ ਹੈ ਕਿ ਸਿਹਤ ਸੇਵਾਵਾਂ ਵਿੱਚ ਪ੍ਰਾਈਵੇਟ ਹਸਪਤਾਲਾਂ ਦੀ ਇਜਾਰੇਦਾਰੀ ਹੈ। ਗਰੀਬ ਜਨਤਾ ਜਰੂਰ ਸਰਕਾਰੀ ਸਿਹਤ ਸੇਵਾਵਾਂ ਲੈਂਦੀ ਹੈ, ਪਰ ਗੰਭੀਰ ਰੋਗਾਂ ਦੇ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਸ਼ਰਨ ਵਿੱਚ ਜਾਂਦੀ ਹੈ।

ਸਿਖਿਆ ਲਈ ਪਿਛਲੀਆਂ ਸਰਕਾਰਾਂ ਨੇ ਬੜੇ ਪ੍ਰਯੋਗ ਕੀਤੇ ਤੇ ਅਨੇਕਾਂ ਤਰ੍ਹਾਂ ਨਾਲ ਸਿਖਿਆ ਦੀ ਹੀ ਨਹੀਂ, ਅਧਿਆਪਕਾਂ ਦੀ ਵੀ ਵਰਗਵੰਡ ਕਰ ਦਿੱਤੀ। ਸਿੱਟਾ ਇਹ ਨਿਕਲਿਆ ਕਿ ਸਿਖਿਆ ਦੇ ਖੇਤਰ ਵਿੱਚ ਪੰਜਾਬ ਖਿਸਕ ਕੇ ਸਤਾਰਵੇਂ ਦਰਜੇ 'ਤੇ ਪਹੁੰਚ ਗਿਆ। ਨਵੀਂ ਸਰਕਾਰ ਸਿਖਿਆ ਨੂੰ ਨਵੀਆਂ ਬੋਤਲਾਂ ਵਿੱਚ ਪਾ ਕੇ ਲੈ ਆਈ ਕਿ ਇਹ ਦਿੱਲੀ ਤੋਂ ਦਰਾਮਦ ਕੀਤੀ ਹੈ। ਇਸ ਮਾਡਲ ਨੇ ਦਿੱਲੀ ਦਿੱਲੀ ਤਾਂ ਕਰਵਾ ਦਿੱਤੀ, ਪਰ ਮੁਲਾਂਕਣ ਕਰਨ ਤੋਂ ਬਾਅਦ ਕਿੰਨੀ ਕੁ ਗੁਣਵੱਤਾ ਵਧੀ, ਇਹਦੇ ਬਾਰੇ ਸਰਕਾਰ ਚੁੱਪ ਹੈ। ਅਧਿਆਪਕਾਂ ਨੂੰ ਕਦੇ ਵਿਦੇਸ਼, ਕਦੇ ਗੁਜਰਾਤ ਟਰੇਨਿੰਗ ਲਈ ਸਰਕਾਰੀ ਖਰਚੇ 'ਤੇ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ; ਪਰ ਉਹ ਕੀ ਸਿੱਖ ਕੇ ਆਏ ਤੇ ਉਨ੍ਹਾਂ ਅਧਿਆਪਕਾਂ ਦੀ ਆਪਣੇ ਸਕੂਲਾਂ ਵਿੱਚ ਕਾਰਗੁਜ਼ਾਰੀ ਕਿਹੋ ਜਿਹੀ ਹੈ, ਇਹਦੇ ਬਾਰੇ ਸਰਕਾਰੀ ਚੁੱਪ ਹੈ। ਸਕੂਲਾਂ ਵਿੱਚ ਵੀ ਡਾਕਟਰਾਂ ਵਾਂਗ ਅਧਿਆਪਕਾਂ ਦੀ ਗਿਣਤੀ ਪੂਰੀ ਨਹੀਂ। ਚੋਣਾਂ ਤੋਂ ਲੈ ਕੇ ਚੋਣ ਸੂਚੀਆਂ ਸੋਧਣ, ਵੋਟਾਂ ਬਣਾਉਣ, ਕੱਟਣ ਵਰਗੇ ਆਲਤੂ-ਫਾਲਤੂ ਕੰਮ ਅਧਿਆਪਕਾਂ ਲਈ ਰਾਖਵੇਂ ਹਨ। ਅਧਿਆਪਕਾਂ ਨੂੰ ਪੜ੍ਹਾਉਣ ਦੀ ਥਾਂ ਅਜਿਹੇ ਰੁਝੇਵਿਆਂ ਵਿੱਚ ਖਪਤ ਕੀਤਾ ਜਾ ਰਿਹਾ ਹੈ।

ਜੇ ਉਚੇਰੀ ਸਿੱਖਿਆ ਦੀ ਗੱਲ ਕਰੀਏ ਤਾਂ ਇਹਦਾ ਉਸ ਤੋਂ ਵੀ ਬੁਰਾ ਹਾਲ ਹੈ। ਕਾਲਜ ਤੇ ਯੂਨੀਵਰਸਿਟੀਆਂ ਅਧਿਆਪਕਾਂ ਤੋਂ ਸੱਖਣੇ ਹਨ। ਬੁਨਿਆਦੀ ਢਾਂਚੇ ਲਈ ਫੰਡ ਨਹੀਂ। ਲੈਬਸ, ਲਾਇਬ੍ਰੇਰੀਆਂ ਲਈ ਸਟਾਫ ਨਹੀਂ। ਇਸਦਾ ਫਾਇਦਾ ਪ੍ਰਾਈਵੇਟ ਸੰਸਥਾਵਾਂ ਨੇ ਉਠਾਇਆ ਤੇ ਅੱਜ ਲਗਪਗ ਸਾਰੀ ਉਚੇਰੀ ਸਿੱਖਿਆ ਪ੍ਰਾਈਵੇਟ ਹੱਥਾਂ ਦਾ ਸ਼ਿੰਗਾਰ ਬਣਾ ਦਿੱਤੀ ਗਈ ਹੈ। ਇਸ ਨਾਲ ਵਿਦਿਆਰਥੀ ਵਰਗ ਦੀ ਅੰਨ੍ਹੀ ਲੁੱਟ ਹੋ ਰਹੀ ਹੈ। ਇਸ ਲੁੱਟ ਨੂੰ ਰੋਕਣ ਲਈ ਕਿਸੇ ਵੀ ਸਰਕਾਰ ਨੇ 'ਸਿਖਿਆ ਰੈਗੂਲੇਟਰੀ ਅਥਾਰਟੀ' ਬਣਾਉਣ ਦਾ ਯਤਨ ਨਹੀਂ ਕੀਤਾ। ਹੁਣ ਉਚ ਸਿਖਿਆ ਸਿਰਫ਼ ਪੈਸੇ ਵਾਲੇ ਵਰਗ ਲਈ ਰਾਖਵੀਂ ਹੁੰਦੀ ਜਾ ਰਹੀ ਹੈ। ਨਵੀਂ ਸਿਖਿਆ ਨੀਤੀ ਨੇ ਰਹਿੰਦੀ ਖੂੰਹਦੀ ਸਿਖਿਆ ਦਾ ਵੀ ਭੋਗ ਪਾ ਦੇਣਾ ਹੈ। ਇਸ ਸਿਖਿਆ ਨੀਤੀ ਨੂੰ ਸਿਖਿਆ ਮਾਹਿਰਾਂ ਨੇ ਨਹੀਂ, ਸਗੋਂ ਵਿਗਿਆਨੀਆਂ ਤੇ ਨੌਕਰਸ਼ਾਹਾਂ ਨੇ ਤਿਆਰ ਕੀਤਾ ਹੈ। ਇਸ ਨਾਲ ਕਈ ਮਸਲੇ ਖੜ੍ਹੇ ਹੋਣੇ ਨੇ, ਜਿਨ੍ਹਾਂ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਸਭਿਆਚਾਰ ਤੇ ਭਾਸ਼ਾ ਕਿਸੇ ਸਮਾਜ ਦੇ ਨਰੋਏ ਅੰਗ ਹੁੰਦੇ ਹਨ। ਸਭਿਆਚਾਰ ਮਨੁੱਖ ਨੂੰ ਜਿਊਣ ਦਾ ਵੱਲ ਸਿਖਾਉਂਦਾ ਹੈ। ਹਰ ਪੀੜ੍ਹੀ ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ ਸਭਿਆਚਾਰ ਦੀ ਝੋਲੀ ਵਿੱਚ ਪਾ ਕੇ ਇਸਨੂੰ ਅਮੀਰ ਕਰਦੀ ਹੈ ਤੇ ਇਹ ਅਮੀਰੀ ਪੀੜ੍ਹੀਓ ਪੀੜ੍ਹੀ ਸਫਰ ਕਰਦੀ ਇਤਿਹਾਸ ਬਣਦੀ ਜਾਂਦੀ ਹੈ। ਪੰਜਾਬ ਦਾ ਇਤਿਹਾਸ ਆਪਣੇ ਮੁੱਲਾਂ ਤੇ ਇਤਿਹਾਸਕ ਪਛਾਣ ਕਰਕੇ ਚਰਚਾ ਵਿੱਚ ਰਿਹਾ ਹੈ। ਕਿਰਤ ਕਰਨ, ਨਾਮ ਜਪਣ, ਵੰਡ ਛਕਣ ਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ, ਹਰ ਇੱਕ ਦੇ ਦੁੱਖ-ਸੁੱਖ ਤੇ ਸੰਕਟਾਂ ਵਿੱਚ ਕੰਮ ਆਉਣ ਵਾਲੇ ਪੰਜਾਬੀ ਅੱਜ ਲਾਲਚੀ, ਹਿੰਸਕ ਤੇ ਵਾਤਾਵਰਣ ਨੂੰ ਬਰਬਾਦ ਕਰਨ ਵਾਲੇ ਬਣਦੇ ਜਾ ਰਹੇ ਹਨ। ਆਪਣੇ ਸਭਿਆਚਾਰ ਦੀ ਗਿਰਾਵਟ ਨੂੰ ਵੇਖ ਕੇ ਖੁਸ਼ ਹੁੰਦੇ, ਨੱਚਦੇ ਗਾਉਂਦੇ ਤੇ ਜ਼ਿੰਦਗੀ ਨੂੰ ਸਿਰਫ਼ ਜਸ਼ਨ ਵਜੋਂ ਭੋਗਣਹਾਰੇ ਬਣ ਗਏ ਹਨ। ਨੈਤਿਕ ਗਿਰਾਵਟ ਨੇ ਪੰਜਾਬੀ ਪਛਾਣ ਨੂੰ ਠੇਸ ਪਹੁੰਚਾਈ ਹੈ। ਅਜਿਹੀਆਂ ਸਥਿਤੀਆਂ ਵਿੱਚ ਅਜੋਕਾ ਪੰਜਾਬ ਸਵਾਲਾਂ ਦੇ ਘੇਰੇ ਵਿੱਚ ਹੈ ਕਿ ਸਭਿਆਚਾਰਕ ਤੌਰ 'ਤੇ ਪੰਜਾਬੀ ਗਾਇਕੀ, ਵਿਆਹਾਂ ਦੀ ਫਿਜ਼ੂਲ-ਖਰਚੀ, ਲੋੜੋਂ ਵੱਧ ਸ਼ਾਨੋ ਸ਼ੌਕਤ ਤੇ ਫੁਕਰੇਪਣ ਨੇ ਇਸਨੂੰ ਤਬਾਹ ਕਰ ਦਿੱਤਾ ਹੈ। ਅਸੀਂ ਆਪਣੇ ਆਦਰਸ਼ਕ ਜਿਊਣ ਢੰਗ ਵੱਲ ਪਿੱਠ ਕਰ ਲਈ ਹੈ। ਕਿਰਤ ਤੋਂ ਵਿਚੁੰਨੇ ਜਾ ਰਹੇ ਹਾਂ ਤੇ ਹਥਿਆਰਾਂ ਦੇ ਪ੍ਰਦਰਸ਼ਨ ਨੂੰ ਆਪਣੀ ਸ਼ਾਨ ਸਮਝਣ ਲੱਗ ਪਏ ਹਾਂ। ਸਭਿਆਚਾਰ ਨੂੰ ਸਾਂਭਣ ਤੇ ਲੋਕਾਂ ਨੂੰ ਜਾਬਤੇ ਵਿੱਚ ਰੱਖਣ ਲਈ ਸਰਕਾਰਾਂ ਦੀ ਅਣਗਹਿਲੀ ਨੇ ਸਭਿਆਚਾਰ ਨੂੰ ਨੁਕਸਾਨ ਪਹੁੰਚਾਇਆ ਹੈ। ਪੰਜਾਬੀ ਸਭਿਆਚਾਰ ਦੇ ਨਾਂ 'ਤੇ ਜਿਹੜਾ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ, ਇਸਨੂੰ ਸਖਤੀ ਨਾਲ ਨੱਥ ਪਾਉਣ ਦੀ ਲੋੜ ਹੈ। ਅੱਜ ਤੱਕ ਕੋਈ ਸਭਿਆਚਾਰਕ ਨੀਤੀ ਨਹੀਂ ਬਣ ਸਕੀ, ਜੋ ਵਿਰਸੇ ਦੀ ਸਾਂਭ ਸੰਭਾਲ ਤੇ ਇਸਨੂੰ ਦੂਸ਼ਿਤ ਕਰਨ ਵਾਲੇ ਤੱਤਾਂ ਤੋਂ ਬਚਾਅ ਸਕੇ।

ਭਾਸ਼ਾ ਸੰਚਾਰ ਦਾ ਮਾਧਿਅਮ ਹੀ ਨਹੀਂ ਸਗੋਂ ਮਨੁੱਖਾਂ ਦੀ ਸਗਲੀ ਪਛਾਣ ਹੁੰਦੀ ਹੈ। ਅਜੋਕੇ ਦੌਰ ਵਿੱਚ ਪੰਜਾਬੀ ਭਾਸ਼ਾ ਸਭ ਤੋਂ ਵੱਧ ਸੰਕਟਗ੍ਰਸਤ ਨਜ਼ਰ ਆਉਂਦੀ ਹੈ। ਇਹਦਾ ਵੱਡਾ ਕਾਰਨ ਇਸਨੂੰ ਸਿਖਿਆ ਤੇ ਪ੍ਰਸ਼ਾਸਨ ਵਿੱਚ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ ਗਿਆ ਤੇ ਨਾ ਹੀ ਇਹਦੇ ਪ੍ਰਤੀ ਕੋਈ ਦ੍ਰਿੜ ਇੱਛਾ ਸ਼ਕਤੀ ਨਜ਼ਰ ਆਉਂਦੀ ਹੈ। ਜੇ ਪੰਜਾਬੀ ਪੜ੍ਹੇ ਬੱਚਿਆਂ ਨੂੰ ਪੰਜਾਬ ਵਿੱਚ ਰੁਜਗਾਰ ਨਹੀਂ ਮਿਲੇਗਾ ਤਾਂ ਉਹ ਕਿੱਥੇ ਜਾਣਗੇ? ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜਨਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਪੰਜਾਬ ਵਿੱਚ ਪੰਝੀ ਹਜ਼ਾਰ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਜਾਂਦਾ। ਇਸਨੂੰ ਪੜ੍ਹਾਉਣਾ ਗੈਰ-ਜਰੂਰੀ ਸਮਝਿਆ ਜਾਂਦਾ ਹੈ। ਸਰਕਾਰੀ ਸਫਾਂ ਵਿੱਚ ਨੌਕਰਸ਼ਾਹੀ ਨੇ ਕਦੇ ਵੀ ਪੰਜਾਬੀ ਦਾ ਪੱਖ ਨਹੀਂ ਪੂਰਿਆ। ਪੰਜਾਬੀ ਦੇ ਭਾਸ਼ਾਈ ਵਿਕਾਸ ਬਾਰੇ ਕੋਈ ਨੀਤੀ ਘੜ੍ਹਨ ਜਾਂ ਇਹਦੇ ਲਈ ਬਜਟ ਵਿੱਚ ਫੰਡ ਰੱਖਣ ਦੀ ਕਦੇ ਲੋੜ ਮਹਿਸੂਸ ਨਹੀਂ ਕੀਤੀ ਗਈ। ਅੱਜ ਜਦੋਂ ਭਾਸ਼ਾਵਾਂ ਬਨਾਉਟੀ ਬੁੱਧੀ ਦੇ ਪਾਸਾਰੇ ਦਾ ਅੰਗ ਬਣਦੀਆਂ ਜਾ ਰਹੀਆਂ ਹਨ ਤਾਂ ਵੀ ਪੰਜਾਬ ਦੀ ਸਰਕਾਰ ਇਸ ਪ੍ਰਤੀ ਬਹੁਤੀ ਉਤਸ਼ਾਹਿਤ ਨਜ਼ਰ ਨਹੀਂ ਆਉਂਦੀ। ਇਸ ਨਾਲ ਭਾਸ਼ਾ ਦੇ ਪਛੜ ਜਾਣ ਦਾ ਖਤਰਾ ਬਰਕਰਾਰ ਹੈ। ਪੰਜਾਬੀ ਦੇ ਨਾਂ 'ਤੇ ਬਣੀ ਯੂਨੀਵਰਸਿਟੀ 'ਫੰਡ-ਸੋਕੇ' ਦਾ ਸ਼ਿਕਾਰ ਹੈ। ਇਸਨੂੰ ਨਵਾਂ ਉਪ ਕੁਲਪਤੀ ਨਹੀਂ ਮਿਲਿਆ। ਸਕੂਲਾਂ, ਕਾਲਜਾਂ ਵਿੱਚ ਪੰਜਾਬੀ ਦੇ ਅਧਿਆਪਕਾਂ ਦੀ ਕਮੀ ਹੈ। ਕਾਲਜਾਂ ਵਿੱਚ ਪ੍ਰਿੰਸੀਪਲ ਨਜ਼ਰ ਨਹੀਂ ਆਉਂਦੇ। ਪੰਜਾਬੀ ਭਾਸ਼ਾ ਦੀ ਤਰੱਕੀ ਲਈ ਟ੍ਰੇਨਿੰਗ ਸੰਸਥਾਵਾਂ ਦੀ ਘਾਟ ਰੜਕਦੀ ਹੈ। ਭਾਸ਼ਾ ਦੀ ਤਕਨੀਕੀ ਉਨਤੀ ਲਈ ਕੋਈ ਪ੍ਰੋਗਰਾਮ ਨਹੀਂ ਉਲੀਕੇ ਗਏ।

ਅਜਿਹੀਆਂ ਸਥਿਤੀਆਂ ਵਿੱਚ ਭਾਸ਼ਾ ਦਾ ਸੁੰਗੇੜ ਚਿੰਤਾ ਦਾ ਕਾਰਨ ਹੈ। ਸਰਕਾਰ ਚਾਹੇ ਤਾਂ ਇਸ ਵਿੱਚ ਵੱਡਾ ਬਦਲਾਅ ਲਿਆਉਣ ਦੇ ਸਮਰੱਥ ਹੈ। ਇਹਦੇ ਲਈ ਨੀਤੀ ਤੇ ਨੀਅਤ- ਦੋਵੇਂ ਸਵੱਛ ਹੋਣੇ ਚਾਹੀਦੇ ਹਨ। ਖੁਰ ਰਹੀਆਂ ਪੰਜਾਬੀ ਭਾਸ਼ਾ ਸੰਸਥਾਵਾਂ ਦੀ ਖੁਲ੍ਹਦਿਲੀ ਨਾਲ ਮਦਦ ਕਰਨ ਦੀ ਲੋੜ ਹੈ।

ਸਮੁੱਚੇ ਤੌਰ 'ਤੇ ਦੇਖੀਏ ਤਾਂ ਬੇਚੈਨ, ਉਦਾਸ, ਨਿਰਾਸ਼ ਤੇ ਸੰਕਟਾਂ ਦੇ ਸ਼ਿਕਾਰ ਅਜੋਕੇ ਪੰਜਾਬ ਨੂੰ ਇਸ ਸਥਿਤੀ ਵਿੱਚ ਹੰਭਲਾ ਮਾਰਨ ਦੀ ਲੋੜ ਹੈ। ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਉਹ ਸਹੀ ਤੇ ਗਲਤ ਫੈਸਲਿਆਂ 'ਤੇ ਇਮਾਨਦਾਰੀ ਨਾਲ ਉਂਗਲ ਰੱਖ ਸਕਣ। ਪੰਜਾਬ ਵਿੱਚ ਸ਼ਬਦ ਸਭਿਆਚਾਰ ਪੈਦਾ ਕਰਨ ਤੇ ਸੰਵਾਦੀ ਬਿਰਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਮਿਹਨੋ ਮਿਹਨੀ, ਤਾਅਨਿਆਂ ਵਾਲੀ ਰਾਜਨੀਤੀ ਪੰਜਾਬ ਦਾ ਸਭਿਆਚਾਰ ਨਹੀਂ। ਲੋਕ ਭਲੇ ਲਈ ਆਪਣੇ ਇਤਿਹਾਸ ਦੇ ਉਨ੍ਹਾਂ ਤੱਤਾਂ ਨੂੰ ਫਰੋਲਣ ਦੀ ਲੋੜ ਹੈ, ਜਿਨ੍ਹਾਂ ਨੇ ਸੰਕਟਾਂ ਵਿੱਚ ਇਹਦੀ ਅਗਵਾਈ ਕੀਤੀ। ਹਰ ਪਲ ਰਾਜਨੀਤੀ ਦੀ ਸ਼ਤਰੰਜੀ ਚਾਲ ਚੱਲੀ ਜਾਣੀ ਖਤਰਨਾਕ ਹੈ। ਕੁਝ ਪਲ ਰੁਕ ਕੇ ਮੁੱਲਾਂ ਨੂੰ ਵਿਚਾਰਨ, ਉਨ੍ਹਾਂ 'ਤੇ ਪਹਿਰੇਦਾਰੀ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਅਸਲ ਸੱਚਾਈ ਦੇ ਰੂਬਰੂ ਹੋ ਸਕੀਏ। ਵੇਲਾ ਸਿਰ ਜੋੜ ਕੇ ਵਿਚਾਰਨ ਦਾ ਹੈ, ਨਾ ਕਿ ਦੂਸ਼ਣਬਾਜ਼ੀ ਵਿੱਚ ਵਕਤ ਗੁਆਉਣ ਦਾ। ਅੱਜ ਹਰ ਕੋਈ ਬਾਹਰੋਂ ਪੰਜਾਬ ਦਾ ਹਿਤੈਸ਼ੀ ਹੋਣ ਦੇ ਡੰਕੇ ਵਜਾ ਰਿਹਾ ਹੈ, ਪਰ ਅੰਦਰੋਂ ਉਹ ਆਪਣੇ ਆਕਾਵਾਂ ਦਾ ਹਿਤੈਸ਼ੀ ਨਜ਼ਰ ਆਉਂਦਾ ਹੈ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

ਸੰਤ ਸੰਧੂ (ਤਲਵੰਡੀ ਸਲੇਮ, ਜਲੰਧਰ) ਫੋਨ: +91-9779479169

| | |
|---|---|
| **ਡੱਲੇਵਾਲ:** | ਮਹਿਲੀਂ ਨਹੀਂ ਸੀ ਜਾਣਾ ਪੂਰਨਾ, ਮਾਵਾਂ ਹੁੰਦੀਆਂ ਮਤੇਈਆਂ ਬੁਰੀਆਂ |
| **ਡਾ. ਮਨਮੋਹਨ ਸਿੰਘ:** | ਅੰਬਰਸਰੀਆ ਮੁੰਡਿਆ ਵੇ, ਗਿਆ ਮੁਹਬੱਤਾਂ ਤੋੜ |
| **ਖੇਤੀ ਕਾਨੂੰਨ:** | ਬੇੜਾ ਅੜਿਆ ਹੁਣ ਵਿੱਚ ਸਾਗਰਾਂ ਦੇ, ਜਿੱਥੇ ਮੱਛ ਨਾ ਰਹਿੰਦੇ ਡਰ ਕੇ ਹੂ |
| **ਪਰਵਾਸੀ:** | ਗਲੀਆਂ ਦੇ ਵਿੱਚ ਫਿਰਨ ਨਿਮਾਣੇ, ਲਾਲਾਂ ਦੇ ਵਣਜਾਰੇ ਹੂ |
| **ਮੋਦੀ ਦਾ ਤੋਹਫਾ:** | ਆਹ ਲੈ ਨੱਤੀਆਂ, ਕਰਾ ਲੈ ਪਿੱਪਲ ਪੱਤੀਆਂ, ਕਿਸੇ ਕੋਲ ਗੱਲ ਨਾ ਕਰੀਂ |
| **ਸੰਤਾਲੀ:** | ਦੁੱਖ ਹਮੇਸ਼ਾ ਇਹ ਰਹਿਨੀ ਬਾਹੂ, ਰੋਂਦੀ ਹੀ ਮਰ ਜਾਵਾਂ ਹੂ |
| **ਪੰਜਾਬ:** | ਮਾਸ ਮਾਸ ਤੇਰਾ ਕੁੱਤਿਆਂ ਨੇ ਖਾ ਲਿਆ, ਹੱਡੀਆਂ ਕਿਸ ਕੰਮ ਆਈਆਂ |
| **ਭਗਵੰਤ ਮਾਨ:** | ਲਾਈਲੱਗ ਨਾ ਹੋਵੇ ਘਰ ਵਾਲਾ, ਚੰਦਰਾ ਗੁਆਂਢ ਬੁਰਾ |
| **ਮੋਤਾ ਸਿੰਘ ਸਰਾਏ:** | ਅਸੀਂ ਜਦ ਕਦ ਉਨ੍ਹਾਂ ਦੇ ਪਾਸ ਜਾਣਾ, ਜੋ ਮਹਿਰਮ ਅਸਾਡੜੇ ਹਾਲ ਦੇ ਜੀ |
| **ਕਮਲਾ ਹੈਰਿਸ:** | ਟੁੱਟ ਪੈਣੇ ਦਰਜੀ ਨੇ ਮੇਰੀ ਰੱਖ ਲੀ ਸੁੱਥਣ 'ਚੋਂ ਟਾਕੀ |
| **ਰਮੇਸ਼ ਬਧੂਨੀ:** | ਵੱਡੀ ਮਾਂ ਬਰਾਬਰ ਜਾਣੀਏ ਜੀ, ਅਤੇ ਭੈਣ ਬਰਾਬਰ ਛੋਟੜੀ ਜੀ |
| **ਨਿੱਜੀਕਰਨ:** | ਸ਼ਗਨ ਖੇੜਿਆਂ ਦਾ ਹੀਰ ਨੂੰ ਘੱਲ ਦਿੱਤਾ, ਰਾਂਝੇ ਅਜੇ ਵੀ ਮੱਝਾਂ ਚਰਾਈ ਜਾਂਦੇ |
| **ਅਕਾਲੀ ਸੰਕਟ:** | ਉਧਰ ਤਖ਼ਤ ਹਜ਼ਾਰੇ ਹੋਣ ਗੱਲਾਂ, ਤੇ ਭਾਬੀਆਂ ਰਾਂਝੇ ਨੂੰ ਕਰਨ ਝੇੜੇ |
| **ਕਿਰਸਾਨੀ:** | ਤੂੰ ਤਾਂ ਮਿਹਨਤਾਂ ਸੈਂ ਦਿਨ ਰਾਤ ਕਰਦਾ, ਪਰ ਕੁਦਰਤਾਂ ਰੱਬ ਦੀਆਂ ਕੌਣ ਫੇਰੇ |
| **ਅਡਾਨੀ ਜਾਲ:** | ਤੋਤੀ ਬਾਗ ਉਜਾੜਦੀ ਮੇਵਿਆਂ ਦੇ, ਅਤੇ ਫਾਹ ਲਿਆਂਵਦੇ ਕਾਂ ਮੀਆਂ |
| **ਸੁਖਬੀਰ:** | ਪੈਂਚਾਂ ਸੈਦੇ ਨੂੰ ਆਖਿਆ ਸਬਰ ਕਰ, ਤੈਨੂੰ ਮਾਰਿਆ ਏ, ਝੱਖ ਮਾਰਿਆ ਏ |
| **ਮਰਯਾਦਾ:** | ਜਿਨ੍ਹਾਂ ਨਹੀਂ ਦਾਹੜੀ, ਕੰਨ ਤੇ ਨੱਕ ਪਾਟੇ,<br>ਕੌਣ ਤਿਨ੍ਹਾਂ ਦੀਆਂ ਭਰੇਗਾ ਹਾਮੀਆਂ ਜੀ |
| **ਕੰਗਣਾ ਰਣੌਤ:** | ਪੰਡ ਝਗੜਿਆਂ ਦੀ ਕਿੱਥੋਂ ਖੋਹਲ ਬੈਠੀ, ਬਣੀ ਪੈਂਚਣੀ ਵੱਡੀ ਬਲਾ ਮੀਆਂ |
| **ਸੋਨੀਆ:** | ਬੀਬਾ ਸੁੱਖ ਬੱਕਰਾ, ਜੇ ਮੁੜ ਕੇ ਜਵਾਨੀ ਆਵੇ। |

# ਸਿੱਖ ਸਿਆਸਤ ਵਿੱਚ ਮੁਕਾਬਲੇਬਾਜ਼ੀ ਵਧੀ

ਦਸੰਬਰ ਨੂੰ ਜਦੋਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਸੰਬੰਧਤ ਆਗੂਆਂ ਨੂੰ ਅਕਾਲ ਤਖਤ ਸਾਹਿਬ ਉਪਰ ਸੱਦ ਕੇ ਤਨਖਾਹ ਲਗਾਈ ਗਈ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਨੇ ਅਕਾਲੀ ਦਲ ਦੇ ਨਵੇਂ ਮੈਂਬਰਾਂ ਦੀ ਭਰਤੀ ਕਰਨੀ ਸੀ; ਪਰ ਇਸ ਕਮੇਟੀ ਨੂੰ ਦਰ ਕਿਨਾਰ ਕਰਦਿਆਂ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਵੱਲੋਂ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਵਿੱਚ ਇੱਕ ਭਰਤੀ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ।

ਇਸ ਕਮੇਟੀ ਦੇ ਮੈਂਬਰਾਂ ਦੀ ਵੱਖ-ਵੱਖ ਖੇਤਰਾਂ ਵਿੱਚ ਭਰਤੀ ਲਈ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇਸ ਕਮੇਟੀ ਦੇ ਛੇ ਮੈਂਬਰ ਉਹੀ ਸਨ, ਜਿਹੜੇ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਗਈ ਕਮੇਟੀ ਨਾਲ ਸੰਬੰਧਤ ਹਨ। ਅਕਾਲ ਤਖਤ ਸਾਹਿਬ ਵੱਲੋਂ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਭਾਈ ਅਮਰੀਕ ਸਿੰਘ ਦੀ ਬੇਟੀ ਸਤਵੰਤ ਕੌਰ ਅਤੇ ਇਕਬਾਲ ਸਿੰਘ ਝੂੰਦਾ ਨੂੰ ਇਸ ਕਮੇਟੀ ਦੇ ਮੈਂਬਰ ਬਣਾਇਆ ਸੀ। ਸੰਤਾ ਸਿੰਘ ਉਮੈਦਪੁਰੀ ਤਾਂ ਪਹਿਲਾਂ ਹੀ ਅਕਾਲੀ ਦਲ (ਬਾਦਲ) ਵੱਲੋਂ ਐਲਾਨੀ ਗਈ ਭਰਤੀ ਕਮੇਟੀ ਤੋਂ ਵੱਖ ਹੋਣ ਦਾ ਐਲਾਨ ਕਰ ਚੁੱਕੇ ਹਨ। ਮਨਪ੍ਰੀਤ ਸਿੰਘ ਇਆਲੀ ਨੇ ਵੀ ਐਲਾਨ ਕੀਤਾ ਹੈ ਕਿ ਉਹ ਜਥੇਦਾਰ ਅਕਾਲ ਤਖਤ ਸਾਹਿਬ ਦਾ ਨਿਰਦੇਸ਼ ਮੰਨਣਗੇ।

ਇਹ ਵੀ ਸੁਣਨ ਵਿੱਚ ਆ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਮਾਘੀ ਦੇ ਦਿਹਾੜੇ 'ਤੇ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਲਈ ਤਾਂ ਗਏ, ਪਰ ਉਨ੍ਹਾਂ ਨੇ ਅਕਾਲੀ ਦਲ (ਬਾਦਲ) ਦੀ ਸਟੇਜ ਤੋਂ ਪਾਸਾ ਵੱਟ ਲਿਆ। ਇਸ ਤਰ੍ਹਾਂ ਸਥਿਤੀ ਨਾ ਸਿਰਫ ਗੁੰਝਲਦਾਰ ਹੋ ਗਈ ਹੈ, ਸਗੋਂ ਅਕਾਲੀ ਦਲ (ਬਾਦਲ) ਅਤੇ ਅਕਾਲ ਤਖਤ ਸਾਹਿਬ ਵਿਚਕਾਰ ਟਕਰਾਅ ਵਾਲੀ ਬਣਦੀ ਵਿਖਾਈ ਦੇ ਰਹੀ ਹੈ। ਇੱਥੇ ਜ਼ਿਕਰਯੋਗ ਹੈ ਕਿ 2 ਦਸੰਬਰ ਨੂੰ ਜਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਸੀ ਤਾਂ ਕਿਹਾ ਸੀ ਕਿ ਅਕਾਲੀ ਦਲ ਦੀ ਇਹ ਲੀਡਰਸ਼ਿਪ 'ਪੰਥ ਦੀ ਅਗਵਾਈ ਕਰਨ ਦਾ ਨੈਤਿਕ ਹੱਕ ਗਵਾ ਚੁੱਕੀ ਹੈ।' ਅਕਾਲੀ ਦਲ ਦੇ ਵੱਖ ਹੋਏ ਧੜੇ ਨਾਲ ਏਕਤਾ ਦਾ ਵੀ ਆਦੇਸ਼ ਸੀ, ਪਰ ਅਕਾਲੀ ਦਲ (ਬਾਦਲ) ਨੇ ਹੁਕਮਨਾਮੇ ਵਿਚਲੇ ਇਹ ਰਾਜਨੀਤਿਕ ਤਰਜ਼ ਦੇ ਆਦੇਸ਼ ਨਜ਼ਰਅੰਦਾਜ਼ ਕਰ ਦਿੱਤੇ ਹਨ।

ਜਿੱਥੋਂ ਤੱਕ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਬਣੇ ਨਵੇਂ ਅਕਾਲੀ ਦਲ ਦਾ ਸੁਆਲ ਹੈ, ਇਹ ਗਰੁੱਪ ਆਪਣਾ ਸ਼ੁਰੂਆਤੀ ਇਕੱਠ ਖਿੱਚਣ ਵਿੱਚ ਤਾਂ ਕਾਮਯਾਬ ਰਿਹਾ, ਇਸ ਪਾਰਟੀ ਦਾ ਭਵਿੱਖ ਇਸ ਗੱਲ 'ਤੇ ਮੁਨੱਸਰ ਕਰੇਗਾ ਕਿ ਇਹ ਆਪਣਾ ਪਾਰਟੀ ਢਾਂਚਾ ਕਿੰਨੀ ਤੇਜ਼ੀ ਨਾਲ ਕਾਇਮ ਕਰਦੇ ਹਨ ਅਤੇ ਇਸ ਦੇ ਆਸਰੇ ਅਕਾਲੀ ਦਲ (ਬਾਦਲ) ਦੇ ਪੈਰਾਂ ਹੇਠੋਂ ਜ਼ਮੀਨ ਖਿੱਚਣ ਵਿੱਚ ਕਿੰਨਾ ਕੁ ਕਾਮਯਾਬ ਹੁੰਦੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਤੋਂ ਵੱਖ ਹੋਏ ਧੜੇ ਨੂੰ ਵੀ ਜੇ ਇਹ ਆਪਣੇ ਨਾਲ ਜੋੜ ਲੈਂਦੇ ਹਨ ਤਾਂ ਇਨ੍ਹਾਂ ਦੀ ਸਥਿਤੀ ਮਜਬੂਤ ਹੁੰਦੀ ਜਾਵੇਗੀ। ਅੰਮ੍ਰਿਤਪਾਲ ਸਿੰਘ ਵਾਲੇ ਅਕਾਲੀ ਦਲ ਦੀ ਸਟੇਜ ਤੋਂ ਭਾਵੇਂ ਸਿੱਖਾਂ ਨੂੰ ਅਸਲ ਅਗਵਾਈ ਦੇਣ ਅਤੇ ਸਿੱਖ ਮਸਲੇ ਤੱਦੀ ਨਾਲ ਚੁੱਕਣ ਦੇ ਦਾਅਵੇ ਕੀਤੇ ਗਏ ਹਨ, ਪਰ ਉਨ੍ਹਾਂ ਨੇ ਆਪਣੀ ਸਿਆਸੀ ਵਿਚਾਰਧਾਰਾ ਵਿੱਚ ਇੱਕ ਤਰ੍ਹਾਂ ਨਾਲ ਯੂ ਟਰਨ ਲੈ ਲਈ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੀ ਉਠਾਣ ਮੌਕੇ ਸਿੱਖ ਨੌਜਵਾਨਾਂ ਦੇ ਨਸ਼ੇ ਛੁਡਾਉਣ, ਅੰਮ੍ਰਿਤ ਛਕਾਉਣ ਅਤੇ ਖਾਲਿਸਤਾਨ ਪ੍ਰਾਪਤ ਕਰਨ ਵਰਗੇ ਟੀਚੇ ਮਿੱਥੇ ਸਨ; ਪਰ ਹੁਣ ਉਨ੍ਹਾਂ ਨੇ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਆਪਣੀ ਸਿਆਸਤ ਕਰਨ ਦਾ ਫੈਸਲਾ ਕਰ ਲਿਆ ਹੈ। ਉਨ੍ਹਾਂ ਦੇ ਇਸ ਨਵੇਂ ਅਵਤਾਰ ਨੂੰ ਆਮ ਸਿੱਖ ਅਵਾਮ ਕਿੰਨਾ ਕੁ ਪ੍ਰਵਾਨ ਕਰਦਾ ਹੈ, ਇਹ ਤਾਂ ਭਵਿੱਖ ਹੀ ਦੱਸੇਗਾ, ਪਰ ਅਕਾਲੀ ਦਲ (ਬਾਦਲ) ਦੀ ਮੌਜੂਦਾ ਹਾਲਤ ਕਾਰਨ ਉਨ੍ਹਾਂ ਲਈ ਸੰਭਾਵਨਾਵਾਂ ਜ਼ਰੂਰ ਮੌਜੂਦ ਹਨ।

ਅੰਮ੍ਰਿਤਪਾਲ ਸਿੰਘ ਦੀ ਗੈਰ-ਹਾਜ਼ਰੀ ਵਿੱਚ ਬਣਾਈ ਗਈ ਪੰਜ ਮੈਂਬਰੀ ਕਮੇਟੀ, ਜਿਸ ਵਿੱਚ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਭਾਈ ਤਰਸੇਮ ਸਿੰਘ ਸ਼ਾਮਲ ਹਨ ਅਤੇ ਇਸ ਸਮੇਂ ਐਲਾਨੀ ਗਈ ਸੱਤ ਮੈਂਬਰੀ ਭਰਤੀ ਕਮੇਟੀ ਨੂੰ ਪਾਰਟੀ ਉਸਾਰੀ ਲਈ ਦਿਨ ਰਾਤ ਇੱਕ ਕਰਨਾ ਪਏਗਾ; ਅਪ੍ਰੈਲ ਮਹੀਨੇ ਵਿੱਚ ਵਿਸਾਖੀ ਤੱਕ ਆਪਣੀ ਕਾਰਗੁਜ਼ਾਰੀ ਅਤੇ ਰੋਜ਼ਮੱਰ੍ਹਾ ਦੀ ਸਿਆਸਤ ਬਾਰੇ ਆਪਣਾ ਪੱਖ ਲਗਾਤਾਰ ਰੱਖਣ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪਵੇਗੀ। ਭਾਵੇਂ ਨੈਤਿਕ ਤੌਰ 'ਤੇ ਅਕਾਲੀ ਦਲ (ਬਾਦਲ) ਬੈਕ ਫੁੱਟ 'ਤੇ ਹੈ, ਪਰ ਉਹ ਛੇਤੀ-ਛੇਤੀ ਮੈਦਾਨ ਛੱਡਣ ਵਾਲੇ ਨਹੀਂ ਹਨ। ਸਿੱਖਾਂ ਦਾ ਇਹ ਸਿਆਸੀ ਘਮਸਾਣ ਵੇਖਣ ਵਾਲਾ ਹੋਵੇਗਾ। ਸਿਮਰਨਜੀਤ ਸਿੰਘ ਮਾਨ ਸਮੇਤ ਖਾਲਿਸਤਾਨੀ ਗਰੁੱਪਾਂ ਦੀ ਸਿਆਸਤ ਦੇ ਹਾਲੇ ਸਮਾਂ ਅਨੁਕੂਲ ਨਹੀਂ ਹੈ। ਉਨ੍ਹਾਂ ਦਾ ਹਾਲ ਦੀ ਘੜੀ ਕਿਨਾਰੇ ਕਿਨਾਰੇ (ਮਾਰਜਿਨ) 'ਤੇ ਰਹਿਣਾ ਤੈਅ ਹੈ।




ਮਾਘੀ ਮੌਕੇ ਮੁਕਤਸਰ ਵਿੱਚ ਨਵੇਂ ਅਕਾਲੀ ਦਲ (ਵਾਰਸ ਪੰਜਾਬ ਦੇ) ਦਾ ਪੰਡਾਲ

# ਬੜੂ ਸਾਹਿਬ ਦਾ ਹੋਕਾ: 'ਬੱਚੇ ਪੜ੍ਹਾਓ, ਪੰਜਾਬ ਬਚਾਓ'

**ਕੁਲਜੀਤ ਦਿਆਲਪੁਰੀ**

***ਕਿਸੇ ਵੀ ਕੌਮ ਦਾ ਸਭ ਤੋਂ ਵਧੀਆ ਨਿਵੇਸ਼ ਸਕੂਲੀ ਸਿੱਖਿਆ ਵਿੱਚ ਕੀਤਾ ਨਿਵੇਸ਼ ਹੈ- ਡਾ. ਦਵਿੰਦਰ ਸਿੰਘ***

***ਭਾਈਚਾਰਕ ਸ਼ਖਸੀਅਤ ਮੇਜਰ ਗੁਰਚਰਨ ਸਿੰਘ ਝੱਜ ਵੱਲੋਂ ਅਕਾਲ ਅਕੈਡਮੀ ਦਾ ਸਾਥ ਦੇਣ ਦੀ ਅਪੀਲ***

**ਸ਼ਿਕਾਗੋ:** ਕਲਗੀਧਰ ਟਰੱਸਟ ਬੜੂ ਸਾਹਿਬ ਦੀ ਟੀਮ ਨੇ ਪਿਛਲੇ ਦਿਨੀਂ ਮੁਕੰਮਲ ਕੀਤੀ ਅਮਰੀਕਾ ਫੇਰੀ ਦੌਰਾਨ ਅਕਾਲ ਅਕੈਡਮੀ ਦਾ ਸਾਥ ਦੇਣ ਦੀ ਪੁਰਜ਼ੋਰ ਅਪੀਲ ਕਰਦਿਆਂ ਪੰਜਾਬ ਵਿੱਚ ਵਿਦਿਆ ਦੇ ਸੰਦਰਭ 'ਚ ਪਰਵਾਸੀ ਭਾਈਚਾਰੇ ਨੂੰ ਇਹ ਹੋਕਾ ਦਿੱਤਾ: 'ਬੱਚੇ ਪੜ੍ਹਾਓ, ਪੰਜਾਬ ਬਚਾਓ।' ਉਨ੍ਹਾਂ ਦੀ ਇਸ ਫੇਰੀ ਨੂੰ ਭਰਪੂਰ ਹੁੰਗਾਰਾ ਮਿਲਿਆ ਅਤੇ ਪਹਿਲਾਂ ਜੁੜੀਆਂ ਭਾਈਚਾਰਕ ਸ਼ਖਸੀਅਤਾਂ ਤੋਂ ਇਲਾਵਾ ਕੁਝ ਹੋਰ ਸੱਜਣਾਂ ਨੇ ਪੰਜਾਬ ਵਿੱਚ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਬੜੂ ਸਾਹਿਬ ਨੂੰ ਵਿੱਤੀ ਸਹਿਯੋਗ ਦਿੱਤਾ। ਇਸ ਸਬੰਧੀ ਵੱਖ-ਵੱਖ ਪ੍ਰੋਗਰਾਮ ਸ਼ਿਕਾਗੋ ਅਤੇ ਹੋਰਨਾਂ ਸਟੇਟਾਂ ਵਿੱਚ ਕੀਤੇ ਗਏ, ਜਿੱਥੇ ਪਰਵਾਸੀ ਪੰਜਾਬੀਆਂ ਨੂੰ ਵਿੱਦਿਆ ਦੇ ਖੇਤਰ ਵਿੱਚ ਅਕਾਲ ਅਕੈਡਮੀ ਦੇ ਉਪਰਾਲਿਆਂ ਅਤੇ ਭਵਿੱਖੀ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਜੱਸ ਪੰਜਾਬੀ' ਉਤੇ ਲਾਈਵ ਸ਼ੋਅ ਕੀਤੇ ਗਏ, ਜਿਸ ਦੌਰਾਨ ਬੜੂ ਸਾਹਿਬ ਦੇ ਮਿਸ਼ਨ ਅਤੇ ਉਸ ਅਧੀਨ ਆਉਂਦੀਆਂ ਸੰਸਥਾਵਾਂ ਦੇ ਕਾਰਜਾਂ ਦਾ ਸੰਖੇਪ ਵੇਰਵਾ ਸਾਂਝਾ ਕੀਤਾ ਗਿਆ।

ਚੇਤੇ ਰਹੇ, ਅਕਾਲ ਅਕੈਡਮੀ ਉੱਤਰੀ ਭਾਰਤ ਦੇ ਪੇਂਡੂ ਖੇਤਰਾਂ ਵਿੱਚ 70 ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਚਲਾਉਂਦੀ ਹੈ। ਬਾਬਾ ਅਤਰ ਸਿੰਘ ਤੋਂ ਲੈ ਕੇ ਬਾਬਾ ਇਕਬਾਲ ਸਿੰਘ ਨੇ ਸੇਵਾ ਨਿਭਾਈ ਅਤੇ ਹੁਣ ਡਾ. ਦਵਿੰਦਰ ਸਿੰਘ ਸੇਵਾ ਨਿਭਾਅ ਰਹੇ ਹਨ। ਡਾ. ਦਵਿੰਦਰ ਸਿੰਘ ਇਹ ਟੀਚਾ ਲੈ ਕੇ ਚੱਲੇ ਹਨ ਕਿ ਪੰਜਾਬ ਦਾ ਕੋਈ ਵੀ ਬੱਚਾ ਅਨਪੜ੍ਹ ਨਾ ਰਹੇ ਅਤੇ ਇਸੇ ਮਕਸਦ ਤਹਿਤ ਅਕਾਲ ਅਕੈਡਮੀ ਬੜੂ ਸਾਹਿਬ ਦੇਸ-ਵਿਦੇਸ਼ ਰਹਿੰਦੇ ਪੰਜਾਬੀ ਭਾਈਚਾਰੇ ਨੂੰ ਪੰਜਾਬ 'ਚ ਸਿੱਖਿਆ ਦਾ ਲੰਗਰ ਲਾਉਣ ਪ੍ਰਤੀ ਉਤਸ਼ਾਹਿਤ ਕਰਨ ਦਾ ਹੋਕਾ ਦੇ ਰਹੀ ਹੈ।

ਸ਼ਿਕਾਗੋ ਵਿੱਚ ਹੋਏ ਸਮਾਗਮ ਦੌਰਾਨ ਅਕਾਲ ਅਕੈਡਮੀ ਲਈ ਫੰਡ ਇੱਕਤਰ ਕਰਨ ਲਈ ਅਮਰੀਕਾ ਫੇਰੀ ਦਾ ਜ਼ਿਕਰ ਕਰਦਿਆਂ ਡਾ. ਦਵਿੰਦਰ ਸਿੰਘ ਨੇ ਸਭ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਹੋਰ ਵੀ ਲੋਕਾਂ ਨੂੰ ਪ੍ਰੇਰਿਆ ਕਿ ਉਹ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਜ਼ਰੂਰ ਸਪਾਂਸਰ ਕਰਨ। ਉਨ੍ਹਾਂ ਕਿਹਾ ਕਿ ਜੇ ਕੋਈ ਫੀਸ ਨਹੀਂ ਦੇ ਸਕਦਾ ਤਾਂ ਵਿਦੇਸ਼ਾਂ ਵਿੱਚ ਬੈਠੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਲੋਕਾਂ ਨੇ ਅਕਾਲ ਅਕੈਡਮੀ ਵਿੱਚ ਭਰੋਸਾ ਪ੍ਰਗਟਾਉਂਦਿਆਂ ਉਮੀਦ ਤੋਂ ਜ਼ਿਆਦਾ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਕਿ ਸੰਸਾਰ ਪੱਧਰ 'ਤੇ ਇੱਕ ਚੀਜ਼ ਬੜੀ ਸਪਸ਼ਟ ਹੈ ਕਿ ਕਿਸੇ ਵੀ ਕੌਮ ਦਾ ਸਭ ਤੋਂ ਵਧੀਆ ਨਿਵੇਸ਼ ਸਕੂਲੀ ਸਿੱਖਿਆ ਵਿੱਚ ਕੀਤਾ ਨਿਵੇਸ਼ ਹੈ।

ਡਾ. ਦਵਿੰਦਰ ਸਿੰਘ ਨੇ ਬੜੂ ਸਾਹਿਬ ਦੇ ਮਿਸ਼ਨ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਤ ਤੇਜਾ ਸਿੰਘ ਨੇ 1954 ਵਿੱਚ ਸੰਤ ਅਤਰ ਸਿੰਘ ਦੇ ਬਚਨਾਂ ਨੂੰ ਮੁੜ ਪੇਸ਼ ਕੀਤਾ ਕਿ ਵਿਸ਼ਵ ਸ਼ਾਂਤੀ ਸਥਾਪਤ ਕਿਵੇਂ ਹੋਵੇਗੀ? ਬੱਚਿਆਂ ਨੂੰ ਮੁੱਲਵਾਨ ਅਧਿਆਤਮਕ ਸਿੱਖਿਆ ਦੇ ਕੇ। ਇਸ ਲਈ ਬਾਬਾ ਇਕਬਾਲ ਸਿੰਘ ਨੇ ਸਾਲ 1986 ਵਿੱਚ 5 ਵਿਦਿਆਰਥੀਆਂ ਨਾਲ ਅਕਾਲ ਅਕੈਡਮੀ ਸ਼ੁਰੂ ਕੀਤੀ ਅਤੇ ਇਸ ਵੇਲੇ ਅਕੈਡਮੀ ਦੀਆਂ 130 ਸ਼ਾਖਾਵਾਂ ਬਣ ਗਈਆਂ ਹਨ, ਜੋ ਸਾਰੀਆਂ ਹੀ ਪਿੰਡਾਂ ਵਿੱਚ ਹਨ (ਇੱਕ ਮੁਕਤਸਰ ਸ਼ਹਿਰ ਵਿੱਚ ਹੈ)। ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਕਈ ਵਾਰ ਲੋਕ ਬਾਬਾ ਇਕਬਾਲ ਸਿੰਘ ਨੂੰ ਪੁੱਛਦੇ ਸਨ ਕਿ ਸ਼ਹਿਰ ਵਿੱਚ ਵੀ ਬੱਚੇ ਰਹਿੰਦੇ ਹਨ, ਉਥੇ ਅਕੈਡਮੀ ਕਿਉਂ ਨਹੀਂ ਬਣਾਉਂਦੇ? ਬਾਬਾ ਜੀ ਦਾ ਇਹ ਕਹਿਣਾ ਹੁੰਦਾ ਸੀ ਕਿ 70% ਬੱਚੇ ਪਿੰਡਾਂ ਵਿੱਚ ਰਹਿੰਦੇ ਹਨ। ਸ਼ਹਿਰੀ ਬੱਚਿਆਂ ਕੋਲ ਵਿੱਤੀ ਸਰੋਤ ਹਨ ਅਤੇ ਮੌਕੇ ਵੀ ਹਨ। ਇਸ ਵਾਸਤੇ ਪਿੰਡਾਂ ਵਿੱਚ ਅਕੈਡਮੀਆਂ ਬਣਾ ਰਹੇ ਹਾਂ। ਇਸ ਤੋਂ ਇਲਾਵਾ ਪੰਜਾਬ ਦੀਆਂ ਜੋ ਵੀ ਹੋਰ ਸਮੱਸਿਆਵਾਂ ਹਨ, ਜਿਵੇਂ ਨਸ਼ਿਆਂ ਜਾਂ ਬੱਚੀਆਂ ਲਈ ਰੁਜ਼ਗਾਰ ਵਗੈਰਾ, ਉਨ੍ਹਾਂ 'ਤੇ ਵੀ ਨਾਲੋ ਨਾਲ ਵਿਚਾਰ ਕਰ ਰਹੇ ਹਾਂ।



ਸੰਬੋਧਨ ਕਰਦੇ ਹੋਏ ਡਾ. ਦਵਿੰਦਰ ਸਿੰਘ (ਖੱਬਿਓਂ ਦੂਜੇ); ਨਾਲ ਬੈਠੇ ਹਨ ਮੇਜਰ ਗੁਰਚਰਨ ਸਿੰਘ ਝੱਜ ਤੇ ਰਵੀਦੀਪ ਕੌਰ ਮੁਕਤਾ ਅਤੇ (ਐਨ ਖੱਬੇ) ਜਸਪਾਲ ਸਿੰਘ ਸੈਕਰਾਮੈਂਟੋ





(ਖੱਬਿਓਂ) ਡਾ. ਦਵਿੰਦਰ ਸਿੰਘ, ਮੇਜਰ ਗੁਰਚਰਨ ਸਿੰਘ ਝੱਜ, ਹਰਦਿਆਲ ਸਿੰਘ ਦਿਓਲ ਤੇ ਅਮਰਦੇਵ ਸਿੰਘ ਬੰਦੇਸ਼ਾ ਅਤੇ ਸੱਜੇ ਤਸਵੀਰ ਵਿੱਚ ਭਾਈਚਾਰਕ ਸ਼ਖਸੀਅਤਾਂ

ਇਸ ਮੌਕੇ ਸਵਾਲ-ਜਵਾਬ ਦਾ ਇੱਕ ਸੈਸ਼ਨ ਵੀ ਚੱਲਿਆ ਅਤੇ ਸਰਦੀਆਂ ਦੀ ਰੁੱਤੇ (ਛੁੱਟੀਆਂ ਦੇ ਸਮੇਂ) ਅਕੈਡਮੀ ਦੀ ਫੇਰੀ ਦੀ ਗੱਲ ਹੋਈ। ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਇਸ ਸਬੰਧੀ ਸਾਨੂੰ ਕੁਝ ਸੁਝਾਅ ਮਿਲੇ ਹਨ ਅਤੇ ਉਨ੍ਹਾਂ ਦੇ ਮੱਦੇਨਜ਼ਰ ਤਬਦੀਲੀ ਯਕੀਨੀ ਬਣਾਵਾਂਗੇ ਤੇ ਅਗਲੀ ਵਾਰ ਥੈਕਸਗਿਵਿੰਗ ਦੇ ਨੇੜੇ-ਤੇੜੇ ਪ੍ਰੋਗਰਾਮ ਉਲੀਕਾਂਗੇ। ਲੋਕਾਂ ਵਿੱਚ ਪੈਦਾ ਹੋਏ ਕੁਝ ਉਨ੍ਹਾਂ ਖਦਸ਼ਿਆਂ ਨੂੰ ਵੀ ਦਰਕਿਨਾਰ ਕੀਤਾ, ਜਿਨ੍ਹਾਂ ਰਾਹੀਂ ਇਹ ਪ੍ਰਚਾਰਿਆ ਜਾਂਦਾ ਹੈ ਕਿ ਬੜੂ ਸਾਹਿਬ ਵਿੱਚ ਸਿਫਰ ਸਿੱਖਾਂ ਦੇ ਬੱਚੇ ਹੀ ਪੜ੍ਹਦੇ ਹਨ। ਇਸ ਸਬੰਧੀ ਡਾ. ਦਵਿੰਦਰ ਸਿੰਘ ਨੇ ਸਪਸ਼ਟ ਕੀਤਾ ਕਿ ਸਿੱਖ ਧਰਮ ਸਾਂਝੀਵਾਲਤਾ ਨੂੰ ਪ੍ਰਚਾਰਦਾ ਹੈ ਅਤੇ ਅਕਾਲ ਅਕੈਡਮੀਆਂ ਵਿੱਚ ਹਰ ਧਰਮ ਦਾ ਬੱਚਾ ਪੜ੍ਹ ਸਕਦਾ ਹੈ, ਤੇ ਪੜ੍ਹ ਵੀ ਰਹੇ ਹਨ। ਕਿਸੇ ਕਿਸਮ ਦਾ ਵਿਤਕਰਾ ਨਹੀਂ ਹੈ।

ਪ੍ਰੋਗਰਾਮ ਦੇ ਅਖੀਰ ਵਿੱਚ ਡਾ. ਦਵਿੰਦਰ ਸਿੰਘ ਨੇ ਪਰਵਾਸੀ ਪੰਜਾਬੀਆਂ ਨਾਲ ਹੋਈਆਂ ਕੁਝ ਗੱਲਾਂ ਵੀ ਸਾਂਝੀਆਂ ਕੀਤੀਆਂ ਅਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਦਾਨੀ ਸੱਜਣਾਂ ਬਾਰੇ ਵੀ ਦੱਸਿਆ, ਜਿਨ੍ਹਾਂ ਨੇ ਅਕਾਲ ਅਕੈਡਮੀ ਵਿੱਚ ਪੜ੍ਹਾਉਣ ਲਈ ਬੱਚੇ ਸਪਾਂਸਰ ਕੀਤੇ ਹਨ ਤੇ ਸਕੂਲ ਖੋਲ੍ਹਣ ਲਈ ਜ਼ਮੀਨ ਦਾਨ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਪਰਉਪਕਾਰ ਦੀਆਂ ਅਜਿਹੀਆਂ ਭਾਵਨਾਵਾਂ ਸਾਡੇ 'ਚ ਆ ਜਾਣਗੀਆਂ ਤਾਂ ਵਿਦਿਆ ਸਬੰਧੀ ਪੰਜਾਬ ਦੀ ਸਮੱਸਿਆ ਆਪਣੇ ਆਪ ਹੀ ਖਤਮ ਹੋ ਜਾਵੇਗੀ।

ਇਸ ਮੌਕੇ ਮੇਜਰ ਗੁਰਚਰਨ ਸਿੰਘ ਝੱਜ ਨੇ ਬੜੂ ਸਾਹਿਬ ਨਾਲ ਜੁੜਨ ਦੇ ਸਬੱਬ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਤੀਹ ਕੁ ਸਾਲ ਪਹਿਲਾਂ ਡਾ. ਖੇਮ ਸਿੰਘ ਗਿੱਲ ਇੱਥੇ ਪਹਿਲੀ ਵਾਰ ਅਕੈਡਮੀ ਲਈ ਫੰਡ ਇਕੱਤਰ ਕਰ ਲਈ ਆਏ ਸਨ। ਉਦੋਂ ਤੋਂ ਹੀ ਬੜੂ ਸਾਹਿਬ ਨਾਲ ਸਬੰਧ ਬਣਿਆ। ਬਾਅਦ ਵਿੱਚ ਬਾਬਾ ਇਕਬਾਲ ਸਿੰਘ ਵੀ ਆਉਂਦੇ ਰਹੇ ਅਤੇ ਉਹ ਇੱਥੇ ਸਾਡੇ ਘਰੇ ਹੀ ਠਹਿਰਦੇ ਸਨ। ਉਨ੍ਹਾਂ ਦੇ ਮਿਸ਼ਨ ਤੋਂ ਅਸੀਂ ਬਹੁਤ ਪ੍ਰਭਾਵਿਤ ਹੋਏ ਅਤੇ ਸਾਨੂੰ ਇਸ ਸੇਵਾ ਵਿੱਚ ਯੋਗਦਾਨ ਪਾ ਕੇ ਖੁਸ਼ੀ ਹੁੰਦੀ ਸੀ।



ਸਵਾਲ ਕਰਦੇ ਹੋਏ ਸੁਖਮੇਲ ਸਿੰਘ ਅਟਵਾਲ

ਪਿੰਡ ਮਨਾਲ ਵਿੱਚ ਕਰੀਬ 13 ਸਾਲ ਪਹਿਲਾਂ ਅਕੈਡਮੀ ਲਈ ਜ਼ਮੀਨ ਦਾਨ ਕਰਨ ਦਾ ਕਿੱਸਾ ਸਾਂਝਾ ਕਰਦਿਆਂ ਮੇਜਰ ਝੱਜ ਨੇ ਕਿਹਾ ਕਿ ਇਹ ਪਿੰਡ ਜ਼ਿਲ੍ਹਾ ਬਰਨਾਲਾ ਵਿੱਚ ਪੈਂਦਾ ਹੈ। ਅਸਲ ਵਿੱਚ ਮਨਾਲ ਪਿੰਡ ਵਿੱਚ ਮੇਜਰ ਝੱਜ ਦੇ ਵੱਡੇ ਭੈਣ ਜੀ ਦੇ ਸਹੁਰਾ ਪਰਿਵਾਰ ਨੂੰ ਜ਼ਮੀਨ ਅਲਾਟ ਹੋਈ ਸੀ। ਉਨ੍ਹਾਂ ਦੱਸਿਆ ਕਿ ਜਦੋਂ ਬਾਬਾ ਇਕਬਾਲ ਸਿੰਘ ਆਏ ਸਨ ਤਾਂ ਸਾਡੇ ਪਰਿਵਾਰ ਨੇ ਇੱਕ ਅਕਾਲ ਅਕੈਡਮੀ (ਸ਼ਾਖਾ) ਬਣਾਉਣ ਦਾ ਤਹੱਈਆ ਕੀਤਾ ਸੀ। ਮੇਜਰ ਝੱਜ ਨੇ ਕਿਹਾ ਕਿ ਉਨ੍ਹਾਂ ਦੀ ਵੱਡੀ ਭੈਣ ਬੀਬੀ ਕਰਤਾਰ ਕੌਰ ਨੇ ਹੀ ਉਨ੍ਹਾਂ (ਸ. ਝੱਜ) ਨੂੰ ਪਾਲਿਆ। ਇਹ ਦੱਸਦਿਆਂ ਉਹ ਭਾਵੁਕ ਵੀ ਹੋ ਗਏ ਸਨ। ਸੋ, ਇੱਕ ਅਕੈਡਮੀ ਬੀਬੀ ਕਰਤਾਰ ਕੌਰ ਦੀ ਯਾਦ ਵਿੱਚ ਮਨਾਲ ਪਿੰਡ ਵਿੱਚ ਬਣਾਈ ਗਈ, ਜਿਸ ਲਈ ਝੱਜ ਪਰਿਵਾਰ ਵੱਲੋਂ ਅੱਠ ਏਕੜ ਜ਼ਮੀਨ ਖਰੀਦ ਕੇ ਅਕਾਲ ਅਕੈਡਮੀ ਨੂੰ ਦਿੱਤੀ ਗਈ।

ਇਸ ਮੌਕੇ ਮੇਜਰ ਝੱਜ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਗੋ ਆਏ ਨੂੰ 50 ਸਾਲ ਦਾ ਸਮਾਂ ਹੋ ਗਿਆ ਹੈ। ਉਹ ਆਰਮੀ ਛੱਡ ਕੇ ਇੱਥੇ ਆਏ ਸਨ। ਉਨ੍ਹਾਂ ਬੀ.ਐਸਸੀ. ਇੰਜੀਨੀਅਰਿੰਗ ਕੀਤੀ। ਕੋਈ ਜੌਬ ਮਿਲਦੀ ਨਹੀਂ ਸੀ ਅਤੇ ਟੈਕਸੀ ਚਲਾਈ ਤੇ ਦੱਬ ਕੇ ਮਿਹਨਤ ਕੀਤੀ। ਉਨ੍ਹਾਂ ਕਿਹਾ ਕਿ ਹਮੇਸ਼ਾ ਮਨ ਵਿੱਚ ਇਹ ਆਇਆ ਕਿ ਦਸਵੰਧ ਜ਼ਰੂਰ ਕੱਢਿਆ ਜਾਵੇ, ਪਰ ਇਹ ਦਸਵੰਧ ਕਿਸੇ ਚੰਗੇ ਕੰਮ ਲਈ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਬਾਬਾ ਇਕਬਾਲ ਸਿੰਘ ਨਾਲ ਸਾਂਝ ਪਈ, ਉਦੋਂ ਤੋਂ ਅਕੈਡਮੀ ਲਈ ਦਸਵੰਧ ਕੱਢ ਕੇ ਦੇਣਾ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਅਸੀਂ ਜੰਮੇ ਸੀ, ਉਥੇ ਪਿੰਡਾਂ ਦਾ ਹਲਾ ਦੇਖੋ ਕੀ ਹੈ! ਅਸੀਂ ਇੱਥੇ ਵੈਲਸੈਟਲਡ ਹਾਂ ਤਾਂ ਸਾਡਾ ਆਪਣੇ ਪਿੰਡਾਂ ਪ੍ਰਤੀ ਵੀ ਫਰਜ਼ ਬਣਦਾ ਹੈ। ਬੱਚੇ ਬੇਰੁਜ਼ਗਾਰ ਹਨ, ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਪੜ੍ਹਾਈ ਦਾ ਹਾਲ ਵੀ ਚੰਗਾ ਨਹੀਂ। ਬੜੂ ਸਾਹਿਬ ਅਕੈਡਮੀ ਵਿਦਿਆ ਦੇ ਖੇਤਰ ਵਿੱਚ ਜੋ ਸੇਵਾ ਨਿਭਾਅ ਰਹੀ ਹੈ, ਉਸ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਇਸ ਨੂੰ ਵਿੱਤੀ ਤੌਰ 'ਤੇ ਮਜਬੂਤ ਕਰਨਾ ਚਾਹੀਦਾ ਹੈ, ਕਿਉਂਕਿ ਬੜੂ ਸਾਹਿਬ ਦੀਆਂ 129 ਅਕੈਡਮੀਆਂ ਪਿੰਡਾਂ ਵਿੱਚ ਹਨ। ਉਨ੍ਹਾਂ ਬੜੂ ਸਾਹਿਬ ਦੇ ਉਪਰਾਲਿਆਂ 'ਚ ਭਰੋਸਾ ਪ੍ਰਗਟਾਉਂਦਿਆਂ ਕਿਹਾ ਕਿ ਸੰਗਤ ਦੇ ਦਾਨ ਦਾ ਪੈਸਾ ਚੰਗੇ ਕੰਮ ਲਈ ਲੱਗ ਰਿਹਾ ਹੈ। ਪਹਿਲਾਂ ਬਥੇਰੇ ਲੋਕ ਹੋਰ ਮਕਸਦ ਲਈ ਪੈਸਾ ਇਕੱਠਾ ਕਰਨ ਆਉਂਦੇ ਰਹੇ, ਪਰ ਉਹ ਪੈਸੇ ਸਹੀ ਥਾਂ ਪਹੁੰਚਦੇ ਨਹੀਂ ਸਨ। ਉਨ੍ਹਾਂ ਕਿਹਾ ਕਿ ਅਕਾਲ ਅਕੈਡਮੀ ਅਤੇ ਪਿੰਗਲਵਾੜਾ ਦੋ ਅਜਿਹੀਆਂ ਸੰਸਥਾਵਾਂ ਹਨ, ਜਿੱਥੇ ਤੁਹਾਡੇ ਦਿੱਤੇ ਦਾਨ ਦਾ ਇੱਕ ਇੱਕ ਪੈਸਾ ਲੇਖੇ ਲੱਗਦਾ ਹੈ। ਉਨ੍ਹਾਂ ਦੱਸਿਆ ਕਿ ਅਕੈਡਮੀਆਂ ਬਣੇ ਨੂੰ ਵੀਹ-ਵੀਹ ਸਾਲ ਹੋ ਗਏ ਹਨ, ਹੁਣ ਉਨ੍ਹਾਂ ਦੀ ਅਤੇ ਗੱਡੀਆਂ ਦੀ ਰਿਪੇਅਰ ਵੀ ਲੋੜੀਂਦੀ ਹੈ। ਉਨ੍ਹਾਂ ਕਿਹਾ ਕਿ ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਇੱਕ-ਇੱਕ ਅਕੈਡਮੀ ਦੀ ਮੁਰੰਮਤ ਲਈ ਤਕਰੀਬਨ 35-35 ਲੱਖ ਰੁਪਿਆ ਚਾਹੀਦਾ ਹੈ।

ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਾਨੂੰ ਇਹ ਨਿਸ਼ਚਾ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਹਰ ਸਾਲ ਦਸਵੰਧ ਕੱਢ ਕੇ ਬੜੂ ਸਾਹਿਬ ਨੂੰ ਦੇਈਏ, ਤਾਂ ਜੋ ਇਹ ਪਿੰਡਾਂ ਦੇ ਗਰੀਬ ਬੱਚਿਆਂ ਨੂੰ ਉਚੇਰੀ ਵਿਦਿਆ ਦੇ ਸਕਣ ਅਤੇ ਬੱਚੇ ਪੜ੍ਹ-ਲਿਖ ਕੇ ਵੱਡੇ ਅਹੁਦਿਆਂ 'ਤੇ ਜਾਣ ਤੇ ਸਿੱਖਾਂ ਦਾ ਨਾਂ ਰੌਸ਼ਨ ਕਰਨ। ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਆਪਣੀ ਕਮਿਉਨਿਟੀ, ਆਪਣੇ ਗੁਰਦੁਆਰਾ ਸਾਹਿਬ ਨੂੰ ਵੀ ਦੇਣ ਲਈ ਪੈਸੇ ਚਾਹੀਦੇ ਹਨ, ਪਰ ਗੁਰਦੁਆਰਾ ਸਾਹਿਬ ਵਿੱਚ ਸੰਗਤ ਕਾਫੀ ਹੈ। ਮੇਜਰ ਝੱਜ ਨੇ ਗੁਰਦੁਆਰਾ ਪੈਲਾਟਾਈਨ ਦੇ ਹਵਾਲੇ ਨਾਲ ਕਿਹਾ ਕਿ ਗੁਰੂਘਰ ਦੇ ਖਾਤੇ ਵਿੱਚ ਇੱਕ ਮਿਲੀਅਨ ਡਾਲਰ ਰਿਜ਼ਰਵ ਹੈ।

ਮੇਜਰ ਝੱਜ ਨੇ ਦੱਸਿਆ ਕਿ ਬੜੂ ਸਾਹਿਬ ਅਕੈਡਮੀ ਨੇ 10 ਮਿਲੀਅਨ ਡਾਲਰ ਲੋਨ ਲੈ ਕੇ ਕੰਮ ਸ਼ੁਰੂ ਕੀਤਾ ਸੀ। ਹੁਣ ਵੀ ਪੰਜ ਮਿਲੀਅਨ ਡਾਲਰ ਲੋਨ ਬਕਾਇਆ ਹੈ। ਉਨ੍ਹਾਂ ਕਿਹਾ ਕਿ ਜੇ ਆਪਾਂ ਸਾਰੇ ਰਲ ਕੇ ਲੋਨ ਅਦਾ ਕਰ ਦਈਏ ਤਾਂ ਵਿਆਜ ਦੇ ਰੂਪ ਵਿੱਚ ਜਾਂਦੇ ਪੈਸੇ ਬਚਣਗੇ ਅਤੇ ਉਨ੍ਹਾਂ ਨਾਲ ਹੋਰ ਅਕੈਡਮੀਆਂ ਖੁੱਲ੍ਹ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕ ਜ਼ਮੀਨ ਦੇਣ ਨੂੰ ਤਿਆਰ ਹਨ, ਪਰ ਵਿੱਤੀ ਤੌਰ 'ਤੇ ਇੰਨਾ ਬੋਝ ਹੈ ਕਿ ਹਾਲੇ ਹੋਰ ਅਕੈਡਮੀਆਂ ਖੋਲ੍ਹ ਨਹੀਂ ਸਕਦੇ। ਬੜੂ ਸਾਹਿਬ ਦੀਆਂ 250 ਅਕੈਡਮੀਆਂ ਬਣਾਉਣ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਕਹਾਉਂਦੇ ਹਾਂ ਤਾਂ ਸਾਨੂੰ ਸਿੱਖਿਆ ਲਈ ਬੜੂ ਸਾਹਿਬ ਨੂੰ ਜ਼ਰੂਰ ਵਿੱਤੀ ਸਹਿਯੋਗ ਦੇਣਾ ਚਾਹੀਦਾ ਹੈ।

ਮੇਜਰ ਝੱਜ ਨੇ ਹਿਮਾਚਲ ਦੀਆਂ ਰਮਣੀਕ ਪਹਾੜੀਆਂ ਵਿੱਚ ਅਕਾਲ ਅਕੈਡਮੀ ਵੱਲੋਂ ਜੰਗਲ ਵਿੱਚ ਮੰਗਲ ਲਾਏ ਹੋਣ ਦਾ ਵਿਖਿਆਨ ਕੀਤਾ। ਡਾ. ਦਵਿੰਦਰ ਸਿੰਘ ਨੇ ਵੀ ਬੜੂ ਸਾਹਿਬ ਨਾਲ ਜੁੜਿਆ ਇਤਿਹਾਸ ਸਾਂਝਾ ਕੀਤਾ। ਉਨ੍ਹਾਂ ਬੜੂ ਸਾਹਿਬ ਦੀ ਥਾਂ ਨਾਲ ਜੁੜੀਆਂ ਕੁਝ ਅਧਿਆਤਮਕ ਗੱਲਾਂ ਦਾ ਜ਼ਿਕਰ ਵੀ ਛੋਹਿਆ। ਉਨ੍ਹਾਂ ਕਿਹਾ ਕਿ ਤਪੱਸਿਆ ਵਾਲੀ ਇਸ ਧਰਤੀ ਉਤੇ ਤੁਸੀਂ ਜਾ ਕੇ ਦੇਖੋਗੇ ਕਿ ਹੁਣ ਵੀ ਰੋਜ਼ਾਨਾ 12-13 ਅਖੰਡ ਪਾਠ ਚੱਲ ਰਹੇ ਹੁੰਦੇ ਹਨ।

ਇਸ ਮੌਕੇ ਲਵਪ੍ਰੀਤ ਕੌਰ ਪੰਨੂ, ਜੋ ਬੜੂ ਸਾਹਿਬ ਤੋਂ ਪੜ੍ਹੀ ਹੋਈ ਹੈ, ਨੇ ਵੀ ਆਪਣੇ ਤਜਰਬੇ ਸੰਗਤ ਨਾਲ ਸਾਂਝੇ ਕੀਤੇ। ਉਸ ਨੇ ਦੱਸਿਆ, ਉਹ ਉਥੇ 1999 ਵਿੱਚ ਪੜ੍ਹਨ ਗਈ ਸੀ ਤੇ ਉਥੇ ਜਾ ਕੇ ਜੋ ਕੁਝ ਪਾਇਆ, ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਦੱਸਿਆ ਕਿ ਛੋਟੇ ਹੁੰਦਿਆਂ ਮੇਰੇ ਪਾਪਾ ਦੀ ਡੈਥ ਹੋ ਗਈ ਸੀ। ਬਾਬਾ ਇਕਬਾਲ ਸਿੰਘ ਨੇ ਸਾਨੂੰ ਭੈਣ-ਭਰਾਵਾਂ ਨੂੰ ਇੱਕ ਤਰ੍ਹਾਂ ਪਾਲ਼ਿਆ ਅਤੇ ਪੜ੍ਹਇਆ। ਬਾਅਦ ਵਿੱਚ ਬਾਬਾ ਜੀ ਨੇ ਮੈਨੂੰ ਇੱਥੇ ਡਿਟਰਾਇਟ (ਮਿਸ਼ੀਗਨ) ਪੜ੍ਹਨ ਲਈ ਵੀ ਭੇਜਿਆ। ਉਸ ਦੱਸਿਆ ਕਿ ਉਹ ਇੱਥੋਂ ਪੜ੍ਹਾਈ ਮੁਕੰਮਲ ਕਰ ਕੇ ਇੱਥੇ ਹੀ ਜੌਬ ਕਰ ਰਹੀ ਹੈ। ਉਸ ਕਿਹਾ ਕਿ ਬੜੂ ਸਾਹਿਬ ਅਕੈਡਮੀ ਦੀ ਮੈਂ ਬਹੁਤ ਰਿਣੀ ਹਾਂ, ਜਿਸ ਦੀ ਬਦੌਲਤ ਪੜ੍ਹ-ਲਿਖ ਕੇ ਵਧੀਆ ਜ਼ਿੰਦਗੀ ਗੁਜ਼ਾਰ ਰਹੀ ਹਾਂ। ਉਸ ਦੱਸਿਆ ਕਿ ਮੇਰੇ ਵਰਗੇ ਹੋਰ ਵੀ ਬਹੁਤ ਸਾਰੇ ਬੱਚੇ ਹਨ, ਜਿਨ੍ਹਾਂ ਨੂੰ ਅਕਾਲ ਅਕੈਡਮੀ ਨੇ ਪੜ੍ਹਾਇਆ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਮੌਕਾ ਦਿੱਤਾ। ਉਹ ਪਟਿਆਲਾ ਲਾਗੇ ਪਿੰਡ ਮਿੱਠੂ ਮਾਜਰਾ ਤੋਂ ਹੈ। ਉਸ ਦੱਸਿਆ ਕਿ ਅਸੀਂ ਪਿੰਡ ਦੀਆਂ ਕੁੜੀਆਂ ਅਕਾਲ ਅਕੈਡਮੀ ਵਿੱਚ ਪੜ੍ਹੀਆਂ ਹੋਣ ਕਾਰਨ ਸਾਡਾ ਸਵੈ-ਭਰੋਸਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਬੜੂ ਸਾਹਿਬ ਦਾ ਹੋਕਾ: 'ਬੱਚੇ ਪੜ੍ਹਾਓ, ਪੰਜਾਬ ਬਚਾਓ'

ਕਾਨਵੈਂਟ ਸਕੂਲਾਂ ਵਿੱਚ ਪੜ੍ਹੇ ਹੋਰਨਾਂ ਬੱਚਿਆਂ ਦੇ ਮੁਕਾਬਲੇ ਬਿਹਤਰ ਰਿਹਾ, ਕਿਉਂਕਿ ਅਕਾਲ ਅਕੈਡਮੀ ਵਿੱਚ ਪੜ੍ਹਾਈ ਪੱਖੋਂ ਬੱਚਿਆਂ ਨੂੰ ਅੱਗੇ ਲਿਜਾਇਆ ਜਾਂਦਾ ਹੈ। ਉਸ ਕਿਹਾ ਕਿ ਜਦੋਂ ਮੈਂ ਇੱਥੇ ਅਮਰੀਕਾ ਆਈ ਤਾਂ ਜੋ ਕੁਝ ਇੱਥੇ ਪੜ੍ਹਾਇਆ ਜਾਣ ਲੱਗਾ, ਉਹ ਮੈਂ ਕਾਫੀ ਕੁਝ ਪਹਿਲਾਂ ਹੀ ਪੜ੍ਹ ਚੁਕੀ ਸਾਂ।

ਲਵਪ੍ਰੀਤ ਕੌਰ ਪੰਨੂ ਨੇ ਕਿਹਾ ਕਿ ਅਕਾਲ ਅਕੈਡਮੀ ਵਿੱਚ ਜੋ ਗੁਰਸਿੱਖੀ ਜੀਵਨ ਮਿਲਦਾ ਹੈ, ਉਹਦੀ ਤਾਂ ਗੱਲ ਹੀ ਨਹੀਂ ਕੀਤੀ ਜਾ ਸਕਦੀ। ਉਸ ਦੱਸਿਆ ਕਿ ਉਥੇ ਨਿੱਤਨੇਮ ਤੋਂ ਬਿਨਾ ਦਿਨ ਨਹੀਂ ਸ਼ੁਰੂ ਹੁੰਦਾ। ਉਥੋਂ ਦੀ ਪੜ੍ਹਾਈ ਦਾ ਇੱਕ ਵਧੀਆ ਪਹਿਲੂ ਇਹ ਸੀ ਕਿ ਬੱਚੇ ਬੇਫਿਕਰ ਤੇ ਖੁਸ਼ ਹੋ ਕੇ ਪੜ੍ਹਦੇ ਸਨ, ਕਿਉਂਕਿ ਕਿਸੇ ਨਾ ਕਿਸੇ ਦੇ ਘਰ ਵਿੱਚ ਸਮੱਸਿਆਵਾਂ ਦੇ ਚੱਲਦਿਆਂ ਬੱਚਿਆਂ ਦਾ ਧਿਆਨ ਪੜ੍ਹਾਈ ਵੱਲ ਕੇਂਦਰਿਤ ਕੀਤਾ ਜਾਂਦਾ ਸੀ; ਜਿਸ ਕਾਰਨ ਨਤੀਜੇ ਬਹੁਤ ਵਧੀਆ ਆਉਂਦੇ ਸਨ। ਉਸ ਕਿਹਾ ਕਿ ਅਜਿਹਾ ਮਾਹੌਲ ਸ਼ਾਇਦ ਹੀ ਹੋਰ ਸਕੂਲਾਂ ਵਿੱਚ ਸਹਿਜ-ਸੁਭਾਅ ਮਿਲਦਾ ਹੋਵੇ! ਵਿਦਿਅਕ ਜਾਂ ਅਧਿਆਤਮਕ ਤੌਰ 'ਤੇ ਜੋ ਉਥੇ ਪਾਇਆ, ਉਹ ਬਿਆਨ ਤੋਂ ਬਾਹਰਾ ਹੈ। ਉਸ ਕਿਹਾ ਕਿ ਸੰਸਾਰ ਵਿੱਚ ਵਿਚਰਦਿਆਂ ਬੱਚੇ ਅੰਦਰ ਤਬਦੀਲੀ ਆਉਣੀ ਸੁਭਾਵਿਕ ਹੈ, ਪਰ ਜੋ ਬੀਜ ਛੋਟੇ ਹੁੰਦਿਆਂ ਉਹਦੇ ਅੰਦਰ ਬੀਜਿਆ ਜਾਂਦਾ ਹੈ, ਉਹ ਪੁੰਗਰਦਾ ਜ਼ਰੂਰ ਹੈ।

ਭਾਈਚਾਰੇ ਦੇ ਪਤਵੰਤੇ ਸੱਜਣ ਸ. ਹਰਦਿਆਲ ਸਿੰਘ ਦਿਓਲ ਨੇ ਡਾ. ਦਵਿੰਦਰ ਸਿੰਘ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦੇ ਉਦਮਾਂ ਨੂੰ ਸ਼ਲਾਘਾਯੋਗ ਦੱਸਿਆ। ਸ. ਦਿਓਲ ਨੇ ਮੇਜਰ ਝੱਜ ਅਤੇ ਭੱਠਲ ਤੇ ਤੱਖਰ ਪਰਿਵਾਰ ਦਾ ਧੰਨਵਾਦ ਕੀਤਾ, ਜੋ ਸ਼ਿਕਾਗੋ 'ਚ ਬੜੂ ਸਾਹਿਬ ਦੇ ਵਿਦਿਅਕ ਉਪਰਾਲੇ ਲਈ ਯੋਗਦਾਨ ਪਾਉਣ ਤੇ ਪੁਆਉਣ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਉਣਾ ਬਹੁਤ ਜ਼ਰੂਰੀ ਹੈ, ਤੇ ਇਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ ਕੁੜੀਆਂ ਨੂੰ ਪੜ੍ਹਾਉਣਾ। ਉਨ੍ਹਾਂ ਆਪਣੇ ਵੱਡੇ ਪਰਿਵਾਰ ਦੇ ਹਵਾਲੇ ਨਾਲ ਦੱਸਿਆ ਕਿ ਸਾਡੀਆਂ ਚਾਚੀਆਂ-ਤਾਈਆਂ ਅਨਪੜ੍ਹ ਸਨ, ਜਦਕਿ ਉਨ੍ਹਾਂ ਦੇ ਮੁਕਾਬਲੇ ਸਾਡੀ ਪੀੜ੍ਹੀ ਦੇ ਘਰੋਂ ਸਭ ਵਧੀਆ ਪੜ੍ਹੀਆਂ-ਲਿਖੀਆਂ ਹਨ। ਵਿਦਿਅਕ ਬਦਲਾਅ ਦੇ ਨਜ਼ਰੀਏ ਤੋਂ ਉਨ੍ਹਾਂ ਕਿਹਾ ਕਿ ਘਰ ਵਿੱਚ ਜੋ ਮਾਹੌਲ ਇੱਕ ਪੜ੍ਹੀ-ਲਿਖੀ ਔਰਤ ਨੇ ਬਣਾਉਣਾ ਹੈ, ਉਹ ਓਨਾ ਪੜ੍ਹਿਆ-ਲਿਖਿਆ ਬੰਦਾ ਨਹੀਂ ਬਣਾ ਸਕਦਾ।

ਸ. ਦਿਓਲ ਨੇ ਕਿਹਾ ਕਿ ਉਹ ਵੀ ਬੜੂ ਸਾਹਿਬ ਨਾਲ ਕਾਫੀ ਦੇਰ ਤੋਂ ਜੁੜੇ ਹੋਏ ਹਨ ਅਤੇ ਸਮਰੱਥਾ ਮੁਤਾਬਕ ਦਾਨ ਕਰਦੇ ਹਨ। ਸ. ਦਿਓਲ ਨੇ ਸਵਾਲ ਕੀਤਾ ਕਿ ਅਕੈਡਮੀਆਂ ਤੋਂ ਪੜ੍ਹ ਕੇ ਗਏ ਬੱਚੇ ਕੀ ਬੜੂ ਸਾਹਿਬ ਦੀ ਸੁਪੋਰਟ ਕਰਦੇ ਹਨ? ਇਸ ਦੇ ਜਵਾਬ ਵਿੱਚ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਜਿਹੜੇ ਬੱਚੇ ਪਿਛਲੇ 3-4 ਸਾਲਾਂ ਦੌਰਾਨ ਕੈਨੇਡਾ ਵਗੈਰਾ ਦੇਸ਼ਾਂ 'ਚ ਆਏ ਹਨ, ਉਹ ਹਾਲੇ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡਾ ਫਰਜ਼ ਹੈ ਬੱਚਿਆਂ ਨੂੰ ਸਿੱਖਿਅਤ ਕਰਨਾ; ਪਰ ਸਾਡਾ ਭਰੋਸਾ ਹੈ, ਅਸੀਂ ਬੱਚਿਆਂ ਵਿੱਚ ਉਹ ਕਦਰਾਂ-ਕੀਮਤਾਂ ਪਾਈਆਂ ਹਨ ਕਿ ਉਹ ਬੜੂ ਸਾਹਿਬ ਦੀ ਸੁਪੋਰਟ ਕਰਨਗੇ, ਤੇ ਕੁਝ ਕਿਸੇ ਨਾ ਕਿਸੇ ਰੂਪ ਵਿੱਚ ਕਰ ਵੀ ਰਹੇ ਹਨ।

ਸਿੱਖ ਰਿਲੀਜੀਅਸ ਸੁਸਾਇਟੀ-ਸ਼ਿਕਾਗੋ ਦੇ ਗੁਰਮਤਿ ਸਕੂਲ ਦੇ ਸਾਬਕਾ ਪ੍ਰਿੰਸੀਪਲ ਅਤੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਦੇ ਸਾਬਕਾ ਪ੍ਰਧਾਨ ਸ. ਅਮਰਦੇਵ ਸਿੰਘ ਬੰਦੇਸ਼ਾ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਜਦੋਂ ਉਹ ਗੁਰਦੁਆਰਾ ਪੈਲਾਟਾਈਨ ਪ੍ਰਬੰਧ ਨਾਲ ਜੁੜੇ, ਉਦੋਂ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਘੱਟ ਸੀ ਅਤੇ ਜਦੋਂ ਉਨ੍ਹਾਂ ਆਪਣੀਆਂ ਸੇਵਾਵਾਂ ਦਿੱਤੀਆਂ ਤਾਂ ਬੱਚਿਆਂ ਦੀ ਗਿਣਤੀ 165 ਹੋ ਗਈ ਸੀ। ਪੰਜਾਬੀ ਹੋਣ ਦੇ ਨਾਅਤੇ ਇਹੋ ਕੋਸ਼ਿਸ਼ ਰਹੀ ਹੈ ਕਿ ਪੰਜਾਬੀ ਨੂੰ ਪ੍ਰਫੁਲਿਤ ਕਰੀਏ ਅਤੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦੇ ਉਪਰਾਲੇ ਕਰੀਏ।

ਬੜੂ ਸਾਹਿਬ ਦੇ ਵਿਦਿਆ ਦੇ ਖੇਤਰ ਵਿਚ ਯੋਗਦਾਨ ਬਾਰੇ ਉਨ੍ਹਾਂ ਕਿਹਾ ਕਿ ਇਹ ਬਹੁਤ ਚੰਗਾ ਉਪਰਾਲਾ ਹੈ। ਲੋਕਾਂ ਨੂੰ ਹੁੰਦਾ ਹੈ ਕਿ ਕੰਪੈਕਟਿਵ ਸਟੱਡੀ ਬੱਚਿਆਂ ਨੂੰ ਮਿਲੇ। ਜਿਵੇਂ ਪੰਜਾਬ ਵਿੱਚ ਕ੍ਰਿਸ਼ਚਨ ਜਾਂ ਕਾਨਵੈਂਟ ਸਕੂਲ ਬਣੇ ਹੋਏ ਹਨ, ਉਸ ਦੇ ਬਰਾਬਰ ਸਾਨੂੰ ਆਪਣੇ ਧਰਮ ਦੇ ਨਾਂ 'ਤੇ ਪੰਜਾਬੀ ਬੋਲੀ ਨੂੰ ਅੱਗੇ ਲਿਜਾਣਾ ਬਹੁਤ ਜ਼ਰੂਰੀ ਹੈ। ਜਿਵੇਂ ਅਸੀਂ ਪੰਜਾਂ ਮਹਾਦੀਪਾਂ ਵਿੱਚ ਪੰਜਾਬੀ ਬੈਠੇ ਹਾਂ, ਜੇ ਅਸੀਂ ਹੀ ਆਪਣੀ ਬੋਲੀ ਨੂੰ ਅੱਗੇ ਨਹੀਂ ਲਿਜਾਵਾਂਗੇ ਤੇ ਬੱਚਿਆਂ ਦਾ ਆਪਣੀ ਬੋਲੀ ਵੱਲ ਧਿਆਨ ਨਹੀਂ ਦਿਵਾਵਾਂਗੇ ਤਾਂ ਹੋਰ ਕਿਸ ਨੇ ਦਿਵਾਉਣਾ! ਉਨ੍ਹਾਂ ਦੱਸਿਆ ਕਿ ਅੱਜ ਪੰਜਾਬੀ ਦੁਨੀਆਂ ਭਰ ਦੀਆਂ ਬੋਲੀਆਂ ਵਿੱਚ ਦਸਵੇਂ ਨੰਬਰ 'ਤੇ ਹੈ। ਕੁਝ ਮੁਲਕ ਐਸੇ ਹਨ, ਜਿੱਥੇ ਪੰਜਾਬੀ ਦੂਜੇ ਜਾਂ ਤੀਜੇ ਨੰਬਰ 'ਤੇ ਵੀ ਹੈ। ਉਨ੍ਹਾਂ ਕਿਹਾ ਕਿ ਅਸੀਂ ਖੁਦ ਪਿੰਡਾਂ ਦੇ ਪੰਜਾਬੀ ਸਕੂਲਾਂ ਵਿੱਚੋਂ ਪੜ੍ਹ ਕੇ ਆਏ ਹਾਂ ਤੇ ਸਾਡਾ ਫਰਜ਼ ਹੈ ਕਿ ਪੰਜਾਬੀ ਨੂੰ ਪ੍ਰਫੁਲਿਤ ਕਰੀਏ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਅੱਜ ਕੱਲ੍ਹ ਸਕੂਲੀ ਪੜ੍ਹਾਈ ਅਲੋਚਨਾ ਦਾ ਸ਼ਿਕਾਰ ਹੋ ਗਈ ਹੈ, ਜਿਸ ਕਰਕੇ ਘੱਟਗਿਣਤੀਆਂ ਦੀ ਭਾਸ਼ਾ 'ਤੇ ਧਿਆਨ ਨਹੀਂ ਦਿੱਤਾ ਜਾ ਰਿਹਾ। ਵਿਦਿਆ ਦੇ ਖੇਤਰ ਵਿੱਚ ਬੜੂ ਸਾਹਿਬ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਸ. ਬੰਦੇਸ਼ਾ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਸੈਕਰਾਮੈਂਟੋ ਤੋਂ ਆਏ ਸ. ਜਸਪਾਲ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਉਹ ਪੇਸ਼ੇ ਵਜੋਂ ਇੰਜੀਨੀਅਰ ਹਨ ਅਤੇ ਹੋਟਲ ਵਗੈਰਾ ਬਣਾਉਂਦੇ ਹਨ ਤੇ ਉਨ੍ਹਾਂ ਨੇ ਜਿੰਨੇ ਵੀ ਗੁਰੂ ਘਰ ਉਸਾਰੇ ਹਨ, ਉਨ੍ਹਾਂ ਦਾ ਲਾਭ, ਕਰੀਬ ਇੱਕ ਲੱਖ ਡਾਲਰ ਬੜੂ ਸਾਹਿਬ ਨੂੰ ਭੇਟ ਕੀਤਾ ਹੈ। ਉਹ ਬੜੂ ਸਾਹਿਬ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਮੈਂ ਡਾ. ਦਵਿੰਦਰ ਸਿੰਘ ਨਾਲ ਬੜੂ ਸਾਹਿਬ ਦੇ ਕਾਰਜਾਂ ਬਾਰੇ ਗੱਲ ਕਰਦਾ ਹਾਂ ਤਾਂ ਇਹੋ ਲੱਗਦਾ ਹੈ ਕਿ ਅਸੀਂ ਤਾਂ ਕੁਝ ਕਰ ਹੀ ਨਹੀਂ ਰਹੇ; ਕਿਉਂਕਿ ਡਾ. ਦਵਿੰਦਰ ਸਿੰਘ ਨੇ ਆਪਣਾ ਜੀਵਨ ਅਕਾਲ ਅਕੈਡਮੀ ਦੀ ਚੜ੍ਹਦੀ ਕਲਾ ਲਈ ਸਮਰਪਿਤ ਕੀਤਾ ਹੋਇਆ ਹੈ, ਤੇ ਉਹ ਪੰਜਾਬ ਦੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਫਿਕਰਮੰਦ ਹਨ।

ਸ. ਜਸਪਾਲ ਸਿੰਘ ਨੇ ਕਿਹਾ ਕਿ ਉਥੇ ਬੱਚਿਆਂ ਨੂੰ ਪੜ੍ਹਾਉਣ ਲਈ ਲੋੜਵੰਦ ਬੁਨਿਆਦੀ ਢਾਂਚਾ ਹੈ, ਪ੍ਰਬੰਧ ਚਲਾਉਣ ਤੇ ਕੰਮ ਕਰਨ ਲਈ ਬੰਦੇ ਹਨ। ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਜਿੰਨਾ ਬੜੂ ਸਾਹਿਬ ਨੂੰ ਵਿੱਤੀ ਸਹਿਯੋਗ ਦੇ ਸਕਦੇ ਹਾਂ, ਜ਼ਰੂਰੀ ਦੇਈਏ; ਕਿਉਂਕਿ ਉਨਾ ਹੀ ਸਾਡਾ ਪੰਜਾਬ ਪ੍ਰਫੁਲਿਤ ਹੋ ਸਕਦਾ ਹੈ।

ਗੁਰਲਾਲ ਸਿੰਘ ਭੱਠਲ ਤੇ ਪੂਨਮ ਭੱਠਲ ਨੇ ਬੜੂ ਸਾਹਿਬ ਨਾਲ ਆਪਣੇ ਪਰਿਵਾਰ ਦੇ ਜੁੜੇ ਹੋਣ ਬਾਰੇ ਦੱਸਿਆ। ਜ਼ਿਕਰਯੋਗ ਹੈ ਕਿ ਗੁਰਲਾਲ ਤੇ ਪੂਨਮ ਵੱਲੋਂ ਹਰ ਸਾਲ ਇੱਕ ਬੱਚੇ ਦੀ ਪੜ੍ਹਾਈ ਦਾ ਖਰਚਾ ਓਟਿਆ ਜਾਂਦਾ ਹੈ। ਉਹ ਇਹ ਸੇਵਾ ਪਿਛਲੇ ਦੋ ਸਾਲਾਂ ਤੋਂ ਕਰ ਰਹੇ ਹਨ। ਫਾਇਨਾਂਸ ਖੇਤਰ ਵਿੱਚ ਨੌਕਰੀਪੇਸ਼ਾ ਗੁਰਲਾਲ ਸਿੰਘ ਭੱਠਲ ਨੇ ਕਿਹਾ ਕਿ ਅਸੀਂ ਅਕਾਲ ਅਕੈਡਮੀ ਦੇ ਉਪਰਾਲਿਆਂ ਦੀ ਸ਼ਲਾਘਾ ਕਰਦੇ ਹਾਂ ਅਤੇ ਉਥੋਂ ਦੀ ਪਾਰਦਰਸ਼ਤਾ ਤੋਂ ਪ੍ਰਭਾਵਿਤ ਹਾਂ। ਅਸੀਂ ਦੇਖਿਆ ਹੈ ਕਿ ਜੋ ਬੱਚੇ ਸਪਾਂਸਰ ਕੀਤੇ ਹਨ, ਉਨ੍ਹਾਂ ਦੀ ਪ੍ਰੋਗਰੈਸਿਵ ਰਿਪੋਰਟ ਤਸੱਲੀਬਖ਼ਸ਼ ਹੈ।




■ ਗੁਰਦੁਆਰਾ ਪੈਲਾਟਾਈਨ ਵਿਖੇ ਅਕਾਲ ਅਕੈਡਮੀ ਲਈ ਫੰਡ ਇਕੱਤਰ ਕਰਦੀ ਹੋਈ ਬੜੂ ਸਾਹਿਬ ਦੀ ਟੀਮ ਅਤੇ ਸਥਾਨਕ ਪਤਵੰਤੇ ਗੁਰਚਰਨ ਸਿੰਘ ਝੱਜ ਤੇ ਬੇਅੰਤ ਸਿੰਘ ਬੋਪਾਰਾਏ

ਪੂਨਮ ਭੱਠਲ ਨੇ ਕਿਹਾ ਕਿ ਇਹ ਤਜਰਬਾ ਬਹੁਤ ਵਧੀਆ ਰਿਹਾ ਕਿ ਅਸੀਂ ਬੱਚਿਆਂ ਨੂੰ ਸਪਾਂਸਰ ਕਰ ਸਕੇ ਹਾਂ। ਉਥੇ ਦੇ ਬੱਚਿਆਂ ਦਾ ਕਾਨਫੀਡੈਂਸ ਮਾਇਨੇ ਰੱਖਦਾ ਹੈ। ਉਸ ਦੱਸਿਆ ਕਿ ਸਪਾਂਸਰ ਕੀਤੇ ਬੱਚਿਆਂ ਦੀਆਂ ਤਸਵੀਰਾਂ ਤੇ ਰਿਪੋਰਟ ਕਾਰਡ ਦੇਖੇ ਹਨ ਅਤੇ ਉਹ ਭਵਿੱਖ ਵਿੱਚ ਅਕਾਲ ਅਕੈਡਮੀ ਦੇਖਣ ਜ਼ਰੂਰ ਜਾਣਗੇ। ਭੱਠਲ ਜੋੜੇ ਨੇ ਕਿਹਾ, ਸਾਨੂੰ ਨਵੇਂ ਸਾਲ ਵਿੱਚ ਇਹ ਮਤਾ ਪਕਾ ਲੈਣਾ ਚਾਹੀਦਾ ਹੈ ਕਿ ਅਸੀਂ ਇਸ ਨੇਕ ਕੰਮ (ਪੜ੍ਹਾਈ ਲਈ ਬੱਚਿਆਂ ਨੂੰ ਸਪਾਂਸਰ ਕਰਨ) ਵਿੱਚ ਜ਼ਰੂਰ ਯੋਗਦਾਨ ਪਾਈਏ ਅਤੇ ਵਿਦਿਆ ਨੂੰ ਪ੍ਰਫੁਲਿਤ ਕਰੀਏ। ਪ੍ਰੋਗਰਾਮ ਦੇ ਮੇਜ਼ਬਾਨ ਸ. ਜੈਦੇਵ ਸਿੰਘ (ਸੱਤੀ) ਭੱਠਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪੰਜਾਬੀ ਸੱਭਿਆਚਾਰਕ ਸਭਾ-ਸ਼ਿਕਾਗੋ ਦੇ ਸਾਬਕਾ ਪ੍ਰਧਾਨ ਸ. ਸੁਖਮੇਲ ਸਿੰਘ ਅਟਵਾਲ ਨੇ ਸਵਾਲ ਕੀਤਾ ਕਿ ਕੀ ਬੜੂ ਸਾਹਿਬ ਦੇ ਪ੍ਰਬੰਧਕੀ ਕਾਰਜਾਂ ਉਤੇ ਨਿਗਰਾਨੀ ਰੱਖੀ ਜਾਂਦੀ ਹੈ? ਕਿਉਂਕਿ ਉਹ ਵੀ ਹਰ ਸਾਲ ਇੱਕ ਬੱਚਾ ਪੜ੍ਹਾਉਣ ਦਾ ਖਰਚ ਅਦਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਤੇ ਇਸ ਸਾਲ ਵੀ ਸਪਾਂਸਰ ਕੀਤੇ ਬੱਚੇ ਤੋਂ ਫੀਸ ਦੀ ਮੰਗ ਕੀਤੀ ਗਈ; ਜਦਕਿ ਫੀਸ ਅਗਾਊਂ ਦੇ ਦਿੱਤੀ ਹੋਈ ਹੈ। ਇਸ ਸਬੰਧੀ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਬੜੂ ਸਾਹਿਬ ਦਾ ਹਿਸਾਬ-ਕਿਤਾਬ ਪਾਰਦਰਸ਼ੀ ਹੈ। ਵੱਡੀ ਗਿਣਤੀ ਬੱਚਿਆਂ ਦੇ ਪੜ੍ਹਨ ਕਰ ਕੇ ਹੋ ਸਕਦਾ ਹੈ ਸਟਾਫ ਨੂੰ ਕਿਸੇ ਬੱਚੇ ਦੀ ਫੀਸ ਦਾ ਭੁਲੇਖਾ ਲੱਗਾ ਹੋਵੇ।

ਬੀਬੀ ਹਰਇਕਬਾਲਜੀਤ ਕੌਰ ਸਿੰਘਾ ਦਾ ਸਵਾਲ ਸੀ ਕਿ ਹਾਇਰ ਐਜੂਕੇਸ਼ਨ ਦੀਆਂ ਕਿੰਨੀਆਂ ਯੂਨੀਵਰਸਿਟੀ ਹਨ ਅਕਾਲ ਅਕੈਡਮੀ ਦੀਆਂ? ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਦੋ ਯੂਨੀਵਰਸਿਟੀਆਂ ਹਨ, ਜਿਨ੍ਹਾਂ 'ਚੋਂ ਇੱਕ ਬੜੂ ਸਾਹਿਬ ਵਿਖੇ ਹੈ, ਜਿੱਥੇ ਪੀਐਚ.ਡੀ. ਤੱਕ ਪੜ੍ਹਾਈ ਹੁੰਦੀ ਹੈ। ਇਹ ਉਤਰੀ ਭਾਰਤ ਵਿੱਚ ਇਕੱਲੀ ਯੂਨੀਵਰਸਿਟੀ ਹੈ, ਜੋ ਸਿਰਫ ਲੜਕੀਆਂ ਲਈ ਹੈ। ਸ੍ਰੀਮਤੀ ਸਿੰਘਾ ਦਾ ਸੁਝਾਅ ਸੀ ਕਿ ਇੱਕ ਮੈਡੀਕਲ ਯੂਨੀਵਰਸਿਟੀ ਖੋਲ੍ਹੀ ਜਾਵੇ; ਤਾਂ ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਮੈਡੀਕਲ ਯੂਨੀਵਰਸਿਟੀ ਖੋਲ੍ਹਣ ਦਾ ਪ੍ਰਸਤਾਵ ਸੀ, ਪਰ ਇਸ ਸਬੰਧੀ ਜ਼ਰੂਰੀ ਤਰਜੀਹਾਂ ਤੇ ਵੱਡੇ ਅਨੁਮਾਨਿਤ ਖਰਚ ਦੇ ਮੱਦੇਨਜ਼ਰ ਫਿਲਹਾਲ ਬੱਚਿਆਂ ਨੂੰ ਮੈਡੀਕਲ ਕਾਲਜਾਂ ਰਾਹੀਂ ਵਿਦਿਆ ਦਿੱਤੀ ਜਾ ਰਹੀ ਹੈ।

ਰਵੀਦੀਪ ਕੌਰ ਮੁਕਤਾ ਨੇ ਜਾਣਕਾਰੀ ਸਾਂਝੀ ਕੀਤੀ ਕਿ ਬੜੂ ਸਾਹਿਬ ਵਿੱਚ ਇੱਥੋਂ ਦੇ ਬੱਚਿਆਂ ਵਾਸਤੇ ਦੋ ਪ੍ਰੋਗਰਾਮ ਚੱਲ ਰਹੇ ਹਨ- ਆਨਲਾਈਨ ਪੰਜਾਬੀ ਕਲਾਸ (ਸੋਮਵਾਰ ਤੋਂ ਸ਼ੁੱਕਰਵਾਰ, ਰੋਜ਼ ਇੱਕ ਘੰਟਾ), ਜਿਸ ਵਿੱਚ ਹਜ਼ਾਰ ਦੇ ਕਰੀਬ ਬੱਚੇ ਆਨਲਾਈਨ ਪੰਜਾਬੀ ਸਿੱਖਦੇ ਹਨ। ਦੂਜਾ, 7 ਜੁਲਾਈ ਤੋਂ 14 ਅਗਸਤ ਤੱਕ ਇੱਕ 'ਐਨ.ਆਰ.ਆਈ. ਗੁਰਮਤਿ ਇੰਟਰਨੈਸ਼ਨਲ ਕੈਂਪ' ਲਾਇਆ ਜਾਂਦਾ ਹੈ, ਜਿਸ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣੀ, ਪੜ੍ਹਨੀ, ਲਿਖਣੀ ਅਤੇ ਸੰਥਿਆ ਸਿਖਾਈ ਜਾਂਦੀ ਹੈ। ਇਸ ਕੈਂਪ ਵਿੱਚ ਬੱਚਿਆਂ ਨੂੰ ਕੀਰਤਨ, ਇਤਿਹਾਸ ਦੀ ਜਾਣਕਾਰੀ ਸਮੇਤ ਗਤਕੇ ਤੇ ਘੋੜਸਵਾਰੀ ਦੇ ਗੁਰ ਸਿਖਾਏ ਜਾਂਦੇ ਹਨ। ਇਹ ਦੋਵੇਂ ਪ੍ਰੋਗਰਾਮ ਬਿਲਕੁਲ ਮੁਫਤ ਹਨ। ਬੱਚਿਆਂ ਨੂੰ ਬੜੂ ਸਾਹਿਬ ਦੀ ਵੈਬਸਾਈਟ https://barusahib.org 'ਤੇ ਜਾ ਕੇ ਦਾਖਲ ਕੀਤਾ ਜਾ ਸਕਦਾ ਹੈ।

ਰਵੀਦੀਪ ਕੌਰ ਮੁਕਤਾ ਨੇ ਕਿਹਾ ਕਿ ਅਸੀਂ ਸਭ ਪੰਜਾਬ ਪ੍ਰਤੀ ਫਿਕਰਮੰਦ ਜ਼ਰੂਰ ਹਾਂ, ਪਰ ਵੱਡੀ ਗੱਲ ਇਹ ਹੈ, ਅਸੀਂ ਇਸ ਸਭ ਲਈ ਕੀਤਾ ਕੀ ਹੈ? ਉਨ੍ਹਾਂ ਕਿਹਾ ਕਿ ਅਸੀਂ ਇਹ ਜ਼ਰੂਰ ਕਰ ਸਕਦੇ ਹਾਂ ਕਿ 'ਬੱਚੇ ਪੜ੍ਹਾਓ, ਪੰਜਾਬ ਬਚਾਓ।'

ਇਸ ਮੌਕੇ ਕਰਨਲ ਨਿਰਮਲ ਸਿੰਘ ਸਿੰਘਾ, ਕਰਨਲ ਮਨਮੋਹਨ ਸਿੰਘ ਮਿਨਹਾਸ ਤੇ ਬੀਬੀ ਮਹਿੰਦਰ ਕੌਰ ਮਿਨਹਾਸ, ਪਰਮਿੰਦਰ ਸਿੰਘ ਵਾਲੀਆ, ਮੁਖਤਿਆਰ ਸਿੰਘ (ਹੈਪੀ) ਹੀਰ, ਜਸਵਿੰਦਰ ਸਿੰਘ (ਜੱਸੀ) ਗਿੱਲ, ਰਵਿੰਦਰ ਸਿੰਘ ਰਵੀ, ਨਰਿੰਦਰ ਸਿੰਘ ਸਰਾਂ, 'ਜਸ ਪੰਜਾਬੀ' ਦੀ ਸੀ.ਈ.ਓ. ਪੈਨੀ ਸੰਧੂ, ਸ਼ੋਅ ਹੋਸਟ ਜਗਤਾਰ ਜੱਗੀ, ਡਾ. ਹਰਜਿੰਦਰ ਸਿੰਘ ਖਹਿਰਾ, ਜਸਕਰਨ ਸਿੰਘ ਧਾਲੀਵਾਲ, ਇੰਦਰਮੋਹਨ ਸਿੰਘ ਛਾਬੜਾ, ਗੁਰਬਚਨ ਸਿੰਘ ਸੰਧੂ, ਮਨਦੀਪ ਸਿੰਘ ਪੰਨੂ ਅਤੇ ਹੋਰ ਭਾਈਚਾਰਕ ਸ਼ਖਸੀਅਤਾਂ ਹਾਜ਼ਰ ਸਨ।

ਇਸ ਤੋਂ ਪਹਿਲਾਂ ਗੁਰਦੁਆਰਾ ਪੈਲਾਟਾਈਨ ਵਿਖੇ ਵੀ ਅਕਾਲ ਅਕੈਡਮੀ ਦੀ ਟੀਮ ਨੇ ਲੋਕਾਂ ਨੂੰ 'ਬੱਚੇ ਪੜ੍ਹਾਓ, ਪੰਜਾਬ ਬਚਾਓ' ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ ਕਾਫੀ ਗਿਣਤੀ ਸੱਜਣਾਂ ਨੇ ਵਿੱਤੀ ਸਹਿਯੋਗ ਦਿੱਤਾ ਅਤੇ ਕੁਝ ਪਤਵੰਤਿਆਂ ਤੇ ਪਰਿਵਾਰਾਂ ਨੇ ਬੱਚੇ ਸਪਾਂਸਰ ਕਰਨ ਦਾ ਬੀੜਾ ਚੁੱਕਿਆ। ਅਕਾਲ ਅਕੈਡਮੀ ਟੀਮ ਦੀ ਸ਼ਿਕਾਗੋ ਫੇਰੀ ਦਾ ਸਾਰਾ ਪ੍ਰਬੰਧ ਮੇਜਰ ਗੁਰਚਰਨ ਸਿੰਘ ਝੱਜ ਦੇ ਯਤਨਾਂ ਨਾਲ ਹੋਇਆ ਅਤੇ ਉਨ੍ਹਾਂ ਹੀ ਭਾਈਚਾਰੇ ਨੂੰ ਅਕਾਲ ਅਕੈਡਮੀ ਨਾਲ ਜੁੜਨ ਲਈ ਪ੍ਰੇਰਿਆ। ਸ. ਝੱਜ ਨੇ ਦੱਸਿਆ ਕਿ ਅਕੈਡਮੀ ਲਈ ਇਕੱਲੇ ਸ਼ਿਕਾਗੋ ਤੋਂ ਹੀ 1,26,986 ਡਾਲਰ ਇਕੱਤਰ ਹੋਏ ਹਨ। ਇਸ ਵਿੱਚ 65,000 ਡਾਲਰ ਦਾ ਯੋਗਦਾਨ ਇਕੱਲੇ ਮੇਜਰ ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ ਤੇ ਸੁਖਰਾਜ ਸਿੰਘ ਤੱਖਰ (ਤੇ ਪਰਿਵਾਰ) ਵੱਲੋਂ ਹੀ ਪਾ ਦਿੱਤਾ ਗਿਆ। ਮੇਜਰ ਝੱਜ ਨੇ ਬਾਕੀ ਸੰਗਤ ਦਾ ਵੀ ਯੋਗਦਾਨ ਲਈ ਧੰਨਵਾਦ ਕੀਤਾ ਹੈ।

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ ਵੱਲੋਂ ਸੰਗਤ ਦਾ ਧੰਨਵਾਦ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਲੰਘੇ ਦਿਨੀਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਗੁਰਪੁਰਬ ਸਬੰਧੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਥੇ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦਾ ਪ੍ਰਵਾਹ ਵੀ ਚੱਲਿਆ। ਰਾਗੀ ਸਿੰਘਾਂ ਵੱਲੋਂ ਦਸਮ ਪਾਤਸ਼ਾਹ ਦੀ ਉਸਤਤ ਵਿੱਚ ਸ਼ਬਦਾਂ ਦਾ ਗਾਇਨ ਕੀਤਾ ਗਿਆ ਅਤੇ ਕਥਾ-ਵਿਆਖਿਆ ਦੌਰਾਨ ਗੁਰੂ ਜੀ ਦੇ ਜੀਵਨ ਦੇ ਸੰਖੇਪ ਵੇਰਵੇ ਦੇ ਨਾਲ ਨਾਲ ਇਤਿਹਾਸਕ ਪਰਿਪੇਖ ਵਿੱਚ ਉਨ੍ਹਾਂ ਦੀ ਮੁਜੱਸਮੀ ਸ਼ਖਸੀਅਤ ਤੇ ਜ਼ੁਲਮ ਵਿਰੁੱਧ ਬੇਬਾਕੀ ਦੀ ਤਾਰੀਫੀ ਸਾਂਝ ਸੰਗਤਾਂ ਨੂੰ ਸ੍ਰਵਣ ਕਰਵਾਈ ਗਈ।

ਗੁਰਪੁਰਬ ਦੇ ਦਿਹਾੜੇ ਮੌਕੇ ਆਪਣੀ ਸ਼ਰਧਾ ਪ੍ਰਗਟਾਉਂਦਿਆਂ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ ਪਿਛਲੇ 8 ਸਾਲਾਂ ਤੋਂ ਹਰ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੰਗਰ ਦੀ ਸੇਵਾ ਕਰਦਾ ਆ ਰਿਹਾ ਹੈ। ਇਸ ਸਾਲ ਵੀ ਕਲੱਬ ਦੇ ਮੈਂਬਰਾਂ ਅਤੇ ਗੁਰੂ ਘਰ ਨਾਲ ਜੁੜੇ ਹੋਰਨਾਂ ਸੇਵਾਦਾਰਾਂ ਨੇ ਇਸ ਮੌਕੇ ਹੱਥੀਂ ਸੇਵਾ ਕਰਦਿਆਂ ਸ਼ਰਧਾ ਦਾ ਪ੍ਰਗਟਾਵਾ ਕੀਤਾ। ਕਲੱਬ ਮੈਂਬਰਾਂ ਨੇ ਗੁਰਪੁਰਬ ਮੌਕੇ ਵੱਡੀ ਗਿਣਤੀ ਵਿੱਚ ਗੁਰੂ ਘਰ ਪਹੁੰਚਣ 'ਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਲੰਗਰ ਦੀ ਸੇਵਾ ਦਾ ਮੌਕਾ ਬਖ਼ਸ਼ਣ ਅਤੇ ਸਹਿਯੋਗ ਕਰਨ ਲਈ ਪ੍ਰਬੰਧ ਕਮੇਟੀ ਦਾ ਵੀ ਧੰਨਵਾਦ ਕੀਤਾ ਹੈ।



■ ਗੁਰਦੁਆਰਾ ਪੈਲਾਟਾਈਨ ਵਿਖੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ ਦੇ ਮੈਂਬਰ

## ਜੁਗ ਜੁਗ ਜੀਓ... (21)

ਡਾ. ਹਰਬੰਸ ਕੌਰ ਦਿਓਲ

### ਸਰੀਰ ਦਾ ਸੰਸਾਰ: ਕੀ ਤੁਸੀਂ ਜਾਣਦੇ ਹੋ? (ਭਾਗ ਦੂਜਾ)

# ਕਿੱਸਾ ਸਰੀਰ ਦੇ ਅੰਗਾਂ ਦੀ ਵੰਡ ਪ੍ਰਣਾਲੀ ਦਾ

***ਰੋਜ਼ਮੱਰ੍ਹਾ ਜ਼ਿੰਦਗੀ ਵਿੱਚ ਸਰੀਰ ਦੀ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੈ; ਕਿਉਂਕਿ ਗੁਰਬਾਣੀ ਕਹਿੰਦੀ ਹੈ, "ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥" ਜੇ ਸਾਡਾ ਤਨ ਤੇ ਮਨ ਰੋਗ ਰਹਿਤ ਹਨ ਤਾਂ ਸਭ ਕੁਝ ਚੰਗਾ ਹੀ ਚੰਗਾ! ਸਿਆਣੇ ਕਹਿੰਦੇ ਹਨ, ਜ਼ਿਆਦਾਤਰ ਬਿਮਾਰੀਆਂ ਦੀ ਜੜ ਬੇਪ੍ਰਵਾਹੀਆਂ ਵਿੱਚ ਹੈ। ਇਸੇ ਨਜ਼ਰੀਏ ਤੋਂ ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ ਆਪਣੇ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਪਿਛਲੇ ਲੇਖ ਵਿੱਚ ਪਾਠਕ ਸਰੀਰ ਸਬੰਧੀ ਜਾਣਕਾਰੀ ਦਾ ਪਹਿਲਾ ਹਿੱਸਾ ਪੜ੍ਹ ਚੁਕੇ ਹਨ। ਹਥਲੇ ਲੇਖ ਵਿੱਚ ਸਰੀਰ ਬਾਰੇ ਹੋਰ ਜਾਣਕਾਰੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।...***

"ਦੀਦੀ, ਪਿਛਲੇ ਦਿਨੀਂ ਦਿੱਤੀ ਹੋਈ ਜਾਣਕਾਰੀ ਮੈਂ ਪੜ੍ਹੀ ਸੀ। ਕਈ ਨਵੀਆਂ ਗੱਲਾਂ ਦਾ ਪਤਾ ਲੱਗਿਆ। ਸੱਚ ਦੱਸਾਂ, ਮੈਨੂੰ ਤਾਂ 2-3 ਗੱਲਾਂ ਦਾ ਹੀ ਪਤਾ ਸੀ।"

"ਹਾਂ ਪ੍ਰੀਤ, ਮੈਨੂੰ ਵੀ ਤੇਰੇ ਕੋਲੋਂ ਕੋਈ ਜ਼ਿਆਦਾ ਉਮੀਦ ਨਹੀਂ ਸੀ!"

"ਆਹ ਕੀ ਕਿਹੈ ਦੀਦੀ ਤੁਸੀਂ? Not fair! ਮੈਂ ਨਹੀਂ ਜੇ ਬੋਲਣਾ ਤੁਹਾਡੇ ਨਾਲ। ਮੈਂ ਚੱਲੀ ਆਂ ਵਾਪਸ ਚਾਹ ਤੇ ਪਕੌੜੇ ਲੈ ਕੇ।"

"ਸ਼ਾਂਤੀ, ਸ਼ਾਂਤੀ! ਮੈਂ ਤਾਂ ਤੈਨੂੰ ਖਪਾਉਣ ਲਈ ਹੀ ਕਿਹੈ ਇਹ। ਘੱਟ ਹੀ ਲੋਕਾਂ ਨੂੰ ਯਾਦ ਰਹਿਣ ਵਾਲੇ ਨੰਬਰ ਨੇ। ਜਾਣਕਾਰੀ ਹੋਵੇ ਤਾਂ ਚੰਗੀ ਗੱਲ ਏ। ਆਪਾਂ ਉਸ ਮਾਲਕ ਦੀ ਕਾਰੀਗਰੀ ਦੀ ਬੱਲੇ ਬੱਲੇ ਕਰ ਸਕੀਏ ਅਤੇ ਉਸ ਦੇ ਦਿੱਤੇ ਅਣਮੁੱਲੇ ਸਰੀਰ ਦੀ ਸੰਭਾਲ ਵੱਲ ਤਵੱਜੋ ਦੇਈਏ। ਅੱਜ ਕੁਝ ਕੁ ਬਾਕੀ ਦੀਆਂ ਗੱਲਾਂ ਕਰ ਕੇ ਇਸ ਵਿਸ਼ੇ ਨੂੰ ਖਤਮ ਕਰਕੇ ਅਗਲੀ ਵਾਰੀ ਤੇਰੇ ਵਾਲੇ ਵਿਸ਼ੇ 'ਤੇ ਚਰਚਾ ਕਰਾਂਗੇ।"

"ਮੈਂ ਚਾਹ ਬਣਾਈ ਏ ਢਾਬੇ ਵਾਲੀ 100 ਮੀਲ ਦੀ; ਚੀਨੀ ਤੇ ਪਾਣੀ ਰੋਕ ਕੇ, ਦੁੱਧ-ਪੱਤੀ ਠੋਕ ਕੇ ਅਤੇ ਪਕੌੜੇ ਮਜ਼ੇਦਾਰ ਏਅਰ ਫਰਾਇਰ ਵਿੱਚ। ਬਾਹਰ ਠੰਡੀ ਹਵਾ ਤੇ ਮੂਹਲੇਧਾਰ ਮੀਂਹ ਅਤੇ ਅੰਦਰ ਗਰਮ ਗਰਮ ਪਕੌੜੇ ਤੇ ਢਾਬੇ ਦੀ ਚਾਹ ਮੌਸਮ ਦੇ ਅਨੁਕੂਲ, ਕਿਆ ਜੋੜ ਐ। ਨਜ਼ਾਰਾ ਲਓ!"

"ਪ੍ਰੀਤ, ਵਾਕਿਆ ਈ ਚਾਹ ਤਾਂ ਬਹੁਤ ਹੀ ਮਜ਼ੇਦਾਰ ਹੈ। ਮਾਤ ਪਾ ਦਿੱਤੀ ਢਾਬੇ ਦੀ ਚਾਹ ਨੂੰ, ਪਕੌੜਿਆਂ ਦੀ ਗੱਲ ਈ ਹੋਰ ਐ। ਸੁਆਦ ਈ ਆ ਗਿਐ!... ਕਿਉਂ ਨਾ ਅੱਜ ਆਪਾਂ ਤੇਰੀ ਯਾਦਦਾਸ਼ਤ ਦੀ ਪ੍ਰੀਖਿਆ ਲਈਏ, ਕੁਝ ਪੁਰਾਣੀਆਂ ਗੱਲਾਂ ਕਰਕੇ!"

"ਤੁਹਾਨੂੰ ਪਤੈ ਕਿਵੇਂ ਬੰਦੇ ਨੂੰ ਧਰਤੀ 'ਤੇ ਪਟਕਾ ਕੇ ਮਾਰਨੈ, ਚਾਹ ਦਾ ਸਾਰਾ ਸੁਆਦ ਹੀ ਕਿਰਕਰਾ ਕਰ ਛੱਡਿਐ। ਕੋਈ ਹੋਰ ਕੰਮ ਦੀ ਗੱਲ ਕਰੋ!"

"ਨਹੀਂ ਨਹੀਂ, ਬਹੁਤ ਹੀ ਸੌਖੇ ਸੁਆਲ ਕਰਨ ਲੱਗੀ ਆਂ। ਦੱਸ ਸਿਹਤ ਦੇ ਚਾਰ ਥੰਮ ਕੀ ਹਨ, ਜੇ ਭੁੱਲ ਗਈ ਤਾਂ ਤੇਰੀ ਮਦਦ ਤਿਆਰ, ਕਿਸੇ ਕੁਮੈਂਟ ਤੋਂ ਬਿਨਾ। ਇਹ ਤਾਂ ਸੌਖਾ ਏ, ਚੱਲ ਸ਼ੁਰੂ ਹੋ'ਜਾ।"

"ਦੀਦੀ, ਸਿਹਤ ਦੇ ਚਾਰ ਥੰਮ ਹਨ:

1. ਪਹਿਲਾ ਹੈ ਅੱਛੀ, ਘੱਟ ਕਾਰਬ ਅਤੇ ਸ਼ੂਗਰ ਤੋਂ ਬਿਨਾ, ਤਾਜ਼ੀ ਸਬਜੀਆਂ ਵਾਲੀ ਜ਼ਿਆਦਾ ਪਰੋਸੈਸ ਨਾ ਕੀਤੀ ਖੁਰਾਕ। ਖਾਣ ਵਾਲੀ ਵਕਤ ਦੀ ਖਿੜਕੀ (window) ਅੱਠ ਘੰਟੇ ਦਾ ਅਤੇ ਰੁਕ-ਰੁਕ ਕੇ ਵਰਤ (Intermittent fasting). ਇੱਕ ਜ਼ਰੂਰੀ ਗੱਲ ਖੁਰਾਕ ਵਿੱਚ ਰਹਿ ਗਈ, ਅੱਧੀ ਪਲੇਟ ਸਲਾਦ ਦੀ ਪਹਿਲਾਂ, ਉਸ ਤੋਂ ਬਾਅਦ ਪਰੋਟੀਨ ਵਾਲੀ ਖੁਰਾਕ, ਅਖੀਰ ਵਿੱਚ ਥੋੜ੍ਹੇ ਜਿਹੇ ਫਾਈਬਰ ਵਾਲੇ ਕਾਰਬਜ਼ ਖਾਣੇ ਚਾਹੀਦੇ ਹਨ।
2. ਦੂਸਰਾ ਹੈ, ਪੂਰੀ ਨੀਂਦ ਲੈਣੀ 7-9 ਘੰਟੇ ਹਰ ਰਾਤ (ਬੱਚਿਆਂ ਨੂੰ ਛੱਡ ਕੇ)
3. ਤੀਸਰਾ ਹੈ, 3-4 ਘੰਟੇ ਕਸਰਤ ਹਫਤੇ ਵਿੱਚ
4. ਚੌਥਾ ਯਾਨੀ ਕਿ ਅਖੀਰਲਾ ਹੈ, ਤਣਾਅ 'ਤੇ ਕਾਬੂ।

ਮੰਨ ਜਾਓ, ਕਿਉਂ ਜੱਟੀ ਨੇ ਕਰ'ਤੀ ਨਾ ਕਮਾਲ!"

"ਅੱਛਾ, ਅੱਛਾ! ਬਹੁਤੀਆਂ ਫੜ੍ਹਾਂ ਨਾ ਮਾਰ, ਅੱਗੇ ਚੱਲ। ਆਪਣੇ ਸਰੀਰ ਵਿੱਚ 78 ਅੰਗ ਹਨ, ਉਨ੍ਹਾਂ ਵਿੱਚ 5 ਨੂੰ 'ਜ਼ਰੂਰੀ ਅੰਗ' (vital organs) ਕਿਹਾ ਜਾਂਦੈ। ਗਿਣਤੀ ਕਰ।"

"ਸੁਣੋ- ਦਿਲ, ਦਿਮਾਗ ਅਤੇ ਫੇਫੜੇ। ਬਾਕੀ ਤੁਸੀਂ ਦੱਸੋ।"

"ਇਹ ਹਨ- ਜਿਗਰ ਅਤੇ ਗੁਰਦੇ। ਇਨ੍ਹਾਂ ਪੰਜਾਂ ਦਾ ਤੰਦਰੁਸਤ ਹੋਣਾ ਸਾਡੇ ਲਈ ਬਹੁਤ ਹੀ ਜ਼ਰੂਰੀ ਹੈ।

ਆਪਣੇ ਸਰੀਰ ਦੇ ਅੰਗਾਂ ਨੂੰ 11 ਸਿਸਟਮ ਵਿੱਚ ਵੰਡਿਆ ਹੋਇਐ। ਇਹ ਸਾਰੇ ਇੱਕ-ਦੂਜੇ ਦਾ ਹੱਥ ਫੜ੍ਹ ਕੇ ਇੱਕ ਟੀਮ ਬਣਾ ਕੇ, ਸਰੀਰ ਦੇ ਵੱਖਰੇ ਵੱਖਰੇ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਦੇ ਹਨ। ਆਪਾਂ ਪਹਿਲਾਂ ਦਿਮਾਗ ਪ੍ਰਣਾਲੀ ਤੋਂ ਸ਼ੁਰੂ ਕਰਦੇ ਆਂ:

**1. ਦਿਮਾਗ:** ਇਹ ਸਰੀਰ ਦਾ ਸੈਨਾਪਤੀ ਹੈ, ਰੀੜ੍ਹ ਦੀ ਹੱਡੀ (spinal cord) ਅਤੇ ਨਸਾਂ (nerves) ਦੇ ਨੈੱਟਵਰਕ ਰਾਹੀਂ ਸਰੀਰ ਦੇ ਸਾਰੇ ਕੰਮ ਕਰਵਾਉਂਦਾ ਹੈ। ਦਿਮਾਗ ਵਿੱਚ 86 ਬਿਲੀਅਨ ਨਰਵ ਸੈੱਲ ਅਤੇ ਉਨ੍ਹਾਂ ਦੇ ਸਹਿਯੋਗੀ ਸੈੱਲ ਚਰਬੀ ਦੀ ਮਦਦ ਨਾਲ ਜੋੜ ਕੇ ਰੱਖੇ ਨੇ। ਆਪਣੇ ਦਿਮਾਗ ਦਾ ਵਜ਼ਨ ਤਕਰੀਬਨ 3 ਪੌਂਡ (ਜੋ ਅੱਧੇ ਗੈਲਨ ਦੁੱਧ ਦੇ ਬਰਾਬਰ) ਹੈ। ਦਿਮਾਗ 20% ਸਰੀਰ ਦੀ ਸ਼ਕਤੀ (ਐਨਰਜੀ) ਦਾ ਇਸਤੇਮਾਲ ਕਰਦੈ। ਕਿਉਂਕਿ ਦਿਮਾਗ ਅਤੇ ਸਪਾਈਨਲ ਕੋਰਡ ਸਰੀਰ ਲਈ ਇੰਨੀ ਮਹੱਤਤਾ ਰੱਖਦੇ ਨੇ, ਇਸ ਲਈ ਕਿੰਨੇ ਸੁਰੱਖਿਅਤ ਤਰੀਕੇ ਨਾਲ ਸਿਰ ਦੀ ਹੱਡੀ (skull) ਅਤੇ ਰੀੜ੍ਹ ਦੀ ਹੱਡੀ ਵਿੱਚ ਰੱਖਿਆ ਗਿਐ।

ਕੀ ਤੈਨੂੰ ਪਤੈ, ਦਿਮਾਗ ਵਿੱਚ 60% ਚਰਬੀ ਮਤਲਬ Fat ਹੈ?"

"ਜਦੋਂ ਕਹਿੰਦੇ ਨੇ, ਤੇਰੇ ਦਿਮਾਗ 'ਚ ਤਾਂ ਚਰਬੀ ਭਰੀ ਹੋਈ ਏ, ਤਾਂ ਉਹ ਠੀਕ ਹੀ ਕਹਿੰਦੇ ਨੇ। 60% ਤਾਂ ਕਾਫੀ ਜ਼ਿਆਦੈ। ਦੂਜੀ ਗੱਲ, ਇਹ ਤਾਂ ਸਾਰਿਆਂ ਦੇ ਦਿਮਾਗ ਵਿੱਚ ਹੈ। ਕੀ ਪਤਾ ਲੱਗੇ ਕਿਹੜਾ ਬੰਦਾ ਬੁੱਧੂ (Duffer) ਹੈ?"

"ਪ੍ਰੀਤ, ਇਹ ਚਰਬੀ ਦੀ ਮਿਕਦਾਰ ਵਿੱਚ ਫਰਕ ਕਰ ਕੇ ਨਹੀਂ ਹੁੰਦਾ, ਜ਼ਿਆਦਾ ਸਮਾਰਟ ਬੰਦਿਆਂ ਵਿੱਚ ਦਿਮਾਗ ਦੀ ਬਾਹਰਲੀ ਪਰਤ, ਜਿਸ ਨੂੰ gray matter ਕਹਿੰਦੇ ਨੇ, ਉਸ ਵਿੱਚ ਫਰਕ ਹੁੰਦੈ।

ਇੱਕ ਹੋਰ ਗੱਲ, ਜਿਹੜੀ ਸਪਾਈਨਲ ਕੋਰਡ ਹੁੰਦੀ ਏ, ਚਾਰ ਸਾਲਾਂ ਤੱਕ ਪੂਰੀ ਵਧ ਜਾ ਚੁਕੀ ਹੁੰਦੀ ਏ (it stops growing at age 4) ਬੱਚਿਆਂ ਵਿੱਚ। ਪਰ ਦਿਮਾਗ ਦੀ ਬਣਤਰ 25 ਸਾਲ ਦੀ ਉਮਰ ਤੱਕ ਪੂਰੀ ਹੁੰਦੀ ਏ ਅਤੇ ਦਿਮਾਗ ਪਿਛਲੇ ਪਾਸੇ ਤੋਂ ਅੱਗੇ ਵਾਲੇ ਹਿੱਸੇ ਨੂੰ grow ਕਰਦੈ, ਯਾਨੀ ਕਿ ਦਿਮਾਗ ਦਾ ਹਿੱਸਾ ਜੋ planning ਅਤੇ reasoning ਲਈ ਇਸਤੇਮਾਲ ਹੁੰਦੈ, ਉਹ 25 ਸਾਲ ਦੀ ਉਮਰ ਤੱਕ ਵਧ ਰਿਹਾ ਹੁੰਦੈ।"

"OMG, ਮੈਨੂੰ ਹੁਣ ਸਮਝ ਪਈ, ਇਹ ਟੀਨਏਜਰਜ਼ ਦੇ ਪੱਲੇ ਕੁਝ ਨਹੀਂ ਪੈਂਦਾ, ਜਦੋਂ ਰੀਜਨਿੰਗ ਦਿੰਨੇ ਆਂ। ਉਨ੍ਹਾਂ ਦਾ ਉਹ ਹਿੱਸਾ ਦਿਮਾਗ ਦਾ ਅਜੇ develop ਹੋ ਰਿਹਾ ਹੁੰਦੈ।"

"ਜਾਣਕਾਰੀ ਆਪਣੀਆਂ ਨਾੜੀਆਂ (nerves) ਵਿੱਚੋਂ ਦੀ ਬਹੁਤ ਰਫਤਾਰ ਨਾਲ ਯਾਨੀ ਕਿ 400 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਦਿਮਾਗ ਤੱਕ ਅਤੇ ਦਿਮਾਗ ਤੋਂ ਸਰੀਰ ਤੱਕ ਜਾਂਦੀ ਏ।"

ਮਰਨ ਤੋਂ ਬਾਅਦ ਤਾਂ ਘੰਟੇ ਤੱਕ ਕੁਝ ਸਿਗਨਲ (electrical activity) ਦਿਮਾਗ ਵਿੱਚ ਦੇਖੀ ਗਈ ਹੈ।

ਨੀਂਦ ਵੇਲੇ ਦਿਮਾਗ ਦੀ ਮੁਰੰਮਤ ਹੁੰਦੀ ਐ। ਜਾਗਣ ਵੇਲੇ ਦੀਆਂ ਜੋ Toxin ਇਕੱਠੀਆਂ ਹੋਈਆਂ ਹੁੰਦੀਆਂ ਹਨ, ਉਹ ਸਾਰੀਆਂ ਧੋਤੀਆਂ ਜਾਂਦੀਆਂ ਨੇ। NREM ਅਤੇ REM ਦੋਨੋਂ ਤਰ੍ਹਾਂ ਦੀ ਨੀਂਦ ਜ਼ਰੂਰੀ ਹੈ। ਬੱਚਿਆਂ ਨੂੰ ਛੱਡ ਕੇ, ਨੀਂਦ 7-9 ਘੰਟੇ ਲਈ ਜ਼ਰੂਰੀ ਹੈ, ਇਸ ਕਰ ਕੇ।"

"ਕੀ ਤੈਨੂੰ ਪਤਾ ਏ ਜੋਕ ਦੇ 32 ਦਿਮਾਗ, 5 ਜੋੜੇ ਅੱਖਾਂ, ਤਿੰਨ ਜਬਾੜੇ ਅਤੇ 300 ਦੰਦ ਹੁੰਦੇ ਹਨ। ਇੱਕ ਔਕਟੋਪਸ ਦੇ 9 ਦਿਮਾਗ ਹੁੰਦੇ ਨੇ; ਪਰ ਮਨੁੱਖੀ ਸਰੀਰ ਵਿੱਚ ਇੱਕ ਹੀ ਦਿਮਾਗ ਹੁੰਦੈ, ਉਸ ਦੇ ਦੋ ਹਿੱਸੇ ਨੇ- ਸੱਜਾ ਅਤੇ ਖੱਬਾ। ਆਪਣੇ ਦਿਮਾਗ ਦਾ ਸੱਜਾ ਪਾਸਾ ਖੱਬੇ ਨੂੰ ਅਤੇ ਖੱਬਾ ਸੱਜੇ ਨੂੰ ਕੰਟਰੋਲ ਕਰਦੈ।

-ਸੱਜੇ ਪਾਸੇ ਦੇ ਦਿਮਾਗ ਵਿੱਚ ਰਚਨਾਤਮਕਤਾ (creativity) ਅਤੇ ਹੁਨਰ (skill) center ਹਨ। ਖੱਬੇ ਪਾਸੇ ਦੇ ਦਿਮਾਗ ਵਿੱਚ ਬੋਲੀ (language) ਅਤੇ ਗਣਿਤ (math) ਵਗੈਰਾ ਦੇ center ਹਨ।

-ਜਦੋਂ ਆਪਾਂ ਸੌਂਦੇ ਹਾਂ, ਆਪਣਾ ਪੂਰਾ ਦਿਮਾਗ ਸੌਂਦੈ, ਪਰ ਕਈ ਉਡਣ ਵਾਲੇ ਪੰਛੀ ਅਤੇ ਪਾਣੀ ਵਿੱਚ ਰਹਿਣ ਵਾਲੇ ਜਾਨਵਰ ਜਿਵੇਂ dolphins, sea lions ਵਗੈਰਾ ਦਾ ਇੱਕ ਪਾਸੇ ਦਾ ਦਿਮਾਗ ਹੀ ਸੌਂਦੈ ਅਤੇ ਦੂਜੇ ਪਾਸੇ ਦਾ ਜਾਗਦਾ ਰਹਿੰਦੈ ਤਾਂ ਕਿ ਜੇ ਕੋਈ ਖਤਰੇ ਵਾਲੀ ਗੱਲ ਹੋਵੇ ਤਾਂ ਉਨ੍ਹਾਂ ਨੂੰ ਪਤਾ ਲੱਗ ਸਕੇ। ਹੈ ਨਾ ਕੁਦਰਤ ਦੀ ਕਮਾਲ ਦੀ ਗੱਲ!

ਪ੍ਰੀਤ, ਆਪਾਂ ਕੁਝ ਜ਼ਿਆਦਾ ਹੀ ਵਕਤ ਲੈ ਲਿਆ ਦਿਮਾਗ ਪ੍ਰਣਾਲੀ 'ਤੇ, ਕਿਉਂਕਿ ਇਹ ਆਪਣੇ ਸਰੀਰ ਲਈ ਇੰਨਾ ਜ਼ਰੂਰੀ ਹੈ। ਆਪਾਂ ਅੱਗੇ ਵਧੀਏ।

**2. ਚਮੜੀ:** ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਪ੍ਰਣਾਲੀ ਹੈ ਚਮੜੀ ਦੀ। ਇਸ ਵਿੱਚ ਨਹੁੰ (nails) ਅਤੇ ਵਾਲ (hair) ਵੀ ਆ ਜਾਂਦੇ ਨੇ। ਇਹ ਸਰੀਰ ਦਾ ਔਸਤ 22 ਵਰਗ ਫੁੱਟ ਏਰੀਆ ਕਵਰ ਕਰਦੀ ਏ, ਵਜ਼ਨ ਵਿੱਚ 6-9 lbs ਹੋ ਸਕਦੀ ਹੈ। ਇਹਦੇ ਜ਼ਰੂਰੀ ਕੰਮ ਹਨ:

-ਖਤਰਨਾਕ ਕੀਟਾਣੂਆਂ ਤੋਂ ਸਾਡੀ ਰੱਖਿਆ ਕਰਨੀ

-ਸਾਡੇ ਸਰੀਰ ਦੇ ਤਾਪਮਾਨ ਨੂੰ ਰੈਗੂਲੇਟ ਕਰਨਾ


-ਛੋਹ (Touch), ਦਰਦ, ਠੰਡ ਅਤੇ ਗਰਮੀ ਵੀ ਮਹਿਸੂਸ ਕਰਨਾ

-ਸੂਰਜ ਦੀ ਰੋਸ਼ਨੀ ਦੀ ਮਦਦ ਨਾਲ ਵਿਟਾਮਿਨ 'D' ਨੂੰ ਤਿਆਰ ਕਰਨਾ।

**3. ਪਿੰਜਰ ਪ੍ਰਣਾਲੀ:** ਪਿੰਜਰ ਪ੍ਰਣਾਲੀ ਵਿੱਚ ਸਾਰੀਆਂ ਹੱਡੀਆਂ ਦਾ ਸਿਸਟਮ ਆ ਜਾਂਦੈ। ਬੱਚਿਆਂ ਵਿੱਚ ਇਨ੍ਹਾਂ ਦੀ ਗਿਣਤੀ 300, ਪਰ ਬਾਲਗ (adult) ਵਿੱਚ ਇਸ ਦੀ ਗਿਣਤੀ 206 ਰਹਿ ਜਾਂਦੀ ਏ।

ਮਨੁੱਖੀ ਹੱਡੀਆਂ ਸਟੀਲ ਨਾਲੋਂ ਵੀ ਮਜਬੂਤ ਹੁੰਦੀਆਂ ਹਨ, ਪਰ ਉਹ ਕੁਝ ਲਚਕਦਾਰ ਵੀ ਹਨ।

ਪਿੰਜਰ ਆਪਣਾ ਸਰੀਰ ਦਾ 20% ਵਜਨ ਹਿੱਸਾ ਹੈ ਅਤੇ 99% ਸਰੀਰ ਦਾ ਕੈਲਸ਼ੀਅਮ ਆਪਣੀਆਂ ਹੱਡੀਆਂ ਵਿੱਚ ਹੈ। ਹਰ 10 ਸਾਲਾਂ ਬਾਅਦ ਰੀਮੋਡਲਿੰਗ ਕਰ ਕੇ ਇਨ੍ਹਾਂ ਦੀ ਨਵੀਂ ਬਣਤਰ ਬਣ ਜਾਂਦੀ ਏ, ਜਿਹੜੀ ਬਜ਼ੁਰਗਾਂ ਵਿੱਚ ਘਟ ਜਾਂਦੀ ਏ ਅਤੇ ਔਸਟੀਓਪਰੋਸਿਸ (osteoporosis) ਦਾ ਡਰ ਹੋ ਜਾਂਦੈ, ਜੇ ਖੁਰਾਕ ਅਤੇ ਕਸਰਤ ਵੱਲ ਧਿਆਨ ਨਾ ਦਿੱਤਾ ਜਾਵੇ। ਔਸਟੀਓਪਰੋਸਿਸ



ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਨੇ ਅਤੇ ਡਿੱਗਣ ਨਾਲ ਇਨ੍ਹਾਂ ਦੇ ਟੁੱਟਣ ਦਾ ਡਰ ਰਹਿੰਦੈ। ਇਸ ਲਈ test, Dexa ਸਕੈਨ ਆਪਣੇ ਡਾਕਟਰ ਨੂੰ ਕਹਿ ਕੇ ਕਰਵਾ ਲਵੋ। ਖੁਰਾਕ ਨਾਲ ਕੁਝ ਸਪਲੀਮੈਂਟਸ ਵੀ ਮਦਦ ਕਰਦੇ ਨੇ, ਜਿਵੇਂ- ਮੈਗਨੀਸ਼ੀਅਮ, ਵਿਟਾਮਿਨ $D_3$ ਅਤੇ ਵਿਟਾਮਿਨ $K_2$; ਆਪਣੇ ਡਾਕਟਰ ਤੋਂ ਪੁੱਛ ਕੇ।

ਆਪਣੀ ਸਾਰਿਆਂ ਤੋਂ ਲੰਮੀ ਹੱਡੀ ਹੈ ਪੱਟ ਵਿੱਚ, ਜਿਸ ਨੂੰ ਫੀਮਰ (femur) ਕਹਿੰਦੇ ਹਨ। ਸਾਰਿਆਂ ਤੋਂ ਛੋਟੀ ਹੱਡੀ ਹੈ ਕੰਨ ਵਿੱਚ (stirrup).

**4. ਮਾਸਪੇਸ਼ੀ ਪ੍ਰਣਾਲੀ:** ਅਗਲਾ ਹੈ, ਮਾਸਪੇਸ਼ੀ ਪ੍ਰਣਾਲੀ (muscle system)

ਆਪਣੇ ਸਰੀਰ ਵਿੱਚ 600 ਤੋਂ ਉਪਰ ਪੱਠੇ ਹਨ। ਇਹ ਤਿੰਨ ਤਰ੍ਹਾਂ ਦੇ ਹਨ:

(ੳ) ਸਕੈਲਟਲ (skeletal) ਜਿਹੜੇ ਹੱਡੀਆਂ ਨਾਲ ਮਿਲ ਕੇ ਆਪਣੀ ਸਰੀਰ ਦੀ ਹਿੱਲਣ-ਚੱਲਣ ਵਿੱਚ ਮਦਦ ਕਰਦੇ ਨੇ। ਇਹ ਆਸਣ (posture) ਅਤੇ ਆਪਣੇ ਅੰਗਾਂ ਦੀ ਸੁਰੱਖਿਆ ਲਈ ਕੰਮ ਆਉਂਦੇ ਹਨ।

(ਅ) ਦੂਸਰੇ ਤਰ੍ਹਾਂ ਦੇ ਪੱਠੇ ਹਨ- Smooth muscles, ਜਿਹੜੇ ਅੰਦਰਲੇ ਅੰਗਾਂ ਵਿੱਚ ਆਪਾਂ ਨੂੰ ਪਤਾ ਲੱਗਣ ਤੋਂ ਬਿਨਾ (involuntary) ਅਣਇੱਛਤ ਹੀ ਕੰਮ ਕਰਦੇ ਰਹਿੰਦੇ ਨੇ।

(ੲ) ਤੀਸਰੇ ਹਨ, ਦਿਲ ਦੇ ਪੱਠੇ, ਜੋ ਤਾਲਬੱਧ ਸੰਕੁਚਨ ਅਤੇ ਖ਼ੂਨ ਸੰਚਾਰ ਵਿੱਚ ਲੱਗੇ ਹੋਏ ਨੇ।

ਆਪਣੀਆਂ ਅੱਖਾਂ ਦੇ ਪੱਠੇ ਸਰੀਰ ਵਿੱਚ ਸਾਰਿਆਂ ਨਾਲੋਂ ਮਜਬੂਤ ਅਤੇ ਤੇਜ ਹਨ।

**5. ਸੰਚਾਰ ਪ੍ਰਣਾਲੀ:** ਇਸ ਪ੍ਰਣਾਲੀ ਵਿੱਚ ਆਪਣਾ ਦਿਲ ਅਤੇ ਖ਼ੂਨ ਦੀਆਂ ਨਾੜੀਆਂ ਆ ਜਾਂਦੀਆਂ ਨੇ। ਇਹ ਵੀ ਬਹੁਤ ਅਹਿਮੀਅਤ ਰੱਖਦੈ ਆਪਣੀ ਸਿਹਤ ਲਈ। ਇਸ ਕਰ ਕੇ 4.5 ਤੋਂ 5 ਲਿਟਰ ਖ਼ੂਨ ਆਪਣੇ ਸਰੀਰ ਵਿੱਚ ਖੁਰਾਕ ਤੇ ਔਕਸੀਜ਼ਨ ਲੈ ਕੇ ਘੁੰਮਦੈ ਅਤੇ ਵੇਸਟ ਚੀਜ਼ਾਂ, ਟਾਕਸਨਜ਼ ਤੇ ਕਾਰਬਨਡਾਈਔਕਸਾਈਡ ਸਰੀਰ ਵਿੱਚੋਂ ਬਾਹਰ ਕੱਢਣ ਲਈ ਮਦਦ ਕਰਦੈ।

**6. ਲਸੀਕਾ ਤੰਤਰ:** ਉਪਰ ਵਾਲੇ ਦੇ ਨਾਲ ਨਾਲ ਹੀ ਲਸੀਕਾ ਤੰਤਰ (lymphatic system) ਕੰਮ ਕਰਦੈ। ਇਸ ਵਿੱਚ ਹਨ- ਸਪਲੀਨ, lymph vessels, lymph nodes) ਅਤੇ ਆਪਣੇ ਸੁਰੱਖਿਆ ਵਿਭਾਗ ਵਿੱਚ ਅਹਿਮ ਰੋਲ ਅਦਾ ਕਰਦੇ ਨੇ। Lymph clear ਫਲੂਇਡ ਹੁੰਦੈ। ਇਸ ਵਿੱਚ ਚਿੱਟੇ ਖ਼ੂਨ ਦੇ ਸੈੱਲ WBC ਤੇ ਹੋਰ ਤੱਤ ਬਿਮਾਰੀਆਂ ਤੋਂ ਬਚਾਉਣ ਲਈ ਹੁੰਦੇ ਹਨ ਅਤੇ ਇਹ ਸਰੀਰ ਤੋਂ waste ਤੇ ਮਰੇ ਸੈੱਲ, ਜਰਮ ਵਗੈਰਾ ਵੀ ਬਾਹਰ ਕੱਢਦੈ।

7. ਸਾਹ ਪ੍ਰਣਾਲੀ: ਇਸ ਪ੍ਰਣਾਲੀ ਵਿੱਚ ਨੱਕ ਤੋਂ ਲੈ ਕੇ ਫੇਫੜਿਆਂ ਤੱਕ ਆ ਜਾਂਦੈ। ਅਸੀਂ ਅੱਛੀ ਗੈਸ ਔਕਸੀਜ਼ਨ ਅੰਦਰ ਲੈ ਜਾਂਦੇ ਹਾਂ ਅਤੇ ਮਾੜੀ ਗੈਸ ਕਾਰਬਨਡਾਈਔਕਸਾਈਡ ਬਾਹਰ ਕੱਢੀ ਜਾਂਦੀ ਐ, ਆਪਣੇ ਸਰੀਰ ਤੋਂ। ਨੱਕ ਰਾਹੀਂ ਸਾਹ ਅੰਦਰ ਲਵੋ ਅਤੇ ਮੂੰਹ ਰਾਹੀਂ ਬਾਹਰ ਕੱਢੋ; ਅੱਛਾ ਹੈ, ਕਿਉਂਕਿ ਅੰਦਰ ਜਾਣ ਵੇਲੇ ਬਾਹਰਲੀ ਹਵਾ ਫਿਲਟਰ ਹੋ ਜਾਂਦੀ ਏ, ਗਰਮ ਹੋ ਕੇ ਸਰੀਰ ਦੇ ਤਾਪਮਾਨ 'ਤੇ ਹੋ ਜਾਂਦੀ ਏ, ਜਰਮ ਵੀ ਘੱਟ ਜਾਂਦੇ ਨੇ।

ਆਪਣੇ ਦੋ ਫੇਫੜੇ ਹਨ। ਖੱਬਾ ਛੋਟਾ ਹੈ, ਉਸ ਦੇ ਦੋ ਹਿੱਸੇ ਨੇ। ਸੱਜਾ ਵੱਡਾ ਹੈ, ਉਸ ਦੇ 3 ਹਿੱਸੇ ਨੇ। ਗੈਸਾਂ exchange ਦਾ ਕੰਮ ਇੱਥੇ ਹੀ ਹੁੰਦਾ ਐ।

**8. ਪਾਚਨ ਪ੍ਰਣਾਲੀ:** ਆਪਣਾ ਅਗਲਾ ਸਿਸਟਮ ਹੈ, ਪਾਚਨ ਪ੍ਰਣਾਲੀ। ਇਹ ਤਕਰੀਬਨ 30 ਫੁੱਟ ਲੰਮੀ ਹੈ ਅਤੇ ਖੁਰਾਕ ਨੂੰ ਹਜ਼ਮ ਕਰਨ ਅਤੇ ਉਸ ਵਿੱਚੋਂ nutrition ਤੱਤ ਆਪਣੇ ਖ਼ੂਨ ਵਿੱਚ ਪਹੁੰਚਾਣ ਦੀ ਸਮਰੱਥਾ ਰੱਖਦੀ ਹੈ। ਤਕਰੀਬਨ ਆਪਣੇ ਮੂੰਹ ਵਿੱਚ ਇੱਕ ਲਿਟਰ ਸਲਾਈਵਾ (saliva) ਯਾਨੀ ਕਿ ਥੁੱਕ ਬਣਦੈ ਹਰ ਰੋਜ਼, ਤਾਂ ਕਿ ਖੁਰਾਕ ਮੂੰਹ ਵਿੱਚੋਂ ਹੀ ਹਜ਼ਮ ਹੋਣੀ ਸ਼ੁਰੂ ਹੋ ਜਾਵੇ। ਆਪਣੇ ਮਿਹਦੇ ਦਾ ਐਸਡ ਇੰਨਾ ਸਟਰੌਂਗ ਹੈ ਕਿ ਉਹ ਸਟੀਲ ਨੂੰ ਵੀ ਗਾਲ਼ ਸਕਦੈ। ਦੇਖੋ ਉਸ ਦੀ ਕਰਾਮਾਤ, ਤੁਹਾਡੇ ਮਿਹਦੇ ਦੀ ਅੰਦਰਲੀ ਝਿੱਲੀ ਵਿੱਚ ਜ਼ਖਮ ਨਹੀਂ ਬਣਦੇ।

ਅੱਜ ਦੀ ਖਾਧੀ ਖੁਰਾਕ ਨੂੰ ਬਹਾਰ ਨਿਕਲਣ ਲਈ 2-5 ਦਿਨ ਲੱਗ ਸਕਦੇ ਨੇ। ਖੁਰਾਕ, ਜਿਸ ਵਿੱਚ ਮਸਾਲੇ, ਮਿਰਚਾਂ, ਕੈਫੀਨ, ਫਰੂਟ ਅਤੇ ਪਾਣੀ ਜ਼ਿਆਦਾ ਹੋਵੇ, ਉਹ ਛੇਤੀ ਅਤੇ Fat ਤੇ Fiber ਵਾਲੀ ਖੁਰਾਕ ਹੌਲੀ ਹੌਲੀ ਅੱਗੇ ਵਧਦੀ ਏ।

**9. ਪਿਸ਼ਾਬ ਪ੍ਰਣਾਲੀ:** ਇਸ ਵਿੱਚ ਆਪਣੇ ਗੁਰਦੇ ਪਿਸ਼ਾਬ ਦੀ ਥੈਲੀ (urinary bladder ਅਤੇ ureter) ਆ ਜਾਂਦੇ ਨੇ। ਇਹ ਆਪਣੇ ਖ਼ੂਨ ਨੂੰ ਸਾਫ ਕਰ ਕੇ waste ਅਤੇ toxin ਬਾਹਰ ਕੱਢਦੇ ਨੇ ਅਤੇ ਇਲੈਕਟਰੋਲਾਈਟ ਬੈਲੇਂਸ ਲਈ ਬਹੁਤ ਜ਼ਰੂਰੀ ਹੈ।

**10. Endocrine System:** ਇਹ ਆਪਣੇ ਸਰੀਰ ਵਿੱਚ ਕੁਝ ਬਹੁਤ ਹੀ ਜ਼ਰੂਰੀ ਵਸਤਾਂ (hormones) ਪੈਦਾ ਕਰ ਕੇ ਸਿੱਧੇ ਖ਼ੂਨ ਵਿੱਚ ਪਹੁੰਚਾ ਦਿੰਦੇ ਨੇ, ਤਾਂ ਕਿ ਉਹ ਆਪਣੀ ਆਪਣੀ ਜਗ੍ਹਾ ਜਲਦੀ ਪਹੁੰਚ ਕੇ ਕੰਮ ਕਰ ਸਕਣ। ਇਹ ਇੱਕ ਬਹੁਤ ਹੀ ਗੁੰਝਲ ਪ੍ਰਣਾਲੀ ਹੈ। ਸਾਡੇ ਸਰੀਰ ਨੂੰ ਕਿੰਨੇ ਹਾਰਮੋਨ ਬਣਾਉਣੇ ਚਾਹੀਦੇ ਨੇ ਜਾਂ ਨਹੀਂ, ਦੇ ਸਿਗਨਲ ਖ਼ੂਨ, ਦਿਮਾਗ ਤੇ ਹੋਰ ਹਿੱਸਿਆਂ ਤੋਂ ਲਗਾਤਾਰ ਹੀ ਆਈ ਜਾਂਦੇ ਨੇ ਤੇ ਕੰਮ ਜ਼ਰੂਰਤ ਅਨੁਸਾਰ ਚੱਲੀ ਜਾਂਦੈ।

**11. ਪ੍ਰਜਨਨ ਪ੍ਰਣਾਲੀ:** ਅਖੀਰਲਾ ਸਿਸਟਮ ਹੈ, ਪ੍ਰਜਨਨ ਪ੍ਰਣਾਲੀ ਯਾਨੀ ਕਿ reproduction ਦਾ।


...ਹੈਂਅਅਅ! ਇੰਨਾ ਸਮਾਂ ਹੋ ਗਿਆ। ਮਿਲਾਂਗੇ ਅਗਲੀ ਵਾਰੀ, ਹੱਸਦੇ ਰਹੋ।

ਪ੍ਰੀਤ, ਤੈਨੂੰ ਪਤਾ ਕਿ ਮੁਸਕਰਾਹਟ ਲਈ 17 ਪੱਠੇ (muscle) ਇਸਤੇਮਾਲ ਹੁੰਦੇ ਨੇ ਅਤੇ ਤਿਓੜੀਆਂ ਪਾਉਣ ਲਈ 43 ਪੱਠੇ। ਕਿਉਂ ਨਾ ਥੋੜ੍ਹੀ ਜ਼ਿਆਦਾ ਮੁਸਕਰਾਹਟ ਵੰਡੀਏ ਆਲੇ-ਦੁਆਲੇ!

# ਜ਼ਹਿਰੀਲੇ ਪਾਣੀਆਂ ਖ਼ਿਲਾਫ਼ ਲੋਕ ਲਹਿਰ ਵਿੱਢਣ ਦੀ ਲੋੜ

ਹੋਕਾ

ਵਿਜੈ ਬੰਬੇਲੀ
ਫੋਨ: +91-9463439075



ਪਾਣੀ ਵਿੱਚ ਅਣਇੱਛਤ ਅਤੇ ਨੁਕਸਾਨਦੇਹ ਪਦਾਰਥਾਂ ਦੀ ਮੌਜੂਦਗੀ ਨੂੰ ਜਲ ਪ੍ਰਦੂਸ਼ਣ ਆਖਿਆ ਜਾਂਦਾ ਹੈ। ਮੁੱਖ ਰੂਪ ਵਿੱਚ ਕਾਰਖਾਨਿਆਂ ਦੇ ਜ਼ਹਿਰੀਲੇ ਨਿਕਾਸ, ਪੈਟਰੋ-ਕੈਮੀਕਲਜ਼, ਕੀਟਨਾਸ਼ਕ/ਨਦੀਨਨਾਸ਼ਕ ਤੇ ਕੂੜਾ-ਕਚਰਾ ਦਾ ਵਰਨਣ ਕੀਤਾ ਜਾ ਸਕਦਾ ਹੈ। ਗੰਦਗੀ ਪਹਿਲਾਂ ਵੀ ਨਦੀਆਂ/ਝੀਲਾਂ ਵਿੱਚ ਰਲਦੀ ਸੀ, ਪਰ ਉਹ ਰਵਾਇਤੀ, ਥੋੜ੍ਹੀ ਮਾਤਰਾ ਵਿੱਚ ਅਤੇ ਘੱਟ ਜ਼ਹਿਰੀਲੀ ਹੁੰਦੀ ਸੀ। ਕੁਦਰਤੀ ਕਾਰਕ ਇਸ ਗੰਦਗੀ ਨੂੰ ਸਮੇਟਣ, ਗਾਲਣ ਅਤੇ ਮੁੜ ਚੱਕਰ ਵਿੱਚ ਲਿਆਉਣ ਦੇ ਸਮਰੱਥ ਹੁੰਦੇ ਸਨ। ਹੁਣ ਰਹਿੰਦ-ਖੂੰਹਦ ਵਿੱਚ ਸਿੰਥੈਟਿਕ ਪਦਾਰਥਾਂ ਦੀ ਭਰਮਾਰ ਹੈ। ਕੁਦਰਤੀ ਕਾਰਜ ਇਨ੍ਹਾਂ ਨਾ-ਮੁਰਾਦ ਵਸਤਾਂ ਨੂੰ ਕਾਬੂ ਰੱਖਣ ਦੀ ਯੋਗਤਾ ਨਹੀਂ ਰੱਖਦੇ। ਭਲਾ ਪਾਰੇ, ਧਾਤਾਂ, ਪਲਾਸਟਿਕ ਅਤੇ ਪੈਟਰੋ-ਕੈਮੀਕਲਜ਼ ਨੂੰ ਕੌਣ ਗਾਲੇਗਾ?

ਇਸ ਗੰਦਗੀ ਕਾਰਨ ਹੀ ਗੰਗਾ ਮਲੀਨ ਹੋ ਚੁੱਕੀ ਹੈ ਅਤੇ ਮੂਸੀ ਨਦੀ (ਹੈਦਰਾਬਾਦ) ਆਖਿਰੀ ਸਾਹ ਲੈ ਰਹੀ ਹੈ। ਜੰਮੂ-ਕਸ਼ਮੀਰ ਦੀ ਆਰਥਿਕ ਸਾਹਰਗ ਡੱਲ ਝੀਲ ਵੀ ਮਰਨ ਕਿਨਾਰੇ ਹੈ। ਜੇ ਸ੍ਰੀਨਗਰ ਵਿੱਚੋਂ ਡੱਲ ਮਨਫ਼ੀ ਕਰ ਦਿੱਤੀ ਜਾਵੇ ਤਾਂ ਬਾਕੀ ਬਚਦਾ ਹੀ ਕੀ ਹੈ? ਮਨੀਪੁਰ ਦੀ ਲੋਕਤਾਰ ਝੀਲ ਦਾ ਵੀ ਇਹੋ ਹਸ਼ਰ ਹੋ ਰਿਹਾ ਹੈ। ਉੜੀਸਾ ਦੀ ਝਿਲਕਾ ਝੀਲ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਹੈ; ਹਾਲਾਂਕਿ ਉੱਥੇ ਮਹੱਤਵਪੂਰਨ ਜਲ ਸੈਨਾ ਅੱਡਾ ਹੈ। ਇਹੀ ਹਾਲ ਕੂਮ ਨਦੀ ਅਤੇ ਹੈਦਰਾਬਾਦ ਤੇ ਸਿੰਕਦਰਾਬਾਦ ਨੂੰ ਵੰਡਦੇ ਹੁਸੈਨ ਸਾਗਰ ਦਾ ਹੈ। ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਾ ਜਲ ਵੀ ਬੇਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਨਦੀ ਦੇ ਕੰਢੇ ਉੱਪਰ 98 ਸ਼ਹਿਰ ਤੇ ਕਸਬੇ ਹਨ। ਇਸ ਦੀ 2525 ਕਿਲੋਮੀਟਰ ਲੰਬਾਈ ਵਿੱਚ ਲਗਭਗ 29 ਅਰਬ ਘਣ ਮੀਟਰ ਗੰਦਾ ਪਾਣੀ ਰੋਜ਼ ਡਿਗਦਾ ਹੈ। ਕੇਵਲ 16 ਸ਼ਹਿਰ ਅਜਿਹੇ ਹਨ, ਜਿਨ੍ਹਾਂ ਕੋਲ ਸੀਵਰ ਵਿਵਸਥਾ ਹੈ, ਬਾਕੀ ਸ਼ਹਿਰਾਂ ਦਾ ਮਲ-ਮੂਤਰ ਤੇ ਕਚਰਾ ਸਿੱਧਾ ਨਦੀ ਵਿੱਚ ਸੁੱਟਿਆ ਜਾ ਰਿਹਾ ਹੈ। ਜਮਨਾ 'ਚ ਹਰ ਰੋਜ਼ 200 ਮਿਲੀਅਨ ਲਿਟਰ ਅਣਸੋਧਿਆ ਸੀਵਰੇਜ ਰਲ ਜਾਂਦਾ ਹੈ। ਦਿੱਲੀ ਦੀ ਗੰਦਗੀ ਜਮਨਾ ਰਾਹੀਂ ਗੰਗਾ ਤੱਕ ਪੁੱਜਦੀ ਹੈ। ਸਭ ਤੋਂ ਵੱਧ ਗੰਦਗੀ ਕਾਨਪੁਰ, ਵਾਰਾਨਸੀ ਤੇ ਕੋਲਕਾਤਾ ਦੇ ਸ਼ਹਿਰ ਸੁੱਟ ਰਹੇ ਹਨ। ਕਾਨਪੁਰ ਦੇ ਚਮੜਾ ਉਦਯੋਗਾਂ ਦਾ ਸਾਰਾ ਰੋੜ੍ਹ ਇਸ ਵਿੱਚ ਹੀ ਡਿੱਗ ਰਿਹਾ ਹੈ।

ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਬਿਨਾਂ ਸੋਧੇ ਜਲ ਨਿਕਾਸ ਨੇ ਸਤਲੁਜ ਨੂੰ ਵੀ ਬੇਹੱਦ ਮਲੀਨ ਅਤੇ ਜ਼ਹਿਰੀਲਾ ਕਰ ਦਿੱਤਾ ਹੈ। ਇਸ ਦੇ ਚੌਗਿਰਦੇ ਅਤੇ ਖਪਤ-ਖਿੱਤੇ ਦਾ ਸਮੁੱਚਾ ਜਲ-ਥਲੀ ਵਾਤਾਵਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਤਲੁਜ, ਭਾਖੜਾ ਡੈਮ ਅਤੇ ਪਾਕਿਸਤਾਨ ਦਰਮਿਆਨ 277 ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਵੱਖ-ਵੱਖ ਸ਼ਹਿਰਾਂ ਦਾ ਘਰੇਲੂ ਅਤੇ ਸਨਅਤੀ ਪਾਣੀ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿੱਚ ਪੈਂਦਾ ਹੈ। ਬੁੱਢੇ ਨਾਲੇ ਸਮੇਤ ਇਸ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਵਿੱਚ ਪੂਰਬੀ ਅਤੇ ਪੱਛਮੀ ਵੇਈਂ ਵੀ ਸ਼ਾਮਲ ਹਨ। ਇੱਕ ਅਧਿਐਨ ਅਨੁਸਾਰ, "ਫੈਕਟਰੀਆਂ ਸਭ ਤੋਂ ਵੱਧ ਜਲ ਨੂੰ ਦੂਸ਼ਿਤ ਕਰਦੀਆਂ ਹਨ, ਜਿਹੜੀਆਂ ਬਿਨਾਂ ਸੋਧਿਆ ਜਲ ਨਿਕਾਸ ਕਰਦੀਆਂ ਹਨ। ਰੰਗਾਈ, ਨਿੱਕਲ, ਸ਼ਰਾਬ ਤੇ ਕਾਗਜ਼ ਮਿੱਲਾਂ ਅਤੇ ਉੱਨ ਤੇ ਜੀਨ ਕਲਚਰ 100 ਕਿਲੋ ਮਾਲ ਮਗਰ 400 ਤੋਂ 800 ਲਿਟਰ ਗੰਧਲਾ/ਜ਼ਹਿਰੀਲਾ ਪਾਣੀ ਛੱਡਦੀਆਂ ਹਨ। ਲੁਧਿਆਣਾ ਸ਼ਹਿਰ ਅਤੇ ਫ਼ੈਕਟਰੀਆਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ (ਜੋ ਬੁੱਢੇ ਨਾਲੇ ਵਿੱਚ ਪੈਂਦਾ ਹੈ) ਵਿੱਚ ਤੰਦਰੁਸਤ ਮੱਛੀਆਂ ਛੱਡ ਕੇ ਦੇਖੋ, ਤੁਰੰਤ ਮਰ ਜਾਣਗੀਆਂ। ਚੰਡੀਗੜ੍ਹ ਦੀ ਸੁਖਨਾ ਝੀਲ ਵਿੱਚ ਕੂੜਾ-ਕਰਕਟ ਇਕੱਠਾ ਹੋਇਆ ਪਿਆ ਹੈ। ਮੌਸਮੀ ਜਲ ਵਹਿਣ ਵੀ ਸੁਰੱਖਿਅਤ ਨਹੀਂ ਰਹੇ, ਇਹ ਲਾਗਲੇ ਸ਼ਹਿਰਾਂ ਦਾ ਸੀਵਰੇਜ ਅਤੇ ਕਚਰੇ ਦੇ ਡੰਪ ਬਣ ਗਏ ਹਨ। ਹੁਣ ਸਾਗਰ ਵੀ ਸੁਰੱਖਿਅਤ ਨਹੀਂ ਰਹੇ।

ਪੱਛਮੀ ਦੇਸ਼ਾਂ ਵਿੱਚ ਹਰ ਸਾਲ ਔਸਤਨ 30 ਕਰੋੜ ਟਨ ਕਚਰਾ ਪੈਦਾ ਹੁੰਦਾ ਹੈ। ਬਹੁਤਾ 'ਵਿਕਾਸਸ਼ੀਲ' ਮੁਲਕਾਂ ਦੇ ਪੱਲੇ ਪਾ ਦਿੱਤਾ ਜਾਂਦਾ ਹੈ। ਹੁਣ ਕਚਰੇ ਦੀ ਸਮੱਸਿਆ ਸਥਾਨਕ ਲੱਛਣਾਂ ਵਾਲੀ ਨਹੀਂ ਰਹੀ। ਗੰਗਾ 'ਚ ਰਲਿਆ ਗੰਦਾ ਮਲਬਾ ਬੰਗਾਲ ਦੀ ਖਾੜੀ ਨੂੰ ਮਲੀਨ ਕਰ ਦਿੰਦਾ ਹੈ। ਇਸ ਤੋਂ ਬਾਅਦ ਹਿੰਦ ਮਹਾਸਾਗਰ ਅਤੇ ਮਗਰੋਂ ਮਹਾਸਾਗਰ ਭ੍ਰਿਸ਼ਟੇ ਜਾਂਦੇ ਹਨ। ਇਹੀ ਹਾਲ ਤਾ-ਮੁਲਕਾਂ ਅਤੇ ਸਾਗਰਾਂ ਦਾ ਹੈ। ਵਾਤਾਵਰਨੀ ਸੰਗਠਨ 'ਆਰ.ਆਰ.ਸੀ.ਏ.' ਅਨੁਸਾਰ, "ਸਮੁੰਦਰ ਵਿੱਚੋਂ ਭੋਜਨ ਲਈ ਫੜੀ ਇੱਕ ਟਨ ਮੱਛੀ ਦੇ ਬਦਲੇ ਉਸ ਵਿੱਚ ਤਿੰਨ ਟਨ ਰਹਿੰਦ-ਖੂੰਹਦ ਸੁੱਟ ਦਿੱਤਾ ਜਾਂਦਾ ਹੈ। ਕੂੜਾ ਕਰਕਟ ਵਿੱਚ 42 ਪ੍ਰਤੀਸ਼ਤ ਪਲਾਸਟਿਕ ਹੁੰਦਾ ਹੈ, ਜਿਹੜਾ ਗਲਣ ਲਈ ਚਾਰ ਸਦੀਆਂ ਲੈਂਦਾ ਹੈ।... ਇਸ ਸਮੱਸਿਆ ਲਈ ਸਮਾਜ ਦੇ ਕਿਸੇ ਇੱਕ ਵਰਗ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਹ ਭਾਈਚਾਰਕ ਸਮੱਸਿਆ ਹੈ ਅਤੇ ਪੂਰੇ ਭਾਈਚਾਰੇ ਵੱਲੋਂ ਮਿਲ ਕੇ ਹੀ ਹੱਲ ਕੀਤੀ ਜਾ ਸਕਦੀ ਹੈ।"

ਮਲ-ਮੂਤਰ ਤੋਂ ਇਲਾਵਾ ਹਰ ਭਾਰਤੀ ਪਰਿਵਾਰ ਰੋਜ਼ਾਨਾ ਔਸਤਨ ਅੱਧੀ ਟੋਕਰੀ ਗੰਦਗੀ ਪੈਦਾ ਕਰਦਾ ਹੈ। ਦੇਸ਼ ਵਿੱਚ ਇਸ ਸਮੇਂ ਕਰੀਬ 20 ਕਰੋੜ ਟੱਬਰ ਹਨ; ਭਾਵ, ਅਸੀਂ ਹਰ ਰੋਜ਼ 10 ਕਰੋੜ ਟੋਕਰੀਆਂ ਗੰਦਗੀ ਪੈਦਾ ਕਰ ਰਹੇ ਹਾਂ; 40 ਅਰਬ ਟੋਕਰੇ ਸਾਲਾਨਾ। ਇਹ ਕਚਰਾ ਨਿਸ਼ਚਿਤ ਥਾਵਾਂ ਦੀ ਬਜਾਇ ਜਿੱਥੇ ਜੀ ਆਏ, ਖਲਾਰ ਦਿੱਤਾ ਜਾਂਦਾ ਹੈ। ਮਗਰੋਂ ਇਹ ਜਲ ਕੁੰਡਾਂ ਤੇ ਵਹਿਣਾਂ, ਫਿਰ ਸਾਗਰਾਂ ਦਾ ਹਿੱਸਾ ਬਣ ਜਾਂਦਾ ਹੈ। ਬੇਲਗਾਮ ਹਾਈਬ੍ਰਿਡ ਅਤੇ ਰਸਾਇਣਕ ਖੇਤੀ ਨੇ ਵੀ ਮਿੱਟੀ ਤੇ ਜਲ ਸੋਮਿਆਂ ਦੇ ਜੜ੍ਹੀਂ ਅੱਕ ਦਿੱਤਾ ਹੈ। ਜਦੋਂ ਜ਼ਹਿਰ ਜਲ ਤੱਗੀਆਂ, ਵਹਿਣਾਂ ਤੇ ਜਲ ਕੁੰਡਾਂ ਵਿੱਚ ਰਲਦੇ ਹਨ ਤਾਂ ਥਲ ਮੰਡਲ ਅਤੇ ਪ੍ਰਾਣੀ ਮੰਡਲ ਵੀ ਨਸ਼ਟ ਹੋਣ ਲਗਦਾ ਹੈ। ਆਂਧਰਾ ਪ੍ਰਦੇਸ਼ ਦੇ ਗੰਟੂਰ ਜ਼ਿਲ੍ਹੇ ਵਿੱਚ ਭਲਾ ਕੀ ਵਾਪਰਿਆ ਸੀ? ਮਾਲਾਧਾਰੂ ਪਿੰਡ ਕੋਲੋਂ ਛੋਟੀ ਜਿਹੀ ਚੱਪਾ ਡੀਬਾਗੂ ਨਦੀ ਲੰਘਦੀ ਹੈ। ਇਸ ਪਿੰਡ ਦੀ ਵੱਸੋਂ ਮਸੀਂ ਇੱਕ ਹਜ਼ਾਰ ਸੀ।



ਲੁਧਿਆਣਾ ਰੰਗਾਈ, ਹੌਜ਼ਰੀ, ਇਲੈਕਟ੍ਰੋਪਲੇਟਿੰਗ, ਬੁਣਾਈ ਅਤੇ ਟੈਕਸਟਾਈਲ ਦੇ ਵੱਡੇ ਪੱਧਰ 'ਤੇ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਦੇ ਕਾਰਨ 'ਭਾਰਤ ਦੇ ਮਾਨਚੈਸਟਰ' ਵਜੋਂ ਮਸ਼ਹੂਰ ਹੈ; ਪਰ ਬੁੱਢੇ ਨਾਲੇ ਅਤੇ ਸਤਲੁਜ ਦੇ ਆਲੇ-ਦੁਆਲੇ ਦੇ ਖੇਤਰ ਵਿੱਚ ਕੈਂਸਰ, ਹੈਪੇਟਾਈਟਸ 'ਸੀ', ਜਿਗਰ ਸਿਰੋਸਿਸ, ਚਮੜੀ ਅਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀਆਂ ਰਿਪੋਰਟਾਂ ਆਮ ਹਨ।

ਲੋਕਾਂ ਦੀ ਸਭ ਤੋਂ ਵੱਡੀ ਜਾਇਦਾਦ ਉਨ੍ਹਾਂ ਦੇ ਪਸ਼ੂ ਹੀ ਸਨ। 80ਵੇਂ ਦਹਾਕੇ ਵਿੱਚ ਇਸ ਪਿੰਡ ਦੇ ਲੋਕਾਂ ਉੱਪਰ ਆਫ਼ਤ ਆ ਡਿੱਗੀ। ਪਸ਼ੂਆਂ ਨੂੰ ਖੂਨੀ ਮਰੋੜ ਲੱਗ ਗਏ, ਦੇਖਦਿਆਂ-ਦੇਖਦਿਆਂ ਉਹ ਫੁੜਕਣ ਲੱਗੇ। ਪਸ਼ੂ ਮਾਹਿਰ ਪਿੰਡ ਵਿੱਚ ਪੁੱਜੇ, ਘੋਖਿਆ ਤੇ ਚਿਤਾਵਨੀ ਦਿੱਤੀ, "ਜਿਸ ਨਦੀ ਤੋਂ ਪਸ਼ੂ ਪਾਣੀ ਪੀ ਰਹੇ ਸਨ, ਉਹ ਨਦੀ ਵਿਹੁਲੀ ਹੋ ਚੁੱਕੀ ਸੀ। ਅੱਜ ਪਸ਼ੂ ਮਰ ਗਏ, ਕੱਲ੍ਹ ਨੂੰ ਮਨੁੱਖ ਦੀ ਵਾਰੀ ਹੈ।"

ਇੱਕ ਕਥਾ ਹੋਰ ਸੁਣ ਲਓ: ਪੱਛਮੀ ਮਹਾਰਾਸ਼ਟਰ ਵਿਕਾਸ ਨਿਗਮ, ਅਹਿਮਦ ਨਗਰ ਨੇੜੇ ਚੇਤਾਲੀ ਪਿੰਡ ਵਿੱਚ ਡਿਸਟਿਲਰੀ ਚਲਾਉਂਦਾ ਹੈ। ਇਸ ਨੇ ਚੇਤਾਲੀ ਨੂੰ ਤਬਾਹੀ 'ਤੇ ਲੈ ਆਂਦਾ। ਖੂਹਾਂ ਦਾ ਪਾਣੀ ਪੀਣ ਦੇ ਯੋਗ ਨਹੀਂ ਰਿਹਾ। ਰੁੱਖ ਸੁੱਕ ਗਏ, ਮੱਛੀਆਂ ਤੇ ਪੰਛੀ ਮਰ ਗਏ/ਰਹੇ ਹਨ ਅਤੇ ਭੂਮੀ ਖਾਰੀ ਤੇ ਅਣ-ਉਪਜਾਊ ਬਣ ਗਈ। ਸ਼ਰਾਬ ਨੇ ਪਰਿਵਾਰਾਂ ਦਾ ਚੈਨ ਨਿਗਲ ਲਿਆ। ਅਫਸੋਸ! ਕਿਸੇ ਦੇ ਵੀ ਭੂਪਾਲ ਤੇ ਮਾਲਾਪਾਡ ਤ੍ਰਾਸਦੀ ਅਤੇ ਹੁਣ ਚੇਤਾਲੀ ਦਾ ਦਰਦ ਚੇਤਿਆਂ 'ਚ ਨਹੀਂ। ਹਾਂ, ਜਦੋਂ ਇੱਕ ਚੀਨੀ ਅਤੇ ਦੂਜੇ ਸ਼ਰਾਬ ਦੇ ਕਾਰਖਾਨੇ ਨੇ ਗੋਮਤੀ ਨਦੀ ਦੇ ਪਾਣੀ ਨੂੰ ਵਰਤਣ ਵਾਲਾ ਨਹੀਂ ਸੀ ਰਹਿਣ ਦਿੱਤਾ ਤਾਂ ਉੱਤਰ ਪ੍ਰਦੇਸ਼ ਵਿੱਚ ਲੋਕਾਂ ਨੇ ਵਿਦਰੋਹ ਕਰ ਦਿੱਤਾ ਸੀ। ਛੱਤੀਸਗੜ੍ਹ ਵਿੱਚ ਸ਼ਰਾਬ ਕਾਰਖਾਨੇ ਨੇ ਜਦੋਂ ਖੂਹਾਂ ਤੇ ਖੇਤਾਂ ਨੂੰ ਜ਼ਹਿਰੀਲਾ ਬਣਾ ਦਿੱਤਾ ਤਾਂ ਲੋਕ ਭੜਕ ਪਏ। ਸਰਕਾਰ ਨੂੰ 'ਤਰੱਦਦ' ਕਰਨੇ ਪਏ, ਪਰ ਇਹ ਚੇਤਨਾ ਹੋਰ ਕਿੰਨੇ ਕੁ ਥਾਂ ਹੈ? ਫ਼ਰਜ਼ਾਂ ਅਤੇ ਨੈਤਿਕਤਾ ਤੋਂ ਮੂੰਹ ਮੋੜੀ ਬੈਠੇ ਹਾਕਮ 'ਸ਼ਰਾਬ ਦੀ ਕਮਾਈ' ਨਾਲ ਰਾਜ ਚਲਾਉਣਾ ਚਾਹੁੰਦੇ ਹਨ। ਸ਼ਰਾਬ ਦੇ ਕਾਰਖਾਨਿਆਂ ਵਿੱਚੋਂ ਨਿਕਲੀ ਤਰਲ ਗੰਦਗੀ ਵਿਹੁਲਾ ਬਦਬੂਦਾਰ ਪਦਾਰਥ ਹੈ। ਇਸ ਗੰਦਗੀ ਨੂੰ ਬਾਹਰ ਸੁੱਟਣ ਤੋਂ ਪਹਿਲਾਂ ਸੋਧਣਾ ਬਹੁਤ ਜ਼ਰੂਰੀ ਹੁੰਦਾ ਹੈ, ਪਰ ਕਿੰਨੇ ਕੁ ਕਾਰਖਾਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰ ਰਹੇ ਹਨ?

ਇੱਕ ਸਾਧਾਰਨ ਡਿਸਟਲਿਰੀ ਜਿਹੜੀ ਪ੍ਰਤੀ ਦਿਨ 40,000 ਲਿਟਰ ਸ਼ਰਾਬ ਬਣਾਉਂਦੀ ਹੈ, ਇਸ ਵਿਹੁਲੇ ਲਾਹਣ ਦੀ 4 ਤੋਂ 6 ਲੱਖ ਲਿਟਰ ਮਾਤਰਾ ਪੈਦਾ ਕਰ ਦਿੰਦੀ ਹੈ। ਇਹੀ ਹਾਲ ਕਾਗਜ਼ ਮਿੱਲਾਂ ਦਾ ਹੈ। ਵਾਤਾਵਰਨੀ ਸੁਰੱਖਿਅਤਾ ਨਿਯਮ ਇਸ ਰੋੜ੍ਹ ਨੂੰ ਪਾਣੀ ਵਿੱਚ ਰੋੜ੍ਹਨ ਲਈ 30 ਮਿਲੀਗ੍ਰਾਮ ਪ੍ਰਤੀ ਲਿਟਰ ਅਤੇ ਜ਼ਮੀਨੀ ਰੋੜ੍ਹ ਲਈ 100 ਮਿਲੀ ਗ੍ਰਾਮ ਪ੍ਰਤੀ ਲਿਟਰ ਦੀ ਆਗਿਆ ਦਿੰਦੀ ਹੈ, ਪਰ ਸਾਡੇ ਕਾਰਖਾਨੇ ਇਹ ਮਾਤਰਾ 50,000 ਮਿਲੀਗ੍ਰਾਮ ਪ੍ਰਤੀ ਲਿਟਰ ਨਾਲ ਡੋਲ੍ਹ ਰਹੇ ਹਨ। 'ਰਸਾਇਣੀ ਆਕਸੀਜਨ ਮੰਗ' ਦੀ ਆਗਿਆ 250 ਮਿਲੀਗ੍ਰਾਮ ਪ੍ਰਤੀ ਲਿਟਰ ਹੈ। ਪਤਾ ਇਨ੍ਹਾਂ ਦੀ ਰੋੜ੍ਹ ਦਰ ਕੀ ਹੈ? 85,000 ਮਿਲੀਗ੍ਰਾਮ ਪ੍ਰਤੀ ਲਿਟਰ। ...ਤੇ ਕਾਰਖਾਨੇ ਫਿਰ ਵੀ ਚੱਲ ਰਹੇ ਹਨ। ਸ਼ਹਿਰੀ ਨਿਕਾਸ ਅਤੇ ਕਾਗਜ਼ ਤੇ ਸ਼ਰਾਬ ਮਿੱਲਾਂ ਕਾਰਨ ਜਲ ਵਹਿਣਾਂ ਤੇ ਸੋਮਿਆਂ ਨੂੰ ਦੂਸ਼ਿਤ ਕਰਨ ਵਾਲੇ ਪਦਾਰਥਾਂ ਦੀ ਵਧਦੀ ਮਾਤਰਾ ਨਾਲ ਬਿਆਸ ਦਰਿਆ ਅਤੇ ਜੁੜਵੇਂ ਖੇਤਰਾਂ ਦਾ ਜਲ ਵੀ ਦੂਸ਼ਿਤ ਹੋ ਰਿਹਾ ਹੈ। ਇਹੋ ਹਾਲ ਆਉਂਦੇ ਕੁਝ ਵਰ੍ਹਿਆਂ ਤੱਕ ਭਾਰਤ ਦੀਆਂ ਸਾਰੀਆਂ ਨਦੀਆਂ ਦਾ ਹੋ ਜਾਵੇਗਾ।

ਜਾਪਾਨ ਦੀ ਮਿਨਾਮਾਤਾ ਖਾੜੀ ਨੇੜੇ ਮਛੇਰਿਆਂ ਦੀ ਨਿੱਕੀ ਜਿਹੀ ਬਸਤੀ ਸੀ। ਮਛੇਰਿਆਂ ਨੇ ਰੋਜ਼ ਵਾਂਗ ਇਸ ਖਾੜੀ ਵਿੱਚੋਂ ਮੱਛੀਆਂ ਫੜੀਆਂ ਤੇ ਮੰਡੀ ਵਿੱਚ ਵੇਚ ਦਿੱਤੀਆਂ। ਮੱਛੀ ਖਾਂਦੇ ਸਾਰ ਸੈਂਕੜੇ ਜਾਪਾਨੀ ਮਰਨ ਕਿਨਾਰੇ ਹੋ ਗਏ। ਜਦੋਂ ਬਾਕੀ ਮੱਛੀਆਂ ਦੇ ਢਿੱਡ ਪਾੜੇ ਗਏ ਤਾਂ ਲੋਕ ਭੈ-ਭੀਤ ਹੋ ਗਏ। ਮੱਛੀਆਂ ਵਿੱਚ ਉਹ ਜ਼ਹਿਰੀਲਾ ਪਾਰਾ ਸੀ, ਜਿਹੜਾ ਮਿਨਾਮਾਤਾ ਕੰਢੇ ਲੱਗੇ ਕਾਰਖਾਨਿਆਂ ਨੇ ਸਾਗਰ ਵਿੱਚ ਗੰਦਗੀ ਵਜੋਂ ਡੋਲ੍ਹਿਆ ਸੀ। ਚੌਗਿਰਦਾ ਮਾਹਿਰ ਡਾ. ਡੇਵਿਡ ਸੁਜ਼ੂਕੀ ਦਿਲਚਸਪ ਵਰਨਣ ਕਰਦੇ ਹਨ, "40ਵਿਆਂ ਵਿੱਚ ਜਦੋਂ ਅਜੇ ਉਹ ਜਵਾਨੀ ਵਿੱਚ ਪੈਰ ਧਰ ਰਹੇ ਸਨ ਤਾਂ 'ਨਤੇਰੀ' ਦੀ ਝੀਲ 'ਤੇ ਕੱਪ ਲੈ ਕੇ ਚਲੇ ਜਾਂਦੇ ਤੇ ਸਵੱਛ ਪਾਣੀ ਪੀ ਲਿਆ ਕਰਦੇ ਸਨ। ਇਹ ਝੀਲ ਆਸਟਰੇਲੀਆ ਵਿੱਚ ਹੈ। ਮੈਂ ਅਤੇ ਮੇਰੇ ਹਾਣੀ ਹੁਣ ਚੌਗਿਰਦਾ ਬਿਲਕੁਲ ਹੀ ਬਦਲਿਆ ਹੋਇਆ ਦੇਖਦੇ ਹਾਂ। ਹੁਣ ਇਸ ਝੀਲ ਕੰਢੇ ਚਿਤਾਵਨੀ ਬੋਰਡ ਲਾਏ ਹੋਏ ਹਨ।" ਸੁਜ਼ੂਕੀ ਨੇ ਚਿਤਾਵਨੀ ਦਿੱਤੀ ਹੈ, "ਪਹਿਲਾਂ ਇਹ ਆਖ ਕੇ ਖਹਿੜਾ ਛੁਡਾ ਲਿਆ ਜਾਂਦਾ ਸੀ ਕਿ ਤਰੱਕੀ ਵਾਸਤੇ ਇੰਨੀ ਕੁ ਕੀਮਤ ਤਾਂ ਤਾਰਨੀ ਹੀ ਪਵੇਗੀ, ਪਰ ਹੁਣ ਇਹ ਆਖਿਆ ਨਹੀਂ ਸਰਨਾ; ਜਲ ਪ੍ਰਦੂਸ਼ਣ ਰੋਕਣ ਲਈ ਲੋਕ ਲਹਿਰ ਵਿੱਢਣੀ ਪਵੇਗੀ, ਨਹੀਂ ਤਾਂ ਮਾਰੇ ਜਾਓਗੇ।"

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਧਰਤੀ ਦੇ ਸਮੂਹ ਜੀਵਾਂ ਲਈ ਬੇਹੱਦ ਅਹਿਮ ਹਨ ਮਹਾਂਸਾਗਰ

ਜਾਣਕਾਰੀ



ਅਸ਼ਵਨੀ ਚਤਰਥ
ਫੋਨ:+91-6284220595



ਪੁਲਾੜ ਤੋਂ ਵੇਖਣ 'ਤੇ ਧਰਤੀ ਨੀਲੇ ਰੰਗ ਦੇ ਗੋਲੇ ਦੀ ਤਰ੍ਹਾਂ ਦਿਸਦੀ ਹੈ, ਜਿਸ ਉਤੇ ਭੂਰੇ, ਚਿੱਟੇ, ਹਰੇ ਅਤੇ ਪੀਲੇ ਰੰਗ ਦੇ ਧੱਬੇ ਬਣੇ ਹੋਏ ਨਜ਼ਰ ਆਉਂਦੇ ਹਨ। ਹਰਾ ਰੰਗ ਜੰਗਲਾਂ ਕਾਰਨ, ਚਿੱਟਾ ਰੰਗ ਬਰਫ਼ ਦੇ ਪਹਾੜਾਂ ਕਾਰਨ, ਪੀਲਾ ਅਤੇ ਭੂਰਾ ਰੰਗ ਜ਼ਮੀਨ ਤੇ ਪਹਾੜਾਂ ਕਾਰਨ ਅਤੇ ਨੀਲਾ ਰੰਗ ਧਰਤੀ ਦੇ ਵੱਖ-ਵੱਖ ਮਹਾਂਸਾਗਰਾਂ (Oceans) ਕਰਕੇ ਨਜ਼ਰ ਆਉਂਦਾ ਹੈ। ਧਰਤੀ ਦੇ ਕੁੱਲ ਰਕਬੇ ਦੇ ਦੋ-ਤਿਹਾਈ (71 ਫ਼ੀਸਦ) ਹਿੱਸੇ ਉੱਤੇ ਮਹਾਂਸਾਗਰ ਹੀ ਹਨ। ਧਰਤੀ ਦੇ ਕੁੱਲ ਪਾਣੀ ਦਾ 97 ਫ਼ੀਸਦ ਹਿੱਸਾ ਮਹਾਂਸਾਗਰਾਂ ਵਿੱਚ ਹੀ ਹੈ। ਖਣਿਜ ਪਦਾਰਥ ਘੁਲੇ ਹੋਣ ਕਰਕੇ ਇਹ ਪਾਣੀ ਖਾਰਾ ਭਾਵ ਲੂਣਾ ਹੈ ਅਤੇ ਮਨੁੱਖੀ ਆਬਾਦੀ ਦੇ ਪੀਣ ਯੋਗ ਨਹੀਂ ਹੈ। ਮਹਾਂਸਾਗਰਾਂ ਦੀ ਹੇਠਲੀ ਤਹਿ ਉੱਤੇ ਪਏ ਰੇਤ, ਚਿੱਕੜ ਅਤੇ ਪਥਰੀਲੇ ਕਣ ਧਰਤੀ ਦੀਆਂ ਵੱਖ-ਵੱਖ ਕੁਦਰਤੀ ਗਤੀਵਿਧੀਆਂ ਜਿਵੇਂ ਜਵਾਲਾਮੁਖੀਆਂ ਦੇ ਫੁੱਟਣ, ਜ਼ਮੀਨੀ ਮਿੱਟੀ ਦੀ ਹੁੰਦੀ ਭੌਂ-ਖੋਰ ਅਤੇ ਪਹਾੜਾਂ ਦੇ ਟੁੱਟਣ ਕਾਰਨ ਪੈਦਾ ਹੋਏ ਕਣਾਂ ਦੇ ਦਰਿਆਈ ਪਾਣੀਆਂ ਨਾਲ ਵਹਿ ਕੇ ਸਮੁੰਦਰਾਂ ਵਿੱਚ ਆ ਕੇ ਮਿਲਣ ਨਾਲ ਬਣਦੇ ਹਨ। ਮਹਾਂਸਾਗਰਾਂ ਦਾ ਕੁੱਲ ਖੇਤਰਫਲ 36 ਕਰੋੜ ਵਰਗ ਕਿਲੋਮੀਟਰ ਦੇ ਕਰੀਬ ਹੈ, ਜੋ ਆਪਣੇ ਅੰਦਰ 1.35 ਅਰਬ ਘਣ ਕਿਲੋਮੀਟਰ ਆਇਤਨ ਦੇ ਬਰਾਬਰ ਪਾਣੀ ਨੂੰ ਸਮੋਈ ਬੈਠੇ ਹਨ। ਮਹਾਂਸਾਗਰਾਂ ਦੀ ਔਸਤ ਗਹਿਰਾਈ 3688 ਮੀਟਰ ਹੈ, ਜਦਕਿ ਮਾਰੀਆਨਾ ਟਾਪੂ ਨੇੜੇ ਮਾਰੀਆਨਾ ਖੱਡ ਸਮੁੰਦਰ ਦੀ ਸਭ ਤੋਂ ਡੂੰਘੀ ਜਗ੍ਹਾ ਹੈ, ਜਿਸ ਦੀ ਡੂੰਘਾਈ 10,994 ਮੀਟਰ ਹੈ।

ਮਹਾਂਸਾਗਰਾਂ ਨੂੰ ਪੰਜ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਜੋ ਕਿ ਖੇਤਰਫਲ ਦੇ ਘੱਟਦੀ ਤਰਤੀਬ ਵਿੱਚ ਇੰਝ ਹਨ: ਪ੍ਰਸ਼ਾਂਤ ਮਹਾਂਸਾਗਰ (ਸਭ ਤੋਂ ਵੱਡਾ), ਅਟਲਾਂਟਿਕ (ਅੰਧ ਮਹਾਂਸਾਗਰ), ਭਾਰਤੀ ਮਹਾਂਸਾਗਰ, ਅੰਟਾਰਕਟਿਕ (ਦੱਖਣੀ) ਮਹਾਂਸਾਗਰ ਅਤੇ ਆਰਕਟਿਕ ਮਹਾਂਸਾਗਰ (ਸਭ ਤੋਂ ਛੋਟਾ)। ਵਿਗਿਆਨੀਆਂ ਦਾ ਖ਼ਿਆਲ ਹੈ ਕਿ ਮਹਾਂਸਾਗਰਾਂ ਵਿੱਚ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਮੌਜੂਦ ਹਨ। ਸਮੁੰਦਰ ਇਨ੍ਹਾਂ ਜੀਵ-ਜੰਤੂਆਂ ਦੇ ਕੁਦਰਤੀ ਘਰ ਹਨ, ਜਿੱਥੇ ਇਹ ਜੀਵ ਆਪਣੇ ਜੀਵਨ ਦੀਆਂ ਸਾਰੀਆਂ ਕੁਦਰਤੀ ਗਤੀਵਿਧੀਆਂ ਨੂੰ ਨੇਪਰੇ ਚੜ੍ਹਾਉਂਦੇ ਹਨ। ਵਿਗਿਆਨੀ ਅੱਗੇ ਦੱਸਦੇ ਹਨ ਕਿ ਉਹ ਹੁਣ ਤੱਕ ਇਸ ਸਮੁੰਦਰੀ ਖ਼ਜ਼ਾਨੇ ਦਾ ਸਿਰਫ਼ ਪੰਜਵਾਂ ਹਿੱਸਾ ਹੀ ਲੱਭ ਸਕੇ ਹਨ। ਸਮੁੰਦਰਾਂ ਵਿੱਚ ਮਿਲਦੀ ਬਨਸਪਤੀ ਵਿੱਚ ਅਨੇਕਾਂ ਤਰ੍ਹਾਂ ਦੀਆਂ ਕਾਈਆਂ (Algae) ਜਿਵੇਂ ਲਾਲ, ਭੂਰੀ, ਪੀਲੀ ਅਤੇ ਹਰੀ ਕਾਈਆਂ ਤੋਂ ਇਲਾਵਾ ਸਮੁੰਦਰੀ ਉੱਲੀ, ਸਮੁੰਦਰੀ ਘਾਹ ਅਤੇ ਨੀਲੇ ਹਰੇ ਰੰਗ ਦੇ ਸਾਈਨੋ ਬੈਕਟੀਰੀਆ ਆਦਿ ਮੌਜੂਦ ਹਨ। ਇਹ ਸਾਰੀ ਬਨਸਪਤੀਆਂ ਸਮੁੰਦਰ ਦੇ ਉਪਰਲੇ ਤਲ ਤੋਂ ਸਿਰਫ਼ 200 ਮੀਟਰ ਦੀ ਡੂੰਘਾਈ ਤੱਕ ਹੀ ਮਿਲਦੀਆਂ ਹਨ। ਇਨ੍ਹਾਂ ਬਨਸਪਤੀਆਂ ਦੁਆਰਾ ਤਿਆਰ ਕੀਤਾ ਗਿਆ ਭੋਜਨ ਹੀ ਸਮੁੱਚੇ ਸਮੁੰਦਰਾਂ ਦੇ ਸਾਰੇ ਜੀਵਾਂ ਲਈ ਖ਼ੁਰਾਕ ਦਾ ਕੰਮ ਕਰਦਾ ਹੈ। ਮਹਾਂਸਾਗਰਾਂ ਵਿੱਚ ਮਿਲਦੇ ਜੰਤੂਆਂ ਵਿੱਚ ਡੌਲਫ਼ਿਨ, ਵੇਲ੍ਹ, ਸ਼ਾਰਕ, ਜੈਲੀ ਮੱਛੀ, ਸਮੁੰਦਰੀ ਸ਼ੇਰ, ਕੈਲਪ, ਕਛੂਕੁੰਮੇ, ਮੂੰਗੇ, ਧਰੁਵੀ ਰਿੱਛ, ਨੀਲੀ ਵੇਲ੍ਹ ਆਦਿ ਸ਼ਾਮਿਲ ਹਨ। ਅਣਗਿਣਤ ਬਨਸਪਤੀਆਂ ਅਤੇ ਜੰਤੂਆਂ ਨੂੰ ਆਪਣੇ ਅੰਦਰ ਧਾਰਨ ਕਰੀ ਬੈਠੇ ਸਮੁੰਦਰ ਧਰਤੀ ਉਪਰ ਵੱਸਦੇ ਜੀਵਾਂ ਲਈ ਫੇਫੜਿਆਂ ਦੀ ਨਿਆਈਂ ਹਨ, ਕਿਉਂਕਿ ਵਾਯੂਮੰਡਲ ਵਿਚਲੀ ਕੁੱਲ ਆਕਸੀਜਨ ਦਾ ਤਕਰੀਬਨ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਆਉਂਦਾ ਹੈ। ਇਸ ਆਕਸੀਜਨ ਨਾਲ ਹੀ ਅਸੀਂ ਸਾਰੇ ਸਾਹ ਲੈਂਦੇ ਹਾਂ। ਇਸ ਲਈ ਸਮੂਹ ਜੀਵਾਂ ਦੀਆਂ ਸਾਹ ਕ੍ਰਿਆਵਾਂ ਜਾਰੀ ਰੱਖਣ ਲਈ ਸਮੁੰਦਰਾਂ ਨੂੰ ਸੁਰੱਖਿਅਤ ਬਚਾਅ ਕੇ ਰੱਖਣਾ ਬੇਹੱਦ ਲਾਜ਼ਮੀ ਹੈ।

ਇਸ ਤੋਂ ਇਲਾਵਾ ਮਨੁੱਖ ਦੁਆਰਾ ਵੱਖ-ਵੱਖ ਕ੍ਰਿਆਵਾਂ ਰਾਹੀਂ ਛੱਡੀ ਗਈ ਕਾਰਬਨ ਡਾਈਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖ ਲੈਂਦੇ ਹਨ। ਅਜਿਹਾ ਕਰਦਿਆਂ ਸਮੁੰਦਰ ਹਵਾ ਨੂੰ ਸ਼ੁੱਧ ਵੀ ਕਰਦੇ ਹਨ ਅਤੇ ਹਵਾ ਵਿਚਲੀ ਆਕਸੀਜਨ ਅਤੇ ਕਾਰਬਨ ਡਾਈਆਕਸਾਈਡ ਦੀ ਮਾਤਰਾ ਦਾ ਸੰਤੁਲਨ ਬਣਾਈ ਰੱਖਦੇ ਹਨ। ਸਮੁੰਦਰਾਂ ਦਾ ਪਾਣੀ ਸੂਰਜ ਦੀ ਗਰਮੀ ਆਪਣੇ ਅੰਦਰ ਸੋਖ ਕੇ ਆਲਮੀ ਤਪਸ਼ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਸਮੁੰਦਰ ਗਰਮੀਆਂ ਵਿੱਚ ਧਰਤੀ ਦੀ ਗਰਮੀ ਸੋਖ ਕੇ ਠੰਡਕ ਪੈਦਾ ਕਰਦੇ ਹਨ ਅਤੇ ਸਰਦੀਆਂ ਵਿੱਚ ਧਰਤੀ ਨੂੰ ਗਰਮਾਹਟ ਦੇ ਕੇ ਉਸਦੇ ਵਾਤਾਵਰਨ ਨੂੰ ਨਿੱਘਾ ਕਰਦੇ ਹਨ। ਇਸ ਤਰ੍ਹਾਂ ਇਹ ਗਰਮੀਆਂ ਵਿੱਚ ਕੂਲਰ ਅਤੇ ਸਰਦੀਆਂ ਵਿੱਚ ਹੀਟਰ ਦਾ ਕੰਮ ਕਰਦੇ ਹਨ। ਮਹਾਂਸਾਗਰਾਂ ਤੋਂ ਚੱਲਦੀਆਂ ਪਾਣੀ ਨਾਲ ਭਰੀਆਂ ਹਵਾਵਾਂ ਵਿਸ਼ਵ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਮੀਂਹ ਵਰਸਾਉਣ ਦਾ ਕੰਮ ਕਰਦੀਆਂ ਹਨ, ਜਿਸ ਨਾਲ ਫ਼ਸਲਾਂ ਦੀ ਸਿੰਚਾਈ ਕਰਨ ਦੇ ਨਾਲ-ਨਾਲ ਧਰਤੀ ਹੇਠਲੇ ਬੇਸ਼ਕੀਮਤੀ ਜ਼ਮੀਨੀ ਪਾਣੀ ਦੇ ਪੱਧਰ ਨੂੰ ਕਾਇਮ ਰੱਖਣ ਵਿੱਚ ਮਦਦ ਮਿਲਦੀ ਹੈ। ਇਹ ਪਾਣੀ ਧਰਤੀ ਦੇ ਜੀਵਾਂ ਲਈ ਪੀਣ ਦੇ ਕੰਮ ਆਉਂਦਾ ਹੈ ਅਤੇ ਪ੍ਰਿਥਵੀ ਉੱਤੇ ਜੀਵਨ ਦਾ ਆਧਾਰ ਵੀ ਹੈ। ਮੌਨਸੂਨ ਪੌਣਾਂ ਭਾਰਤ ਸਮੇਤ ਏਸ਼ੀਆ ਦੇ ਵੱਡੇ ਖਿੱਤੇ ਵਿੱਚ ਮੀਂਹ ਵਰਸਾ ਕੇ ਇਨ੍ਹਾਂ ਇਲਾਕਿਆਂ ਵਿੱਚ ਖੇਤੀ ਪ੍ਰਫੁਲਿਤ ਕਰਦੀਆਂ ਹਨ, ਜਿਸ ਨਾਲ ਇਨ੍ਹਾਂ ਮੁਲਕਾਂ ਦੀ ਭੋਜਨ ਦੀ ਸਮੱਸਿਆ ਵੀ ਹੱਲ ਹੁੰਦੀ ਹੈ ਅਤੇ ਅਰਥਚਾਰੇ ਨੂੰ ਵੀ ਬਲ ਮਿਲਦਾ ਹੈ। ਇਹ ਪੌਣਾਂ ਏਸ਼ੀਆਈ ਖਿੱਤੇ ਤੇ ਰਹਿੰਦੇ ਲੋਕਾਂ ਲਈ ਬਹੁਪੱਖੀ ਫ਼ਾਇਦੇਮੰਦ ਹਨ।

ਸਮੁੰਦਰ ਕੰਢੇ ਵੱਸਦੇ ਲੋਕਾਂ ਦੇ ਤਕਰੀਬਨ ਤੀਜੇ ਹਿੱਸਾ ਦਾ ਜੀਵਨ ਨਿਰਬਾਹ ਇਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ। ਇਨ੍ਹਾਂ ਲੋਕਾਂ ਲਈ ਸਮੁੰਦਰ ਜਿੱਥੇ ਭੋਜਨ ਪਦਾਰਥਾਂ ਦਾ ਸਰੋਤ ਹਨ, ਉੱਥੇ ਹੀ ਨਮਕ, ਖਣਿਜ, ਰੇਤ, ਬਜਰੀ, ਮੱਛੀ, ਮੋਤੀ, ਮੂੰਗੇ, ਦਵਾਈਆਂ ਅਤੇ ਸਮੁੰਦਰੀ ਘਾਹ ਆਦਿ ਵਸਤਾਂ ਉਨ੍ਹਾਂ ਲਈ ਰੁਜ਼ਗਾਰ ਦਾ ਸਾਧਨ ਵੀ ਬਣਦੀਆਂ ਹਨ। ਉਕਤ ਤੋਂ ਇਲਾਵਾ ਸੈਰ ਸਪਾਟਾ ਅਤੇ ਊਰਜਾ ਦੇ ਸਾਧਨ ਪ੍ਰਾਪਤ ਕਰਕੇ ਇਨ੍ਹਾਂ ਲੋਕਾਂ ਦੁਆਰਾ ਹਰ ਸਾਲ ਤੀਹ ਖਰਬ ਡਾਲਰ ਦੇ ਕਰੀਬ ਆਮਦਨ ਵੀ ਕਮਾਈ ਜਾਂਦੀ ਹੈ।

ਮਹਾਂਸਾਗਰਾਂ ਸਬੰਧੀ ਕੁਝ ਦਿਲਚਸਪ ਗੱਲਾਂ ਜਾਣਨਾ ਜ਼ਰੂਰੀ ਹੈ, ਜਿਵੇਂ ਧਰਤੀ ਦੇ 90 ਫ਼ੀਸਦ ਜਵਾਲਾਮੁਖੀ ਸਮੁੰਦਰ ਵਿੱਚ ਹੀ ਆਉਂਦੇ ਹਨ। ਸਮੁੰਦਰ ਵਿੱਚ ਉੱਪਰੀ ਤਲ ਤੋਂ 330 ਫੁੱਟ ਡੂੰਘੇ ਪਾਣੀ ਤੱਕ ਹੀ ਰੋਸ਼ਨੀ ਹੈ ਅਤੇ ਇਸ ਤੋਂ ਥੱਲੇ ਹਨੇਰਾ ਹੀ ਹੈ। ਸਮੁੰਦਰ ਵਿੱਚ ਤਕਰੀਬਨ 20 ਮਿਲੀਅਨ ਟਨ ਸੋਨਾ ਪਾਣੀ ਵਿੱਚ ਘੁਲਿਆ ਹੋਇਆ ਪਿਆ ਹੈ। ਅਮਰੀਕਾ ਦੀ ਇੱਕ ਖੋਜ ਏਜੰਸੀ ਅਨੁਸਾਰ ਧਰਤੀ ਗ੍ਰਹਿ ਦੇ ਜੀਵਾਂ ਦੀ ਕੁੱਲ ਆਬਾਦੀ ਦਾ 94 ਫ਼ੀਸਦ ਹਿੱਸਾ ਮਹਾਂਸਾਗਰਾਂ ਵਿੱਚ ਹੀ ਹੈ। ਵਿਗਿਆਨੀਆਂ ਦੀ 2002 ਦੀ ਇੱਕ ਖੋਜ ਵਿੱਚ ਪਤਾ ਲੱਗਾ ਹੈ ਕਿ ਕੈਲੀਫੋਰਨੀਆ ਨੇੜੇ ਪ੍ਰਸ਼ਾਂਤ ਮਹਾਂਸਾਗਰ ਵਿੱਚ 'ਵਾਈਟ ਸ਼ਾਰਕ ਕੈਫੇ' ਨਾਂ ਦੀ ਜਗ੍ਹਾ ਉੱਤੇ ਚਿੱਟੇ ਰੰਗ ਦੀਆਂ ਸ਼ਾਰਕਾਂ ਸਰਦ ਰੁੱਤ ਦੀਆਂ ਛੁੱਟੀਆਂ ਮਨਾਉਣ ਚਲੀਆਂ ਜਾਂਦੀਆਂ ਹਨ। ਸਮੁੰਦਰ ਵਿੱਚ 'ਮਿੱਡ ਓਸ਼ਨਿਕ ਰਿਜ' ਨਾਂ ਦੀ ਪਹਾੜੀ ਦੀ ਲੰਬਾਈ 40,390 ਮੀਲ ਹੈ, ਜੋ ਕਿ ਧਰਤੀ ਦੀ ਸਭ ਤੋਂ ਵੱਡੀ ਪਹਾੜੀ ਤੋਂ ਕਿਤੇ ਜ਼ਿਆਦਾ ਲੰਮੀ ਹੈ।

17 ਜਨਵਰੀ 1966 ਵਾਲੇ ਦਿਨ ਇੱਕ ਦੁਰਘਟਨਾ ਕਾਰਨ ਅਮਰੀਕਾ ਦਾ ਹਾਈਡ੍ਰੋਜਨ ਬੰਬ ਭੂ-ਮੱਧ ਸਾਗਰ ਵਿੱਚ ਡਿੱਗ ਪਿਆ, ਜੋ ਕਿ ਗੋਤਾ ਖੋਰਾਂ ਦੀ ਢਾਈ ਮਹੀਨਿਆਂ ਦੀ ਮਿਹਨਤ ਨਾਲ ਲੱਭਿਆ ਜਾ ਸਕਿਆ ਸੀ। ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਹੀ ਵੇਖੀਆਂ ਗਈਆਂ ਹਨ। ਮਹਾਂਸਾਗਰਾਂ ਨਾਲ ਸਬੰਧਿਤ ਕੁਝ ਮੁੱਦੇ ਵੀ ਹਨ, ਜਿਨ੍ਹਾਂ ਵੱਲ ਫੌਰੀ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ। ਵਾਯੂ-ਮੰਡਲ ਦੀ ਓਜ਼ੋਨ ਪਰਤ ਵਿੱਚ ਪੈਦਾ ਹੋਏ ਓਜ਼ੋਨ ਛੇਕ ਕਾਰਨ ਧਰਤੀ 'ਤੇ ਪਹੁੰਚ ਰਹੀਆਂ ਸੂਰਜ ਦੀਆਂ ਪਰਾ-ਬੈਂਗਣੀ ਕਿਰਨਾਂ ਕਰਕੇ ਸਮੁੰਦਰਾਂ ਵਿਚਲੇ ਅਣਗਿਣਤ ਜੀਵ ਮਰ ਚੁੱਕੇ ਹਨ, ਜਿਸ ਕਰਕੇ ਮਹਾਂਸਾਗਰਾਂ ਤੋਂ ਪ੍ਰਾਪਤ ਹੁੰਦੇ ਸਮੁੰਦਰੀ ਭੋਜਨ ਦਾ 15 ਫ਼ੀਸਦ ਹਿੱਸਾ ਘਟ ਚੁਕਾ ਹੈ। ਕਈ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਦਾ ਤਾਂ ਹੁਣ ਤੱਕ ਵੰਸ਼ ਨਾਸ ਹੀ ਕਰ ਛੱਡਿਆ ਹੈ। ਸਮੁੰਦਰਾਂ 'ਚੋਂ ਜਿੰਨੀਆਂ ਮੱਛੀਆਂ ਫੜਨ ਦੀ ਇਜਾਜ਼ਤ ਹੈ, ਉਸ ਤੋਂ 5 ਗੁਣਾਂ ਮੱਛੀਆਂ ਗ਼ੈਰ-ਮਨਜ਼ੂਰਸ਼ੁਦਾ ਤਰੀਕੇ ਨਾਲ ਫੜ ਲਈਆਂ ਜਾਂਦੀਆਂ ਹਨ। ਅਜਿਹਾ ਕਰਨ ਨਾਲ ਸਮੁੰਦਰੀ ਜਲ-ਜੀਵਨ ਦਾ ਭਵਿੱਖ ਖ਼ਤਰੇ ਵਿੱਚ ਪੈ ਰਿਹਾ ਹੈ। ਸਮਝਣ ਦੀ ਲੋੜ ਹੈ ਕਿ ਰੋਜ਼ਾਨਾ ਹੀ ਲੱਖਾਂ-ਕਰੋੜਾਂ ਪੰਛੀ-ਪੰਖੇਰੂ ਸਮੁੰਦਰੀ ਜੀਵਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇੰਜ ਸਮੁੰਦਰੀ ਜੀਵਾਂ ਦੇ ਘਟਣ ਨਾਲ ਕੁਦਰਤੀ ਭੋਜਨ-ਜਾਲ ਤੇ ਕੁਦਰਤੀ ਸੰਤੁਲਨ ਖ਼ਤਰੇ ਵਿੱਚ ਪੈ ਜਾਂਦੇ ਹਨ। ਇਸ ਲਈ ਲੋੜ ਹੈ, ਸਮਾਂ ਰਹਿੰਦੇ ਗ਼ੈਰ-ਕਾਨੂੰਨੀ ਢੰਗ ਨਾਲ ਮੱਛੀ ਫੜਨ ਨੂੰ ਠੱਲ੍ਹ ਪਾਉਣ ਦੀ।

# ਕੈਨੇਡਾ ਨੂੰ ਅਮਰੀਕਾ ਅਧੀਨ ਕਰਨ ਦੀ ਲਲਕ ਵਾਲੀ ਚੁਟਕੀ

ਦਰਬਾਰਾ ਸਿੰਘ ਕਾਹਲੋਂ

ਕੈਨੇਡਾ ਖੇਤਰਫਲ ਪੱਖੋਂ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਨੰਬਰ ਇੱਕ ਰੂਸ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ, ਜੋ 20 ਜਨਵਰੀ 2025 ਨੂੰ ਮੁਲਕ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਰਹੇ ਹਨ, ਆਪਣੀਆਂ ਰਾਜਨੀਤਕ, ਡਿਪਲੋਮੈਟਿਕ ਅਤੇ ਹੋਰ ਬੇਤੁਕੀਆਂ ਮਾਰਨ ਲਈ ਮਸ਼ਹੂਰ ਹਨ। ਇਹ ਸੱਚ ਹੈ ਕਿ ਅਮਰੀਕਾ ਆਪਣੇ ਦੋ ਗੁਆਂਢੀ ਮੁਲਕਾਂ- ਉੱਤਰ ਵਿੱਚ ਕੈਨੇਡਾ ਅਤੇ ਦੱਖਣ ਵਿੱਚ ਮੈਕਸਿਕੋ ਦੀਆਂ ਸਰਹੱਦਾਂ ਰਾਹੀਂ 70 ਦੇਸ਼ਾਂ ਦੇ ਹਜ਼ਾਰਾਂ ਗੈਰ-ਕਾਨੂੰਨੀ ਪਰਵਾਸੀ ਘੁਸਣ ਅਤੇ ਮਾਰੂ ਨਸ਼ੀਲੇ ਪਦਾਰਥਾਂ ਦੇ ਪੁੱਜਣ ਤੋਂ ਬੇਜ਼ਾਰ ਹੈ। ਕੈਨੇਡਾ ਤੋਂ ਇਸ ਸਾਲ 19,000 ਪਰਵਾਸੀ ਘੁਸੇ।

ਟਰੰਪ ਇਹ ਘੁਸਪੈਠ ਅਤੇ ਸਪਲਾਈ ਬੰਦ ਕਰਨਾ ਚਾਹੁੰਦੇ ਹਨ। ਉਹ ਸਰਹੱਦਾਂ 'ਤੇ ਚੌਕਸੀ ਮਜ਼ਬੂਤ ਕਰਨ ਲਈ ਕਹਿ ਰਹੇ ਹਨ। ਵਿਸ਼ਵੀਕਰਨ, ਕਾਰਪੋਰੇਟ ਸਰਦਾਰੀ ਦੇ ਇਸ ਦੌਰ ਵਿੱਚ ਜਦੋਂ ਵੱਡੇ ਮਗਰਮੱਛ ਛੋਟੇ ਨੂੰ ਨਿਗਲਣ ਲਈ ਕਾਹਲੇ ਹਨ, ਤਾਂ ਟਰੰਪ ਨੇ ਕੈਨੇਡਾ ਅਤੇ ਮੈਕਸਿਕੋ ਨੂੰ ਧਮਕੀ ਦਿੱਤੀ ਹੈ ਕਿ ਜੇ ਇਨ੍ਹਾਂ ਦੋਹਾਂ ਦੇਸ਼ਾਂ ਨੇ ਆਪਣੀਆਂ ਸਰਹੱਦਾਂ ਰਾਹੀਂ ਗੈਰ-ਕਾਨੂੰਨੀ ਪਰਵਾਸੀ ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨਾ ਰੋਕੀ ਤਾਂ ਉਹ ਉਨ੍ਹਾਂ ਦੇਸ਼ਾਂ ਵੱਲੋਂ ਕੀਤੀਆਂ ਜਾਂਦੀਆਂ ਸਭ ਬਰਾਮਦ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ; ਭਾਵ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਦੇਵੇਗਾ।

ਦਰਅਸਲ ਕੈਨੇਡਾ 75 ਪ੍ਰਤੀਸ਼ਤ ਬਰਾਮਦ ਅਮਰੀਕਾ ਨੂੰ ਕਰਦਾ ਹੈ। ਕੈਨੇਡਾ ਦੀ ਕੁੱਲ ਸਾਲਾਨਾ ਬਰਾਮਦ ਇੱਕ ਟ੍ਰਿਲੀਅਨ ਡਾਲਰ ਦੀ ਹੁੰਦੀ ਹੈ। ਕੈਨੇਡਾ ਦਾ ਵੱਡੇ ਪੱਧਰ 'ਤੇ ਵਪਾਰ, ਕਾਰੋਬਾਰ, ਰੁਜ਼ਗਾਰ ਅਤੇ ਆਰਥਿਕਤਾ ਦਾ ਸੋਮਾ ਇਸ ਵੇਲੇ ਅਮਰੀਕਾ ਹੈ। ਦੋਹਾਂ ਦੇਸ਼ਾਂ ਦੇ ਲੋਕ ਵਿਆਹ ਸ਼ਾਦੀਆਂ ਅਤੇ ਕਾਰੋਬਾਰ ਕਰ ਕੇ ਇੱਕ ਦੂਸਰੇ 'ਤੇ ਨਿਰਭਰ ਕਰਦੇ ਹਨ। ਫਲੋਰੀਡਾ ਵਿੱਚ ਟਰੰਪ ਦੇ ਘਰ ਖਾਣੇ ਦੇ ਮੇਜ਼ 'ਤੇ ਜਦੋਂ ਜਸਟਿਨ ਟਰੂਡੋ ਨੇ ਕਿਹਾ ਕਿ ਜੇ ਤੁਸੀਂ ਸਾਡੇ ਬਰਾਮਦ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਦੇਵੋਗੇ ਤਾਂ ਇਸ ਨਾਲ ਕੈਨੇਡੀਅਨ ਆਰਥਿਕਤਾ ਬਰਬਾਦ ਹੋ ਜਾਵੇਗੀ। ਇਸ 'ਤੇ ਟਰੰਪ ਨੇ ਜਵਾਬ ਵਿੱਚ ਸੁਝਾਅ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣ ਜਾਣਾ ਚਾਹੀਦਾ ਹੈ। ਟਰੰਪ ਚੁਟਕੀ ਲੈਣੋਂ ਇੱਥੇ ਹੀ ਬੰਦ ਨਹੀਂ ਹੋਇਆ, ਉਸ ਨੇ ਟਰੂਡੋ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਚੰਗਾ ਰੁਤਬਾ ਹੈ, ਫਿਰ ਵੀ ਉਹ 51ਵੇਂ ਸੂਬੇ ਦਾ ਗਵਰਨਰ ਬਣ ਸਕਦਾ ਹੈ। ਟਰੰਪ ਨੇ ਇਹੀ ਗੱਲ ਕੁਝ ਦਿਨ ਬਾਅਦ ਦੁਹਰਾਈ ਵੀ।

ਅਮਰੀਕਾ ਦੀ ਕੈਨੇਡਾ ਨੂੰ ਹਥਿਆਉਣ ਦੀ ਲਲਕ ਪੁਰਾਣੀ ਹੈ। ਜਦੋਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਤੋਂ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਕੀਤਾ ਤਾਂ ਅਮਰੀਕੀ ਕਾਂਟੀਨੈਂਟਲ ਕਾਂਗਰਸ ਨੇ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। 1812 ਵਿੱਚ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਉਸ ਦੀ ਕੈਨੇਡੀਅਨ ਬਸਤੀ 'ਤੇ ਹਮਲਾ ਕੀਤਾ, ਪਰ ਮੂੰਹ ਦੀ ਖਾਧੀ ਅਤੇ ਸਮਝੌਤਾ ਕਰ ਲਿਆ। ਵੈਸੇ ਜਿਵੇਂ ਪਾਕਿਸਤਾਨੀ ਸ਼ਾਸਕ ਜਨਰਲ ਅਯੂਬ ਨੂੰ ਭਾਰਤ 'ਤੇ 1965 ਦੇ ਹਮਲੇ ਵੇਲੇ ਭਰਮ ਸੀ ਕਿ ਉਹ ਟਹਿਲਦੇ-ਟਹਿਲਦੇ ਦਿੱਲੀ ਪੁੱਜ ਜਾਣਗੇ, ਵਾਂਗ ਅਮਰੀਕੀ ਰਾਸ਼ਟਰਪਤੀ ਮੈਡੀਸਨ ਨੂੰ ਵੀ ਭਰਮ ਸੀ ਕਿ ਉਹ ਕੁਝ ਦਿਨਾਂ ਵਿੱਚ ਕੈਨੇਡਾ 'ਤੇ ਕਬਜ਼ਾ ਕਰ ਲਵੇਗਾ।

ਕੈਨੇਡੀਅਨ ਇਤਿਹਾਸ ਵਿੱਚ 1988 ਦੀਆਂ ਫੈਡਰਲ ਚੋਣਾਂ ਦਾ ਦਿਲਚਸਪ ਕਿੱਸਾ ਸਾਹਮਣੇ ਆਉਂਦਾ ਹੈ, ਜਦੋਂ ਤਤਕਾਲੀ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਬ੍ਰਾਈਨ ਮੁਲਰੋਨੀ



ਵੱਲੋਂ ਅਮਰੀਕਾ ਨਾਲ ਖੁੱਲ੍ਹਾ ਵਪਾਰ ਸੰਧੀ ਦੇ ਮੁੱਦੇ 'ਤੇ ਚੋਣਾਂ ਲੜਨ ਸਮੇਂ ਲਿਬਰਲ ਪਾਰਟੀ ਆਗੂ ਜੌਹਨ ਟਰਨਰ ਵੱਲੋਂ ਕੈਨੇਡਾ ਨੂੰ ਅਮਰੀਕਾ ਕੋਲ ਵੇਚੇ ਜਾਣ ਦਾ ਦੋਸ਼ ਲਗਾਇਆ ਸੀ। ਇਹ ਦੋਸ਼ ਇੰਨਾ ਸੰਜੀਦਾ ਸੀ ਕਿ 25 ਅਕਤੂਬਰ 1988 ਨੂੰ ਦੋਹਾਂ ਦਰਮਿਅਨ ਕੌਮੀ ਬਹਿਸ ਬਾਅਦ ਜੋ ਲਿਬਰਲ ਤੀਸਰੇ ਨੰਬਰ 'ਤੇ ਸਨ, ਨੂੰ 48 ਘੰਟੇ ਵਿੱਚ 75 ਪ੍ਰਤੀਸ਼ਤ ਕੈਨੇਡੀਅਨ ਵੋਟਰਾਂ ਦੀ ਹਮਾਇਤ ਹਾਸਿਲ ਹੋ ਗਈ ਸੀ।

ਜੌਹਨ ਟਰਨਰ ਨੇ ਬਹਿਸ ਦੌਰਾਨ ਪ੍ਰਧਾਨ ਮੰਤਰੀ ਵੱਲ ਉਂਗਲ ਕਰਦੇ ਹੋਏ ਦੋਸ਼ ਲਾਏ ਕਿ ਤੁਸਾਂ ਸਾਡੀ ਐਨਰਜੀ ਵੇਚ ਦਿੱਤੀ, ਤੁਸਾਂ ਸਾਡਾ ਨਿਵੇਸ਼ ਵੇਚ ਦਿੱਤਾ ਹੈ, ਤੁਸੀਂ ਸਾਡਾ ਸਪਲਾਈ ਪ੍ਰਬੰਧ ਅਤੇ ਖੇਤੀ ਵੇਚ ਦਿੱਤੀ ਹੈ; ਹਜ਼ਾਰਾਂ ਕਾਮੇ ਵਿਹਲੇ ਕਰ ਕੇ ਰੱਖ ਦਿੱਤੇ ਹਨ। ਤੁਸਾਂ ਸਾਨੂੰ (ਕੈਨੇਡੀਅਨਾਂ ਨੂੰ) ਵੇਚ ਦਿੱਤਾ ਹੈ। ਇਸ ਦੇਸ਼ ਦੀ ਆਜ਼ਾਦ ਹੋਂਦ ਗੁਆ ਦਿੱਤੀ ਹੈ ਤੇ ਚੋਣਾਂ ਦਾ ਮੁੱਖ ਮੁੱਦਾ ਇਹੀ ਹੈ। ਅਸਾਂ ਦੇਸ਼ ਦਾ ਪੂਰਬ, ਪੱਛਮ, ਉੱਤਰ ਵਿੱਚ ਨਿਰਮਾਣ ਕੀਤਾ। ਇਸ ਦਾ ਮੂਲ ਢਾਂਚਾ ਖੜ੍ਹਾ ਕੀਤਾ। ਅਮਰੀਕੀ ਦਬਾਅ ਝੱਲਿਆ। ਅਸੀਂ ਇਹ ਦਬਾਅ 120 ਸਾਲਾਂ ਤੋਂ ਝੱਲ ਰਹੇ ਹਾਂ। ਤੁਸਾਂ ਇੱਕ ਦਸਤਖ਼ਤ ਰਾਹੀਂ ਸਭ ਕੁਝ ਖ਼ਤਮ ਕਰ ਕੇ ਕੈਨੇਡਾ ਨੂੰ ਅਮਰੀਕਾ ਦੀ ਬਸਤੀ ਬਣਾਉਣਾ ਚਾਹੁੰਦੇ ਹੋ।

ਪ੍ਰਧਾਨ ਮੰਤਰੀ ਮੁਲਰੋਨੀ ਦੇ ਸਲਾਹਕਾਰਾਂ, ਅਮਰੀਕੀ ਪ੍ਰਸ਼ਾਸਨ, ਕਾਰਪੋਰੇਟਰਾਂ ਅਤੇ ਵਪਾਰੀਆਂ ਨੇ ਮੀਂਹ ਵਾਂਗ ਧਨ ਵਰਸਾਇਆ। ਉਸ ਸਮੇਂ ਚੋਣ ਮੁਹਿੰਮ 'ਤੇ ਇੱਕ ਮਿਲੀਅਨ ਡਾਲਰ ਖ਼ਰਚੇ। ਟਰਨਰ ਦੀ ਸੱਚਾਈ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿੱਤਾ। 21 ਨਵੰਬਰ 1988 ਨੂੰ ਹੈਰਾਨਕੁਨ ਨਤੀਜੇ ਸਾਹਮਣੇ ਆਏ। ਪ੍ਰਧਾਨ ਮੰਤਰੀ ਮੁਲਰੋਨੀ ਦੀ ਕੰਜ਼ਰਵੇਟਿਵ ਪਾਰਟੀ ਨੂੰ 169, ਟਰਨਰ ਦੀ ਲਿਬਰਲ ਪਾਰਟੀ ਨੂੰ 83, ਨਿਊ ਡੈਮੋਕ੍ਰੈਟਿਕ ਪਾਰਟੀ ਨੂੰ 43 ਸੀਟਾਂ ਹਾਸਿਲ ਹੋਈਆਂ। 1989 ਦੇ ਪਹਿਲੇ ਦਿਨ ਅਮਰੀਕਾ ਨਾਲ ਖੁੱਲ੍ਹਾ ਵਪਾਰ ਸਮਝੌਤਾ ਕੀਤਾ ਗਿਆ। ਇਉਂ ਅਮਰੀਕਾ ਦੀ ਵਪਾਰਕ, ਕਾਰੋਬਾਰੀ ਅਤੇ ਆਰਥਿਕ ਸਰਦਾਰੀ ਹੋ ਗਈ। ਕੈਨੇਡਾ ਉਸ ਦੀ ਆਰਥਿਕ ਬਸਤੀ ਕਰ ਕੇ ਰਹਿ ਗਿਆ। ਸੱਚਾਈ ਇਹੀ ਹੈ। ਇਸੇ ਕਰ ਕੇ ਡੋਨਲਡ ਟਰੰਪ ਨੇ ਇਸ ਨੂੰ 51ਵਾਂ ਸੂਬਾ ਕਹਿਣ ਦੀ ਹਮਾਕਤ ਕੀਤੀ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਆਸਟਰੀਆ ’ਚ ਬੜਾ ਅਪਮਾਨ ਝੱਲ ਚੁੱਕੇ ਨੇ ਪੰਜਾਬੀ

ਬੋਲਦੇ ਪੰਨੇ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਲੱਖਾਂ ਮੁਸ਼ਕਿਲਾਂ ਤੇ ਮੁਸੀਬਤਾਂ ਦੇ ਰੂਬਰੂ ਹੁੰਦਿਆਂ ਹੋਇਆਂ ਵੀ ਪੰਜਾਬੀ ‘ਚੜ੍ਹਦੀ ਕਲਾ’ ਵਿੱਚ ਹੀ ਰਹਿੰਦੇ ਹਨ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਮੱਲਾਂ ਮਾਰ ਕੇ ਆਪਣੀ ਪੰਜਾਬੀਅਤ ਦਾ ਲੋਹਾ ਸੰਸਾਰ ਭਰ ਤੋਂ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਆਸਟਰੀਆ ਆ ਕੇ ਵੱਸਣ ਵਾਲੇ ਪੰਜਾਬੀਆਂ ਨੂੰ ਵੱਡੀ ਦਿੱਕਤ ਇਹ ਆਈ ਸੀ ਕਿ ਉਨ੍ਹਾਂ ਨੂੰ ਪਗੜੀ ਬੰਨ੍ਹਣ ਅਤੇ ਆਪਣੇ ਨਾਵਾਂ ਨਾਲ ਲਫ਼ਜ਼ ‘ਸਿੰਘ’ ਅਤੇ ‘ਕੌਰ’ ਲਗਾਏ ਜਾਣ ਦੀ ਮਨਾਹੀ ਸੀ। ਪੰਜਾਬੀਆਂ ਵੱਲੋਂ ਕੀਤੇ ਸੰਘਰਸ਼ ਸਦਕਾ ਹੀ ਸੰਨ 2020 ਵਿੱਚ ਆਸਟਰੀਆ ਦੀ ਸਰਕਾਰ ਤੇ ਪ੍ਰਸ਼ਾਸਨ ‘ਸਿੱਖ ਧਰਮ’ ਨੂੰ ਆਸਟਰੀਆ ਵਿੱਚ ‘ਪ੍ਰਵਾਨਿਤ ਧਰਮ’ ਦਾ ਦਰਜਾ ਦੇਣ ਲਈ ਰਾਜ਼ੀ ਹੋਏ ਸਨ ਤੇ ਪੰਜਾਬੀਆਂ ਨੂੰ ਆਪਣੇ ਨਾਵਾਂ ਨਾਲ ‘ਸਿੰਘ’ ਅਤੇ ‘ਕੌਰ’ ਸ਼ਬਦ ਲਗਾਉਣ ਦੀ ਆਗਿਆ ਵੀ ਦੇ ਦਿੱਤੀ ਗਈ ਸੀ।***

ਦੁਨੀਆਂ ਦੇ ਕੋਨੇ ਕੋਨੇ ਨੂੰ ਭਾਗ ਲਾਉਣ ਵਾਲੇ ਪੰਜਾਬੀਆਂ ਨੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਉਨ੍ਹਾਂ ਮੁਲਕਾਂ ਦੀ ਤਕਦੀਰ ਤੇ ਤਸਵੀਰ ਬਦਲਣ ਵਿੱਚ ਵੱਡਾ ਯੋਗਦਾਨ ਪਾਇਆ ਹੈ, ਪਰ ਇਹ ਸਭ ਕੁਝ ਕਰਨ ਲਈ ਪੰਜਾਬੀਆਂ ਨੂੰ ਆਪਣੀ ਵੱਖਰੀ ਪਛਾਣ ਕਰਕੇ ਕਈ ਮੁਲਕਾਂ ਵਿੱਚ ਕਈ ਦੁਸ਼ਵਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ ਹੈ ਤੇ ਅਜਿਹਾ ਹੀ ਇੱਕ ਮੁਲਕ ਹੈ, ‘ਆਸਟਰੀਆ’ ਜਿੱਥੇ ਪੰਜਾਬੀ ਗਏ ਵੀ, ਰਹਿ ਵੀ ਰਹੇ ਹਨ ਪਰ ਬੀਤੇ ਸਮੇਂ ਵਿੱਚ ਉਨ੍ਹਾਂ ਵੱਲੋਂ ਹੰਢਾਇਆ ਜਾਣ ਵਾਲਾ ਪਰਵਾਸ ਕੋਈ ਸੌਖਾ ਨਹੀਂ ਸੀ।

ਆਸਟਰੀਆ ਅਸਲ ਵਿੱਚ ਕੇਂਦਰੀ ਯੂਰਪ ਵਿੱਚ ਸਥਿਤ ਇੱਕ ਅਜਿਹਾ ਮੁਲਕ ਹੈ, ਜਿਸਦੇ ਚਾਰੇ ਪਾਸੇ ਦੂਜੇ ਵਿਦੇਸ਼ੀ ਮੁਲਕਾਂ ਦੇ ਉਲਟ ਕੋਈ ਦਰਿਆ, ਮਾਰੂਥਲ ਜਾਂ ਵੱਡਾ ਪਹਾੜ ਸਥਿਤ ਹੋਣ ਦੀ ਥਾਂ ਹਰ ਪਾਸੇ ਥਲੀ ਇਲਾਕਾ ਹੈ। ਇਹ ਨੌਂ ਰਾਜਾਂ ਦਾ ਇੱਕ ਖ਼ੂਬਸੂਰਤ ਸਮੂਹ ਹੈ, ਜਿਸਦਾ ਸਭ ਤੋਂ ਵੱਡਾ ਸ਼ਹਿਰ ਵਿਆਨਾ ਹੈ ਤੇ ਇਹੋ ਸ਼ਹਿਰ ਹੀ ਆਸਟਰੀਆ ਦੀ ਰਾਜਧਾਨੀ ਵੀ ਹੈ। ਇਸ ਮੁਲਕ ਦੇ ਪੂਰਬ ਵਿੱਚ ਹੰਗਰੀ, ਦੱਖਣ ਵਿੱਚ ਇਟਲੀ, ਪੱਛਮ ਵਿੱਚ ਸਵਿਟਜ਼ਰਲੈਂਡ, ਉੱਤਰ ਵਿੱਚ ਚੈੱਕ ਗਣਰਾਜ ਅਤੇ ਉੱਤਰ-ਪੱਛਮ ਵਿੱਚ ਜਰਮਨੀ ਜਿਹੇ ਦੁਨੀਆਂ ਦੇ ਮਹੱਤਵਪੂਰਨ ਦੇਸ਼ ਬਿਰਾਜਮਾਨ ਹਨ। ਆਸਟਰੀਆ ਦਾ ਕੁੱਲ ਖੇਤਰਫ਼ਲ 83,379 ਵਰਗ ਕਿਲੋਮੀਟਰ ਹੈ ਤੇ ਆਬਾਦੀ 90 ਲੱਖ ਦੇ ਕਰੀਬ ਹੈ, ਜਿਨ੍ਹਾਂ ਵਿੱਚ 2 ਲੱਖ 25 ਹਜ਼ਾਰ ਜਰਮਨ ਮੂਲ; 1,47,500 ਰੋਮਾਨੀਅਨ ਮੂਲ; 1,19,700 ਤੁਰਕੀ ਮੂਲ ਅਤੇ 1,21,900 ਸਰਬੀਅਨ ਮੂਲ ਦੇ ਹਨ। ਇੱਥੇ ਪ੍ਰਾਚੀਨ ਕਾਲ ਵਿੱਚ ਲੰਮਾ ਸਮਾਂ ਰੋਮਨ ਸਾਮਰਾਜ ਦਾ ਕਬਜ਼ਾ ਰਿਹਾ ਸੀ। ਜੇਕਰ ਸੰਨ 1914 ਵਿੱਚ ਹੋਏ ਪਹਿਲੇ ਵਿਸ਼ਵ ਯੁੱਧ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਇਹ ਦੱਸਣਾ ਬਣਦਾ ਹੈ ਕਿ 28 ਜੂਨ 1914 ਨੂੰ ਆਸਟਰੀਆ ਦੇ ਡਿਊਕ ਫ਼ਰਾਂਜ਼ ਫ਼ਰਡੀਨਾਂਡ ਦੇ ਕਤਲ ਤੋਂ ਬਾਅਦ ਬਾਦਸ਼ਾਹ ਫ਼ਰਾਂਜ਼ ਜੋਸਫ਼ ਨੇ ਸਰਬੀਆ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿੱਤਾ ਸੀ ਤੇ ਉਹੀ ਜੰਗ ਬਾਅਦ ਵਿੱਚ ਖ਼ਤਰਨਾਕ ਰੂਪ ਧਾਰਨ ਕਰਦੀ ਹੋਈ ਵਿਸ਼ਵ ਜੰਗ ਵਿੱਚ ਤਬਦੀਲ ਹੋ ਗਈ ਸੀ।

ਭਾਰਤ ਨਾਲ ਆਸਟਰੀਆ ਦੇ ਸਬੰਧਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਦੱਸਣਾ ਬਣਦਾ ਹੈ ਕਿ ਇਹ ਸਬੰਧ ਕਾਫੀ ਸੁਖਾਵੇਂ ਹਨ ਤੇ ਇਹ ਸਬੰਧ ਮਈ 1949 ਦੌਰਾਨ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਮਜ਼ਬੂਤ ਹੋਣੇ ਸ਼ੁਰੂ ਹੋਏ ਸਨ। ਪੰਡਿਤ ਨਹਿਰੂ ਸੰਨ 1955 ਵਿੱਚ ਅਤੇ ਇੰਦਰਾ ਗਾਂਧੀ ਸੰਨ 1971 ਵਿੱਚ ਆਸਟਰੀਆ ਦੇ ਦੌਰੇ ’ਤੇ ਗਏ ਸਨ। ਸੰਨ 2011 ਵਿੱਚ ਉਸ ਵੇਲੇ ਦੀ ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਵੀ ਆਸਟਰੀਆ ਵਿਖੇ ਸ਼ਿਰਕਤ ਕੀਤੀ ਸੀ, ਜਦੋਂ ਕਿ ਆਸਟਰੀਆ ਦੀ ਸਰਕਾਰ ਦੇ ਵੱਖ-ਵੱਖ ਮੁਖੀ ਸੰਨ 1984, 1999 ਅਤੇ 2005 ਵਿੱਚ ਭਾਰਤ ਦੇ ਦੌਰੇ ’ਤੇ ਆਏ ਸਨ। ਆਸਟਰੀਆ ਨਾਲ ਭਾਰਤ ਦੇ ਸਬੰਧਾਂ ਦੇ ਸੁਖਾਵੇਂ 70 ਸਾਲ ਪੂਰੇ ਹੋਣ ’ਤੇ ਮਨਾਏ ਗਏ ਜਸ਼ਨ ਵਿੱਚ ਸ਼ਿਰਕਤ ਕਰਨ ਲਈ ਆਸਟਰੀਆ ਦੇ ਮੰਤਰੀ ਕੈਰਿਨ ਸੰਨ 2019 ਵਿੱਚ ਵਿਸ਼ੇਸ਼ ਤੌਰ ’ਤੇ ਭਾਰਤ ਪੁੱਜੇ ਸਨ। ਬੜੀ ਹੀ ਦਿਲਚਸਪ ਗੱਲ ਹੈ ਕਿ 25 ਫ਼ਰਵਰੀ 2013 ਨੂੰ ਭਾਰਤ ਨੇ ਆਸਟਰੀਆ ਦੁਆਰਾ ਪਹਿਲੀ ਵਾਰ ਬਣਾਏ ਗਏ ਦੋ ਉਪਗ੍ਰਹਿ ਭਾਰਤ ਤੇ ਸਤੀਸ਼ ਧਵਨ ਸਪੇਸ ਸੈਂਟਰ, ਸ੍ਰੀ ਹਰੀਕੋਟਾ ਤੋਂ ਲਾਂਚ ਕੀਤੇ ਸਨ। ਸਾਲ 2019 ਦੀ ਜਨਗਣਨਾ ਅਨੁਸਾਰ ਆਸਟਰੀਆ ਵਿੱਚ ਵੱਸਣ ਵਾਲੇ




ਵਿਆਨਾ ਵਿੱਚ ਸਥਿੱਤ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ ਮੁੱਖ ਦੁਆਰ

ਭਾਰਤੀਆਂ ਦੀ ਕੁੱਲ ਸੰਖਿਆ 31,000 ਦੇ ਕਰੀਬ ਸੀ।

ਆਸਟਰੀਆ ਵਿੱਚ ਵੱਸਣ ਵਾਲੇ ਪੰਜਾਬੀਆਂ ਦੇ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 2012 ਦੀ ਜਨਗਣਨਾ ਅਨੁਸਾਰ ਇਸ ਮੁਲਕ ਵਿੱਚ ਨਿਵਾਸ ਕਰਨ ਵਾਲੇ ਪੰਜਾਬੀਆਂ ਦੀ ਸੰਖਿਆ 10 ਹਜ਼ਾਰ ਸੀ ਤੇ ਇੱਥੇ ਮੌਜੂਦ ਗੁਰਦੁਆਰਾ ਸਾਹਿਬਾਨ ਦੀ ਸੰਖਿਆ ਕੇਵਲ ਤਿੰਨ ਸੀ, ਪਰ ਸਾਲ 2020 ਦੀ ਜਨਗਣਨਾ ਮੁਤਾਬਿਕ ਇੱਥੇ ਵੱਸਦੇ ਪੰਜਾਬੀਆਂ ਦੀ ਗਿਣਤੀ 9 ਹਜ਼ਾਰ ਅਤੇ ਗੁਰਦੁਆਰਾ ਸਾਹਿਬਾਨ ਦੀ ਸੰਖਿਆ ਸੱਤ ਹੋ ਗਈ ਸੀ। ਇੱਥੇ ਆ ਕੇ ਵੱਸਣ ਵਾਲੇ ਪੰਜਾਬੀਆਂ ਨੂੰ ਵੱਡੀ ਦਿੱਕਤ ਇਹ ਆਈ ਸੀ ਕਿ ਉਨ੍ਹਾਂ ਨੂੰ ਪਗੜੀ ਧਾਰਨ ਕਰਨ ਅਤੇ ਆਪਣੇ ਨਾਵਾਂ ਨਾਲ ਆਪਣੀ ਵੱਖਰੀ ਪਛਾਣ ਦਰਸਾਉਣ ਵਾਲੇ ਪਵਿੱਤਰ ਲਫ਼ਜ਼ ‘ਸਿੰਘ’ ਅਤੇ ‘ਕੌਰ’ ਲਗਾਏ ਜਾਣ ਦੀ ਮਨਾਹੀ ਸੀ। ਪੰਜਾਬੀਆਂ ਲਈ ਇਹ ਨਿਯਮ ਬਰਦਾਸ਼ਤਯੋਗ ਨਹੀਂ ਸੀ। ਪੰਜਾਬੀਆਂ ਨੇ ਲਗਾਤਾਰ ਸੰਘਰਸ਼ ਜਾਰੀ ਰੱਖਿਆ ਸੀ। ਉਸ ਸੰਘਰਸ਼ ਸਦਕਾ ਹੀ ਸੰਨ 2020 ਵਿੱਚ ਆਸਟਰੀਆ ਦੀ ਸਰਕਾਰ ਤੇ ਪ੍ਰਸ਼ਾਸਨ ‘ਸਿੱਖ ਧਰਮ’ ਨੂੰ ਆਸਟਰੀਆ ਵਿੱਚ ‘ਪ੍ਰਵਾਨਿਤ ਧਰਮ’ ਦਾ ਦਰਜਾ ਦੇਣ ਲਈ ਰਾਜ਼ੀ ਹੋਏ ਸਨ ਤੇ ਪੰਜਾਬੀਆਂ ਨੂੰ ਆਪਣੇ ਨਾਵਾਂ ਨਾਲ ‘ਸਿੰਘ’ ਅਤੇ ‘ਕੌਰ’ ਸ਼ਬਦ ਲਗਾਉਣ ਦੀ ਆਗਿਆ ਵੀ ਦੇ ਦਿੱਤੀ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਸਾਬਕਾ ਮੁਖੀ ਜਗੀਰ ਕੌਰ ਨੇ ਪੰਜਾਬੀਆਂ ਦੇ ਸੰਘਰਸ਼ ਅਤੇ ਯੂਰਪੀ ਮੁਲਕਾਂ ਵਿੱਚ ਸਿੱਖਾਂ ਦੀ ਪਛਾਣ ਕਾਇਮ ਰੱਖਣ ਵਿੱਚ ਪੰਜਾਬੀਆਂ ਦੀ ਇਸ ਵੱਡੀ ਜਿੱਤ ’ਤੇ ਦਿਲੀ ਮੁਬਾਰਕਬਾਦ ਦਿੱਤੀ ਸੀ।



ਆਸਟਰੀਆ ਦੀ ਰਾਜਧਾਨੀ ਵਿਆਨਾ ਦਾ ਇੱਕ ਦਿਲਕਸ਼ ਨਜ਼ਾਰਾ

ਬੜੇ ਹੀ ਦੁੱਖ ਦੀ ਗੱਲ ਇਹ ਵੀ ਰਹੀ ਸੀ ਕਿ ਸੰਨ 2009 ਵਿੱਚ ਰਾਜਧਾਨੀ ਵਿਆਨਾ ਵਿਖੇ ਸਥਿਤ ਇੱਕ ਗੁਰਦੁਆਰਾ ਸਾਹਿਬ ਅੰਦਰ ਪੰਜਾਬੀਆਂ ਦੇ ਦੋ ਧੜਿਆਂ ਦਰਮਿਆਨ ਆਪਸੀ ਰੰਜਿਸ਼ ਕਰਕੇ ਗੋਲੀਕਾਂਡ ਵਾਪਰ ਗਿਆ ਸੀ। ਪੰਜਾਬ ਤੋਂ ਆਏ ਇੱਕ ਧਾਰਮਿਕ ਡੇਰੇ ਦੇ ਮੁਖੀ ਦੇ ਸੁਆਗਤ ਵਿੱਚ ਇੱਥੇ ਤਿੰਨ ਸੌ ਤੋਂ ਵੱਧ ਲੋਕ ਇਕੱਠੇ ਹੋਏ ਸਨ, ਜਿਨ੍ਹਾਂ ਉੱਤੇ ਵਿਰੋਧੀ ਸੁਰ ਵਾਲੇ ਹਮਲਾਵਰਾਂ ਨੇ ਚਾਕੂਆਂ ਅਤੇ ਪਿਸਤੌਲਾਂ ਨਾਲ ਹਮਲਾ ਕਰ ਦਿੱਤਾ ਸੀ। ਇਸ ਹਮਲੇ ਨੇ ਭਾਰਤੀ ਪੰਜਾਬ ਵਿੱਚ ਦੰਗਾ-ਫ਼ਸਾਦ ਕਰਵਾ ਦਿੱਤਾ ਸੀ ਤੇ ਰੇਲਗੱਡੀ ਨੂੰ ਵੀ ਅੱਗ ਲਗਾ ਦਿੱਤੀ ਗਈ ਸੀ। ਉਕਤ ਗੋਲੀਕਾਂਡ ਵਿੱਚ 57 ਸਾਲਾ ਸੰਤ ਰਾਮਾਨੰਦ ਦੀ ਜਾਨ ਚਲੀ ਗਈ ਸੀ। ਆਸਟਰੀਆ ਦੇ ਸਮੁੱਚੇ ਮੀਡੀਆ ਵਿੱਚ ਇਸ ਗੋਲੀਬਾਰੀ ਅਤੇ ਭੰਨ ਤੋੜ ਦੀ ਖ਼ਬਰ ਬੜੀ ਹੀ ਪ੍ਰਮੁੱਖਤਾ ਨਾਲ ਪ੍ਰਸਾਰਿਤ ਕੀਤੀ ਗਈ ਸੀ, ਜਿਸ ਕਰਕੇ ਇਥੇ ਵੱਸਦੇ ਪੰਜਾਬੀਆਂ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ।

ਸਤੰਬਰ 2024 ਵਿੱਚ ਇੱਥੇ ਵੱਸਦੇ ਭਾਰਤੀ ਮੂਲ ਦੇ 51 ਸਾਲਾ ਗੁਰਦਿਆਲ ਸਿੰਘ ਬਾਜਵਾ ਨੂੰ ‘ਸੈਂਟਰਲ ਨੈਸ਼ਨਲ ਕੌਂਸਲ’ ਚੋਣਾਂ ਵਿੱਚ ‘ਸੋਸ਼ਲ ਡੈਮੋਕ੍ਰੈਟਿਕ ਪਾਰਟੀ’



ਗੁਰਦਿਆਲ ਸਿੰਘ ਬਾਜਵਾ

ਦੇ ਪ੍ਰਤੀਨਿਧੀ ਵਜੋਂ ਚੋਣ ਲੜਨ ਵਾਲੇ ਸਭ ਤੋਂ ਪਹਿਲੇ ਪੰਜਾਬੀ ਹੋਣ ਦਾ ਸ਼ਰਫ਼ ਹਾਸਿਲ ਹੋਇਆ ਸੀ। ਪੰਜਾਬ ਦੇ ਹਲਕਾ ਭੁਲੱਥ ਵਿੱਚ ਪੈਂਦੇ ਪਿੰਡ ਮੁੱਦੋਵਾਲ ਦੇ ਵਸਨੀਕ ਗੁਰਦਿਆਲ ਸਿੰਘ ਕੇਵਲ ਸੱਤ ਸਾਲ ਦੀ ਉਮਰ ਵਿੱਚ ਆਸਟਰੀਆ ਆ ਗਏ ਸਨ ਤੇ ਸਾਲ 2020 ਤੋਂ ਬਤੌਰ ‘ਸਿਟੀ ਕੌਂਸਲਰ’ ਸੇਵਾ ਨਿਭਾਅ ਰਹੇ ਹਨ। ਇੱਥੇ ਹੀ ਬਸ ਨਹੀਂ, ਇਨ੍ਹਾਂ ਨੇ ਵਿਆਨਾ ਦੇ ਚੈਂਬਰ ਆਫ਼ ਕਾਮਰਸ ਦੇ ਟਰਾਂਸਪੋਰਟ ਅਤੇ ਟ੍ਰੈਫ਼ਿਕ ਵਿਭਾਗ ਦੇ ਡਿਪਟੀ ਚੇਅਰਮੈਨ ਦੇ ਵੱਕਾਰੀ ਅਹੁਦੇ ’ਤੇ ਕੰਮ ਕਰਕੇ ਆਸਟਰੀਆ ਵਿੱਚ ਪੰਜਾਬੀਆਂ ਦੇ ਮਾਣ ਵਿੱਚ ਮਣਾਂਮੂੰਹੀਂ ਵਾਧਾ ਕੀਤਾ, ਪਰ ਜਿਵੇਂ ਕਿ ਵਿਦੇਸ਼ਾਂ ਵਿੱਚ ਵੱਸਣ ਵਾਲੇ ਪੰਜਾਬੀਆਂ ਨਾਲ ਹੁੰਦਾ ਹੈ, ਇਸ ਵੱਡੀ ਸਿੱਖ ਸ਼ਖ਼ਸੀਅਤ ਨੂੰ ਵੀ ਨਸਲੀ ਵਿਤਕਰੇ ਦਾ ਸ਼ਿਕਾਰ ਬਣਾਉਂਦਿਆਂ ਹੋਇਆਂ ਉਸਦੇ ‘ਪਗੜੀਧਾਰੀ’ ਹੋਣ ’ਤੇ ਕਈ ਇਤਰਾਜ਼ਯੋਗ ਤੰਜ਼ ਕੱਸੇ ਸਨ।

## ਕੈਨੇਡਾ ਨੂੰ ਅਮਰੀਕਾ ਅਧੀਨ ਕਰਨ ਦੀ ਲਲਕ ਵਾਲੀ ਚੁਟਕੀ

ਸਾਮਰਾਜਵਾਦੀਆਂ ਅਤੇ ਅਜੋਕੇ ਕਾਰਪੋਰੇਟਵਾਦੀਆਂ ਦੀ ਮੂਲ ਨੀਤੀ ਪ੍ਰਸਾਰਵਾਦ ਦੀ ਹੈ। ਅਮਰੀਕਾ ਨੇ ਵੀ ਉਹੀ ਬ੍ਰਿਟਿਸ਼ ਸਾਮਰਾਜਵਾਦੀ ਪ੍ਰਸਾਰਵਾਦੀ ਨੀਤੀ ਅਪਣਾਈ ਹੈ। ਇਹ ਅੱਜ ਵੀ ਵਿਸ਼ਵ ਥਾਣੇਦਾਰੀ ਕਰਨੋਂ ਨਹੀਂ ਟਲਦਾ। 30 ਮਾਰਚ 1867 ਵਿੱਚ ਇਸ ਨੇ ਅਲਾਸਕਾ ਖੇਤਰ ਰੂਸ ਤੋਂ ਖਰੀਦ ਲਿਆ। 1845 ਵਿੱਚ ਟੈਕਸਸ ਹਥਿਆ ਲਿਆ। ਇਸੇ ਪ੍ਰਸਾਰਵਾਦੀ ਨੀਤੀ ਕਰ ਕੇ ਇਸ ਦੀ ਅੱਖ ਕੈਨੇਡਾ ’ਤੇ ਰਹਿੰਦੀ ਹੈ।

ਕੈਨੇਡਾ ਦੀ ਫੈਡਰਲ ਸਰਕਾਰ ਨੇ ਅਮਰੀਕਾ ਨਾਲ ਆਪਣੀਆਂ ਸਰਹੱਦਾਂ ਮਜ਼ਬੂਤ ਕਰਨ ਲਈ 13 ਬਿਲੀਅਨ ਡਾਲਰ ਦਾ ਸੁਰੱਖਿਆ ਪੈਕੇਜ ਤਿਆਰ ਕੀਤਾ ਹੈ। ਗੈਰ-ਕਾਨੂੰਨੀ ਪਰਵਾਸ ਅਤੇ ਨਸ਼ੀਲੇ ਪਦਾਰਥ ਰੋਕਣ ਲਈ ਚਾਲੂ ਮਾਲੀ ਸਾਲ ਵਿੱਚ 81 ਬਿਲੀਅਨ ਡਾਲਰ; 2025-26 ਵਿੱਚ 144; 2026-27 ਵਿੱਚ 278; 2027-28 ਵਿੱਚ 275; 2028-29 ਵਿੱਚ 282 ਅਤੇ 2029-30 ਵਿੱਚ 241 ਬਿਲੀਅਨ ਡਾਲਰ ਖ਼ਰਚੇ ਜਾਣਗੇ। ਸਰਹੱਦ ’ਤੇ ਪੁਲੀਸ ਅਤੇ ਫੌਜੀ ਨਫਰੀ ਵਧਾਈ ਜਾਵੇਗੀ।


ਜ਼ਿਕਰਯੋਗ ਹੈ ਕਿ 16 ਦਸੰਬਰ ਨੂੰ ਹਾਊਸਿੰਗ ਮੰਤਰੀ ਸੀਨ ਫਰੇਜ਼ਰ ਦੇ ਅਸਤੀਫੇ ਦੇ ਕੁਝ ਘੰਟੇ ਬਾਅਦ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਅਸਤੀਫੇ ਬਾਅਦ ਪ੍ਰਧਾਨ ਮੰਤਰੀ ਟਰੂਡੋ ਦੀ ਹਾਲਤ ਹੋਰ ਖਰਾਬ ਹੋ ਗਈ ਸੀ, ਭਾਵੇਂ ਕ੍ਰਿਸਟੀਆ ਦਾ ਆਪਣਾ ਰਿਕਾਰਡ ਚੰਗਾ ਨਹੀਂ ਰਿਹਾ, ਪਰ ਪ੍ਰਧਾਨ ਮੰਤਰੀ ’ਤੇ ਅਸਤੀਫਾ ਦੇਣ ਲਈ ਪਾਰਟੀ ਅੰਦਰੋਂ ਦਬਾਅ ਵਧ ਗਿਆ ਸੀ।

ਅਜਿਹੇ ਹਾਲਾਤ ਦੌਰਾਨ ਸੂਬਾਈ ਲੀਡਰਸ਼ਿਪ ਨੇ ਓਂਟਾਰੀਓ ਸੂਬੇ ਦੇ ਪ੍ਰੀਮੀਅਰ ਡਗਫੋਰਡ ਦੀ ਅਗਵਾਈ ਵਿੱਚ ਕਮਾਨ ਸੰਭਾਲੀ। ਪ੍ਰਧਾਨ ਮੰਤਰੀ ਨਾਲ ਮੀਟਿੰਗ ਬਾਅਦ 16 ਦਸੰਬਰ ਨੂੰ ਉਨ੍ਹਾਂ ਟੋਰਾਂਟੋ ਦੇ ਹਿਲਟਨ ਹੋਟਲ ਵਿੱਚ ਕੌਂਸਲ ਆਫ ਫੈਡਰੇਸ਼ਨ ਨੇ ਮੀਟਿੰਗ ਕੀਤੀ। ਟਰੰਪ ਨੂੰ ਕਰਾਰਾ ਜਵਾਬ ਦਿੰਦਿਆਂ ਓਂਟਾਰੀਓ ਦੇ ਪ੍ਰੀਮੀਅਰ ਡਗਫੋਰਡ ਨੇ ਆਪਣੇ ਰਾਜ ਵੱਲੋਂ 5 ਅਮਰੀਕੀ ਰਾਜਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਬੰਦ ਕਰਨ ਦੀ ਧਮਕੀ ਦਿੱਤੀ ਹੈ। ਅਮਰੀਕਾ ਨੂੰ 60 ਪ੍ਰਤੀਸ਼ਤ ਤੇਲ ਦੇਣ ਵਾਲੇ ਅਲਬਰਟਾ, ਬਿਜਲੀ ਦੇਣ ਵਾਲੇ ਕਿਊਬੈਕ ਤੇ ਕੁਝ ਹੋਰ ਸੂਬਿਆਂ ਦੇ ਪ੍ਰੀਮੀਅਰ, ਡਗਫੋਰਡ ਦੀ ਜਵਾਬੀ ਕਾਰਵਾਈ ਨਾਲ ਸਹਿਮਤ ਨਾ ਹੋਏ, ਪਰ ਕੈਨੇਡਾ ਦੀ ਆਜ਼ਾਦੀ, ਸੁਰੱਖਿਆ ਅਤੇ ਇੱਕਜੁਟਤਾ ਦਾ ਅਹਿਦ ਕੀਤਾ। ਕੈਨੇਡਾ ਦੀ ਫੌਜ ਨੂੰ ਮਜ਼ਬੂਤ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ ਤਾਂ ਕਿ ਫੈਡਰਲ ਸਰਕਾਰ ਨਾਲ ਮਿਲ ਕੇ ਸਰਹੱਦਾਂ ਦੀ ਰਾਖੀ ਕੀਤੀ ਜਾ ਸਕੇ।


ਅੰਗਸ ਰੀਡ ਪੋਲ ਅਨੁਸਾਰ, 94 ਪ੍ਰਤੀਸ਼ਤ ਕੈਨੇਡੀਅਨ ਅਮਰੀਕਾ ਵਿੱਚ ਸ਼ਾਮਿਲ ਹੋਣ ਦੇ ਖ਼ਿਲਾਫ਼ ਹਨ। ਕੈਨੇਡਾ ਨੂੰ ਅਮਰੀਕਾ, ਰੂਸ, ਚੀਨ, ਭਾਰਤ ਆਦਿ ਦੇਸ਼ਾਂ ਵਾਂਗ ਆਪਣੇ ਕੁਦਰਤੀ ਸਾਧਨਾਂ, ਤਕਨੀਕ, ਹੁਨਰ ਦੇ ਬਲਬੂਤੇ ਤਾਕਤਵਰ ਮੁਲਕ ਬਣਨਾ ਚਾਹੀਦਾ ਹੈ। ਇਜ਼ਰਾਇਲ ਵਾਂਗ ਫੌਜੀ ਸ਼ਕਤੀ ਮਜ਼ਬੂਤ ਕਰਨੀ ਚਾਹੀਦੀ ਹੈ। ਮਜ਼ਬੂਤ ਰਾਜਨੀਤਕ ਲੀਡਰਸ਼ਿਪ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਕੋਈ ਟਰੰਪ ਜਾਂ ਅਮਰੀਕੀ ਰਾਸ਼ਟਰਪਤੀ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਬਾਰੇ ਨਾ ਸੋਚ ਸਕੇ।

ਤਰਜੀਹਾਂ

ਡਾ. ਪੀ. ਐੱਸ. ਤਿਆਗੀ
ਫੋਨ:+91-9855446519



# ਨਵੇਂ ਸਾਲ ਦੇ ਜਸ਼ਨ: ਮਨੋਵਿਗਿਆਨਕ ਅਤੇ ਵਿਗਿਆਨਕ ਵਿਸ਼ਲੇਸ਼ਣ




■ ਨਿਊ ਯਾਰਕ ਸਿਟੀ ਵਿੱਚ 31 ਦਸੰਬਰ ਨੂੰ ਟਾਈਮਜ਼ ਸਕੁਏਅਰ ਵਿਖੇ ਨਵੇਂ ਸਾਲ ਦੀ ਸ਼ਾਮ ਦੇ ਜਸ਼ਨ ਦੌਰਾਨ ਬਾਲ ਡਿੱਗਣ ਦਾ ਦ੍ਰਿਸ਼

*ਮਨੋਵਿਗਿਆਨਕ ਤੌਰ 'ਤੇ, ਨਵੇਂ ਸਾਲ ਦੀ ਸਵੇਰ ਨੂੰ ਅਕਸਰ ਇੱਕ ਸਾਫ਼ ਸਲੇਟ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਜਿਸਨੂੰ ਮੁੜ ਸ਼ੁਰੂ ਕਰਨ ਦੇ ਇੱਕ ਮੌਕਾ ਵਜੋਂ ਦੇਖਿਆ ਜਾ ਸਕਦਾ ਹੈ। ਇਹ ਵਰਤਾਰਾ ਅਸਥਾਈ ਭੂਮੀ ਚਿੰਨ੍ਹਾਂ ਦੀ ਧਾਰਨਾ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਅਜਿਹੀਆਂ ਘਟਨਾਵਾਂ ਹਨ, ਜੋ ਅਤੀਤ ਨੂੰ ਭਵਿੱਖ ਤੋਂ ਵੱਖ ਕਰਦੀਆਂ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਅਨੁਭਵਾਂ 'ਤੇ ਪ੍ਰਤੀਬਿੰਬਤ ਕਰਨ ਵਿੱਚ ਮਦਦ ਕਰਦੀਆਂ ਹਨ।*

ਕੁਝ ਦਿਨ ਪਹਿਲਾਂ ਹੀ ਪੂਰੇ ਵਿਸ਼ਵ ਵਿੱਚ ਨਵਾਂ ਸਾਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਤੋਂ ਪਹਿਲਾਂ ਕਿ ਤੁਸੀਂ ਇਸ ਲੇਖ ਨੂੰ ਪੜ੍ਹਨਾ ਸ਼ੁਰੂ ਕਰੋ, ਮੈਨੂੰ ਯਕੀਨ ਹੈ ਕਿ ਤੁਸੀਂ ਆਪਣੇ ਨਜ਼ਦੀਕੀਆਂ ਅਤੇ ਪਿਆਰਿਆਂ ਨੂੰ ਨਵੇਂ ਸਾਲ 2025 ਦੀਆਂ ਦਰਜਨਾਂ ਮੁਬਾਰਕਾਂ ਭੇਜੀਆਂ ਹੋਣਗੀਆਂ ਅਤੇ ਪ੍ਰਾਪਤ ਕੀਤੀਆਂ ਹੋਣਗੀਆਂ। ਹਰ ਸਾਲ ਅਸੀਂ ਨਵੀਆਂ ਉਮੀਦਾਂ ਅਤੇ ਇੱਛਾਵਾਂ ਨਾਲ ਨਵਾਂ ਸਾਲ ਮਨਾਉਂਦੇ ਹਾਂ। ਨਵੇਂ ਸਾਲ ਨੂੰ ਅਕਸਰ ਨਵੀਂ ਸ਼ੁਰੂਆਤ ਅਤੇ ਨਵੀਂ ਸ਼ੁਰੂਆਤ ਦੇ ਸਮੇਂ ਵਜੋਂ ਦੇਖਿਆ ਜਾਂਦਾ ਹੈ। ਇਹ ਪਿਛਲੇ ਸਾਲ 'ਤੇ ਪ੍ਰਤੀਬਿੰਬਤ ਕਰਨ, ਭਵਿੱਖ ਲਈ ਨਵੇਂ ਟੀਚੇ ਨਿਰਧਾਰਤ ਕਰਨ ਅਤੇ ਨਵੇਂ ਮੌਕਿਆਂ ਨੂੰ ਗਲ਼ ਨਾਲ ਲਾਉਣ ਦਾ ਪਲ ਹੈ। ਲੋਕ ਅਕਸਰ ਸੰਕਲਪ ਕਰਦੇ ਹਨ, ਭਾਵੇਂ ਇਹ ਉਨ੍ਹਾਂ ਦੀ ਸਿਹਤ ਨੂੰ ਸੁਧਾਰਨਾ ਹੋਵੇ, ਰਿਸ਼ਤਿਆਂ ਨੂੰ ਮਜ਼ਬੂਤ ਕਰਨਾ ਹੋਵੇ, ਜਾਂ ਨਿੱਜੀ ਅਤੇ ਪੇਸ਼ੇਵਰ ਲਾਭਾਂ ਲਈ ਕੋਸ਼ਿਸ਼ ਕਰਨੀ ਹੋਵੇ। ਨਵੀਨੀਕਰਣ ਦੀ ਭਾਵਨਾ ਜੋ ਨਵੇਂ ਸਾਲ ਦੇ ਨਾਲ ਆਉਂਦੀ ਹੈ, ਵਿਅਕਤੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਦੀਆਂ ਇੱਛਾਵਾਂ ਵੱਲ ਕਦਮ ਚੁੱਕਣ ਲਈ ਉਤਸ਼ਾਹਿਤ ਕਰਦੀ ਹੈ। ਨਵੇਂ ਸਾਲ ਦੇ ਜਸ਼ਨ ਮਨਾਉਣ ਦਾ ਢੰਗ ਦੁਨੀਆ ਭਰ ਵਿੱਚ ਵੱਖੋ-ਵੱਖ ਹੁੰਦਾ ਹੈ, ਜੋ ਕਿ ਵਿਭਿੰਨ ਸੱਭਿਆਚਾਰਕ ਪ੍ਰਥਾਵਾਂ, ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਨੂੰ ਦਰਸਾਉਂਦਾ ਹੈ। ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਦੁਆਰਾ ਨਵੇਂ ਸਾਲ ਨੂੰ ਮਨਾਉਣ ਦੇ ਕੁਝ ਮਹੱਤਵਪੂਰਨ ਤਰੀਕੇ ਇਸ ਤਰ੍ਹਾਂ ਹਨ।

ਸੰਯੁਕਤ ਰਾਜ ਅਮਰੀਕਾ ਵਿੱਚ ਨਿਊ ਯਾਰਕ ਸਿਟੀ ਦੇ 'ਟਾਈਮਜ਼ ਸਕੁਏਅਰ' ਵਿੱਚ ਨਵੇਂ ਸਾਲ ਦੀ ਸ਼ਾਮ ਦਾ ਜਸ਼ਨ ਮਨਾਇਆ ਜਾਂਦਾ ਹੈ, ਜਿੱਥੇ ਇੱਕ ਵਿਸ਼ਾਲ ਗੇਂਦ 11:59:00 ਵਜੇ ਇੱਕ ਖੰਭੇ ਤੋਂ ਹੇਠਾਂ ਉਤਰਦੀ ਹੈ ਅਤੇ 12:00 ਵਜੇ ਰਾਤ ਨੂੰ ਨਵੇਂ ਸਾਲ ਦੀ ਸ਼ੁਰੂਆਤ ਦਾ ਸੰਕੇਤ ਦੇਣ ਲਈ ਰੁਕ ਜਾਂਦੀ ਹੈ। ਬਹੁਤ ਸਾਰੇ ਲੋਕ ਪਾਰਟੀਆਂ ਦੀ ਮੇਜ਼ਬਾਨੀ ਕਰਦੇ ਹਨ, ਆਤਿਸ਼ਬਾਜ਼ੀ ਦੇਖਦੇ ਹਨ ਅਤੇ ਨਵੇਂ ਸਾਲ ਦੀ ਕਾਊਂਟਡਾਊਨ ਵਿੱਚ ਹਿੱਸਾ ਲੈਂਦੇ ਹਨ। ਸਪੇਨ ਵਿੱਚ, ਅੱਧੀ ਰਾਤ ਨੂੰ ਬਾਰਾਂ ਅੰਗੂਰ ਖਾਣਾ ਰਵਾਇਤੀ ਹੈ, ਘੜੀ ਦੇ ਹਰੇਕ ਸਟ੍ਰੋਕ ਲਈ ਇੱਕ। ਹਰੇਕ ਅੰਗੂਰ ਆਉਣ ਵਾਲੇ ਸਾਲ ਦੇ ਹਰ ਮਹੀਨੇ ਲਈ ਚੰਗੀ ਕਿਸਮਤ ਨੂੰ ਦਰਸਾਉਂਦਾ ਹੈ। ਜਪਾਨ ਵਿੱਚ ਨਵਾਂ ਸਾਲ (ਸ਼ੋਗਾਤਸੂ) ਪਰਿਵਾਰਕ ਇਕੱਠਾਂ, ਵਿਸ਼ੇਸ਼ ਭੋਜਨਾਂ ਅਤੇ ਧਾਰਮਿਕ ਸਥਾਨਾਂ ਦੇ ਦੌਰੇ ਨਾਲ ਮਨਾਇਆ ਜਾਂਦਾ ਹੈ। ਚੀਨ ਵਿੱਚ ਨਵਾਂ ਸਾਲ (ਚੰਦਰ ਨਵਾਂ ਸਾਲ) 21 ਜਨਵਰੀ ਅਤੇ 20 ਫਰਵਰੀ ਦੇ ਵਿਚਕਾਰ ਆਉਂਦਾ ਹੈ। ਜਸ਼ਨਾਂ ਵਿੱਚ ਆਮ ਤੌਰ 'ਤੇ ਪਰਿਵਾਰਕ ਪੁਨਰ-ਮਿਲਨ, ਦਾਅਵਤ, ਡਰੈਗਨ ਡਾਂਸ ਅਤੇ ਦੁਸ਼ਟ ਆਤਮਾਵਾਂ ਨੂੰ ਦੂਰ ਕਰਨ ਲਈ ਆਤਿਸ਼ਬਾਜ਼ੀ ਚਲਾਉਣਾ ਸ਼ਾਮਲ ਹੁੰਦਾ ਹੈ।

ਭਾਰਤ ਵਿੱਚ ਨਵੇਂ ਸਾਲ ਦੇ ਜਸ਼ਨ ਖੇਤਰ, ਸੱਭਿਆਚਾਰ ਅਤੇ ਭਾਈਚਾਰੇ ਅਨੁਸਾਰ ਵੱਖ-ਵੱਖ ਹੁੰਦੇ ਹਨ; ਜਦੋਂ ਕਿ ਗ੍ਰੈਗੋਰੀਅਨ ਕੈਲੰਡਰ ਦਾ ਨਵਾਂ ਸਾਲ 1 ਜਨਵਰੀ ਨੂੰ ਮਨਾਇਆ ਜਾਂਦਾ ਹੈ, ਕਈ ਭਾਰਤੀ ਭਾਈਚਾਰੇ ਚੰਦਰਮਾ ਜਾਂ ਸੂਰਜ ਆਧਾਰਿਤ ਕੈਲੰਡਰ ਅਨੁਸਾਰ ਨਵੇਂ ਸਾਲ ਦੇ ਤਿਉਹਾਰ ਮਨਾਉਂਦੇ ਹਨ। ਪੱਛਮੀ ਸੰਸਕ੍ਰਿਤੀ ਦੀ ਪਾਲਣਾ ਕਰਦੇ ਹੋਏ ਜ਼ਿਆਦਾਤਰ ਭਾਰਤੀ 1 ਜਨਵਰੀ ਨੂੰ ਪਾਰਟੀਆਂ, ਆਤਿਸ਼ਬਾਜ਼ੀ ਅਤੇ ਸ਼ੁਭ ਕਾਮਨਾਵਾਂ ਦਾ ਆਦਾਨ-ਪ੍ਰਦਾਨ ਕਰਕੇ ਨਵਾਂ ਸਾਲ ਮਨਾਉਂਦੇ ਹਨ। ਮਹਾਰਾਸ਼ਟਰ ਵਿੱਚ 'ਗੁੜੀ ਪਡਵਾ' ਮਨਾਇਆ ਜਾਂਦਾ ਹੈ, ਇਹ ਚੰਦਰ ਕੈਲੰਡਰ ਦੇ ਅਨੁਸਾਰ (ਚੈਤਰ ਦਾ ਮਹੀਨਾ, ਮਾਰਚ-ਅਪ੍ਰੈਲ) ਨਵੇਂ ਸਾਲ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ। ਇੱਕ ਸਜਾਇਆ ਝੰਡਾ ਜਾਂ ਕੱਪੜਾ ਗੁੜੀ ਪਡਵਾ ਦੇ ਤਿਉਹਾਰ ਦੌਰਾਨ ਘਰਾਂ ਦੇ ਬਾਹਰ ਲਹਿਰਾਇਆ ਜਾਂਦਾ ਹੈ। ਝੰਡੇ ਨੂੰ ਫੁੱਲਾਂ, ਨਿੰਮ ਦੇ ਪੱਤਿਆਂ ਅਤੇ ਕਲਸ਼ ਨਾਲ ਸਜਾਇਆ ਜਾਂਦਾ ਹੈ। ਗੁਜਰਾਤ ਵਿੱਚ ਨਵਾਂ ਸਾਲ ਦੀਵਾਲੀ ਦੇ ਅਗਲੇ ਦਿਨ ਮਨਾਇਆ ਜਾਂਦਾ ਹੈ।

'ਵਿਸਾਖੀ' ਅਤੇ 'ਪੋਹੇਲਾ ਬੋਸ਼ਾਖ' ਪੰਜਾਬ ਅਤੇ ਪੱਛਮੀ ਬੰਗਾਲ ਵਿੱਚ ਕ੍ਰਮਵਾਰ ਮਨਾਏ ਜਾਂਦੇ ਤਿਉਹਾਰ ਸਥਾਨਕ ਕੈਲੰਡਰਾਂ ਵਿੱਚ ਨਵੇਂ ਸਾਲ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ। ਵਿਸਾਖੀ, ਪੰਜਾਬੀ ਨਵੇਂ ਸਾਲ ਦੀ ਨਿਸ਼ਾਨਦੇਹੀ ਕਰਦੀ ਹੈ। ਕਿਸਾਨ ਸੀਜ਼ਨ ਦੀ ਪਹਿਲੀ ਹਾੜੀ ਦੀ ਫ਼ਸਲ ਦੀ ਕਟਾਈ ਕਰਦੇ ਹਨ ਅਤੇ ਭਰਪੂਰ ਫ਼ਸਲ ਤੇ ਖੁਸ਼ਹਾਲੀ ਲਈ ਅਰਦਾਸ ਕਰਦੇ ਹਨ। ਇਸ ਦੇ ਨਾਲ ਹੀ ਸਿੱਖ ਸੱਭਿਆਚਾਰ ਵਿੱਚ ਵੀ ਇਸ ਦੀ ਮਹੱਤਤਾ ਹੈ, ਕਿਉਂਕਿ ਇਸ ਦਿਨ ਖਾਲਸਾ ਪੰਥ ਦੀ ਸਥਾਪਨਾ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਕੁੱਲ ਮਿਲਾ ਕੇ, ਭਾਰਤ ਵਿੱਚ ਨਵੇਂ ਸਾਲ ਦੇ ਜਸ਼ਨ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਦੀ ਇੱਕ ਅਮੀਰ ਫੁੱਲਵਾੜੀ ਹੈ, ਜੋ ਦੇਸ਼ ਦੀ ਸੱਭਿਆਚਾਰਕ ਵਿਭਿੰਨਤਾ ਅਤੇ ਨਵੀਨੀਕਰਨ ਦੀ ਮਹੱਤਤਾ ਤੇ ਆਉਣ ਵਾਲੇ ਸਾਲ ਲਈ ਉਮੀਦ ਨੂੰ ਦਰਸਾਉਂਦੇ ਹਨ। ਹਰੇਕ ਜਸ਼ਨ ਵਿੱਚ ਵਿਲੱਖਣ ਸਥਾਨਕ ਭੋਜਨ ਅਤੇ ਰੀਤੀ-ਰਿਵਾਜ ਸ਼ਾਮਲ ਹੁੰਦੇ ਹਨ, ਜੋ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਬਹੁਤ ਵੱਖਰੇ ਹੁੰਦੇ ਹਨ।

ਜਿਵੇਂ ਕਿ ਕੈਲੰਡਰ ਨਵੇਂ ਸਾਲ ਵੱਲ ਵਧਦਾ ਹੈ, ਸੰਸਾਰ ਸਮੂਹਿਕ ਤੌਰ 'ਤੇ ਉਮੀਦਾਂ, ਸੰਕਲਪਾਂ ਅਤੇ ਨਵਿਆਉਣ ਦੀ ਭਾਵਨਾ ਨਾਲ ਲੈਸ, ਨਵੀਂ ਸ਼ੁਰੂਆਤ ਕਰਨ ਲਈ ਰੁਕ ਜਾਂਦਾ ਹੈ। ਨਵੇਂ ਸਾਲ ਦਾ ਜਸ਼ਨ ਸਿਰਫ਼ ਇੱਕ ਸੱਭਿਆਚਾਰਕ ਸਮਾਗਮ ਤੋਂ ਵੱਧ ਹੈ; ਇਹ ਮਨੋਵਿਗਿਆਨ, ਸਮਾਜ ਸ਼ਾਸਤਰ, ਖਗੋਲ-ਵਿਗਿਆਨ ਅਤੇ ਜੀਵ-ਵਿਗਿਆਨ ਨੂੰ ਸ਼ਾਮਲ ਕਰਨ ਵਾਲੇ ਵੱਖ-ਵੱਖ ਵਿਗਿਆਨਕ ਸਿਧਾਂਤਾਂ ਵਿੱਚ ਡੂੰਘੀ ਜੜ੍ਹਾਂ ਰੱਖਦਾ ਹੈ। ਇਹ ਲੇਖ ਨਵੇਂ ਸਾਲ ਦੇ ਜਸ਼ਨਾਂ ਦੇ ਪਿੱਛੇ ਵਿਗਿਆਨਕ ਸਮਝ ਦੀ ਪੜਚੋਲ ਕਰਦਾ ਹੈ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਦਾ ਹੈ ਕਿ ਨਵੇਂ ਸਾਲ ਦੇ ਜਸ਼ਨਾਂ ਦਾ ਮਨੁੱਖੀ ਸਮਾਜ ਵਿੱਚ ਇੰਨਾ ਮਹੱਤਵ ਕਿਉਂ ਹੈ!

ਮਨੋਵਿਗਿਆਨਕ ਤੌਰ 'ਤੇ, ਨਵੇਂ ਸਾਲ ਦੀ ਸਵੇਰ ਨੂੰ ਅਕਸਰ ਇੱਕ ਸਾਫ਼ ਸਲੇਟ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਜਿਸਨੂੰ ਮੁੜ ਸ਼ੁਰੂ ਕਰਨ ਦੇ ਇੱਕ ਮੌਕਾ ਵਜੋਂ ਦੇਖਿਆ ਜਾ ਸਕਦਾ ਹੈ। ਇਹ ਵਰਤਾਰਾ ਅਸਥਾਈ ਭੂਮੀ ਚਿੰਨ੍ਹਾਂ ਦੀ ਧਾਰਨਾ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਅਜਿਹੀਆਂ ਘਟਨਾਵਾਂ ਹਨ, ਜੋ ਅਤੀਤ ਨੂੰ ਭਵਿੱਖ ਤੋਂ ਵੱਖ ਕਰਦੀਆਂ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਅਨੁਭਵਾਂ 'ਤੇ ਪ੍ਰਤੀਬਿੰਬਤ ਕਰਨ ਵਿੱਚ ਮਦਦ ਕਰਦੀਆਂ ਹਨ। 'ਸ਼ਖਸੀਅਤ ਅਤੇ ਸਮਾਜਿਕ ਮਨੋਵਿਗਿਆਨ' ਦੇ ਜਰਨਲ ਵਿੱਚ ਪ੍ਰਕਾਸ਼ਿਤ ਖੋਜ ਦਰਸਾਉਂਦੀ ਹੈ ਕਿ ਇਹ ਅਸਥਾਈ ਨਿਸ਼ਾਨੀਆਂ ਪ੍ਰੇਰਣਾਦਾਇਕ ਟਰਿਗਰਾਂ ਵਜੋਂ ਕੰਮ ਕਰ ਸਕਦੀਆਂ ਹਨ, ਵਿਅਕਤੀਆਂ ਨੂੰ ਨਵੇਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਯਤਨ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ। ਨਵੇਂ ਸਾਲ ਦੌਰਾਨ ਲੋਕ ਅਕਸਰ ਸਵੈ-ਸੁਧਾਰ ਲਈ ਅਭਿਲਾਸ਼ੀ ਯੋਜਨਾਵਾਂ ਦਾ ਸੰਕਲਪ ਤੈਅ ਕਰਦੇ ਹਨ, ਜਿਵੇਂ ਕਿ ਤੰਦਰੁਸਤ ਹੋਣਾ, ਹਾਨੀਕਾਰਕ ਆਦਤਾਂ ਨੂੰ ਛੱਡਣਾ, ਜਾਂ ਕਿਸੇ ਵਿਅਕਤੀ ਦੇ ਗਿਆਨ ਦੀ ਸੀਮਾ ਨੂੰ ਵਧਾਉਣਾ।

ਮਨੋਵਿਗਿਆਨੀਆਂ ਦੁਆਰਾ ਰੈਜ਼ੋਲੂਸ਼ਨ ਸੈਟਿੰਗ ਦੀ ਕਿਰਿਆ ਨੂੰ 'ਟੀਚਾ-ਸੈਟਿੰਗ ਥਿਊਰੀ' ਕਿਹਾ ਜਾਂਦਾ ਹੈ। ਇਹ ਸਿਧਾਂਤ ਇਹ ਦਲੀਲ ਦਿੰਦਾ ਹੈ ਕਿ ਖਾਸ ਅਤੇ ਚੁਣੌਤੀਪੂਰਨ ਟੀਚੇ ਉੱਚ ਪ੍ਰਦਰਸ਼ਨ ਵੱਲ ਲੈ ਜਾ ਸਕਦੇ ਹਨ। ਇਸ ਲਈ ਨਵਾਂ ਸਾਲ ਉਮੀਦ ਅਤੇ ਪ੍ਰੇਰਣਾ ਪੈਦਾ ਕਰਕੇ ਨਿੱਜੀ ਵਿਕਾਸ ਲਈ ਉਤਪ੍ਰੇਰਕ ਵਜੋਂ ਕੰਮ ਕਰਦਾ ਹੈ। ਮਨੁੱਖ ਕੁਦਰਤੀ ਤੌਰ 'ਤੇ ਸਮਾਜਿਕ ਜੀਵ ਹੁੰਦੇ ਹਨ ਅਤੇ ਜਸ਼ਨ ਵਿਅਕਤੀਆਂ ਨੂੰ ਬੰਧਨ, ਅਨੁਭਵ ਸਾਂਝੇ ਕਰਨ ਤੇ ਆਪਣੇ ਆਪ ਦੀ ਭਾਵਨਾ ਪੈਦਾ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ। ਸਮਾਜ-ਵਿਗਿਆਨੀ ਐਮਿਲ ਦੁਰਖਿਮ ਅਨੁਸਾਰ 'ਸਮੂਹਿਕ ਪ੍ਰਭਾਵ' ਉਸ ਊਰਜਾ ਅਤੇ ਮੂਡ ਦਾ ਵਰਣਨ ਕਰਦਾ ਹੈ, ਜੋ ਉਦੋਂ ਪੈਦਾ ਹੁੰਦੀ ਹੈ ਜਦੋਂ ਸਮੂਹ ਜਸ਼ਨ ਮਨਾਉਣ ਲਈ ਇਕੱਠੇ ਹੁੰਦੇ ਹਨ। ਨਵਾਂ ਸਾਲ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਦੁਆਰਾ ਵਿਸ਼ੇਸ਼ ਹੁੰਦਾ ਹੈ, ਆਤਿਸ਼ਬਾਜ਼ੀ ਤੋਂ ਲੈ ਕੇ ਕਾਊਂਟਡਾਊਨ ਤੱਕ; ਤੇ ਇਹ ਸਮੂਹਿਕ ਅਨੁਭਵ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਦੇ ਹਨ। ਪਰਿਵਾਰ ਅਤੇ ਦੋਸਤਾਂ ਨਾਲ ਜਸ਼ਨ ਮਨਾਉਣ ਦਾ ਕੰਮ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ ਤੇ ਇੱਕ ਸਹਾਇਤਾ ਨੈੱਟਵਰਕ ਦਾ ਪਾਲਣ ਪੋਸ਼ਣ ਕਰਦਾ ਹੈ, ਜੋ ਮਨੋਵਿਗਿਆਨਕ ਸਿਹਤ ਲਈ ਜ਼ਰੂਰੀ ਹੈ। ਸੱਭਿਆਚਾਰ, ਪਰੰਪਰਾਵਾਂ ਅਤੇ ਆਨੰਦ ਦੀ ਸਾਂਝ ਭਾਈਚਾਰੇ ਅਤੇ ਸਾਂਝੀ ਪਛਾਣ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ, ਜਿਸ ਨਾਲ ਅਕਸਰ ਡੂੰਘੇ ਭਾਵਨਾਤਮਕ ਸਬੰਧ ਬਣਦੇ ਹਨ।




■ ਪਹਿਲੀ ਜਨਵਰੀ 2025 ਨੂੰ ਮੁਕਾਤੀ (ਮੈਟਰੋ ਮਨੀਲਾ) ਵਿਖੇ ਲਾਈਟਾਂ ਨਾਲ ਜਗਮਗਾ ਰਹੀਆਂ ਇਮਾਰਤਾਂ ਉਤੇ ਹੋਈ ਆਤਿਸ਼ਬਾਜ਼ੀ ਦਾ ਇੱਕ ਨਜ਼ਾਰਾ

ਨਵਾਂ ਸਾਲ ਬੁਨਿਆਦੀ ਤੌਰ 'ਤੇ ਸਮੇਂ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਖਗੋਲ-ਵਿਗਿਆਨਕ ਘਟਨਾਵਾਂ ਦੁਆਰਾ ਆਕਾਰ ਦਿੱਤਾ ਗਿਆ ਹੈ। ਅੱਜ ਅਸੀਂ ਜੋ ਕੈਲੰਡਰ ਵਰਤਦੇ ਹਾਂ, ਉਹ ਸੂਰਜੀ ਅਤੇ ਚੰਦਰ ਚੱਕਰਾਂ ਦੇ ਪ੍ਰਾਚੀਨ ਨਿਰੀਖਣਾਂ ਵਿੱਚ ਐਂਕਰ ਕੀਤੇ ਗਏ ਹਨ। ਗ੍ਰੈਗੋਰੀਅਨ ਕੈਲੰਡਰ, ਜੋ ਅੱਜ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ, ਸੂਰਜ ਦੇ ਦੁਆਲੇ ਧਰਤੀ ਦੇ ਚੱਕਰਾਂ ਨਾਲ ਇਕਸਾਰਤਾ ਨੂੰ ਕਾਇਮ ਰੱਖਣ ਲਈ ਸਥਾਪਿਤ ਕੀਤਾ ਗਿਆ ਸੀ। ਸਮੇਂ ਦਾ ਇਹ ਚੱਕਰਵਾਚਕ ਚਿੰਨ੍ਹ ਹੋਂਦ ਦੀ ਹਫੜਾ-ਦਫੜੀ 'ਤੇ ਬਣਤਰ ਨੂੰ ਥੋਪਣ ਲਈ ਮਨੁੱਖੀ ਯਤਨਾਂ ਨੂੰ ਰੇਖਾਂਕਿਤ ਕਰਦਾ ਹੈ। ਕੁਦਰਤ ਦਿਨ ਅਤੇ ਰਾਤ ਤੋਂ ਰੁੱਤਾਂ ਤੱਕ ਚੱਕਰਾਂ ਵਿੱਚ ਕੰਮ ਕਰਦੀ ਹੈ, ਤੇ ਮਨੁੱਖ ਇਨ੍ਹਾਂ ਜੈਵਿਕ ਤਾਲਾਂ ਤੋਂ ਮੁਕਤ ਨਹੀਂ ਹਨ। ਇੱਕ ਅਧਿਐਨ ਦਰਸਾਉਂਦਾ ਹੈ ਕਿ ਮਨੁੱਖੀ ਵਿਹਾਰ ਸਰਕੇਡੀਅਨ ਤਾਲ ਦੁਆਰਾ ਬਹੁਤ ਪ੍ਰਭਾਵਿਤ ਹੁੰਦਾ ਹੈ, ਜੋ ਨੀਂਦ ਦੇ ਪੈਟਰਨਾਂ ਅਤੇ ਸਰੀਰਕ ਪ੍ਰਕਿਰਿਆਵਾਂ ਨੂੰ ਨਿਯੰਤ੍ਰਿਤ ਕਰਦਾ ਹੈ।

ਸਾਲ ਦਾ ਬਦਲਣਾ ਛੋਟੇ ਦਿਨਾਂ ਦੇ ਅੰਤ ਅਤੇ ਲੰਬੇ ਸੂਰਜ ਦੀ ਰੌਸ਼ਨੀ ਦੇ ਘੰਟਿਆਂ ਦੀ ਵਾਪਸੀ ਦੇ ਨਾਲ ਮੇਲ ਖਾਂਦਾ ਹੈ, ਤੇ ਵਾਤਾਵਰਣ ਵਿੱਚ ਨਵਿਆਉਣ ਦੇ ਇੱਕ ਕੁਦਰਤੀ ਚੱਕਰ ਨੂੰ ਦਰਸਾਉਂਦਾ ਹੈ। ਬਹੁਤ ਸਾਰੀਆਂ ਸੰਸਕ੍ਰਿਤੀਆਂ ਵਿੱਚ ਨਵਾਂ ਸਾਲ, ਨਵਿਆਉਣ ਅਤੇ ਪੁਨਰ ਜਨਮ 'ਤੇ ਜ਼ੋਰ ਦਿੰਦੇ ਹੋਏ, ਖੇਤੀਬਾੜੀ ਦੇ ਚੱਕਰਾਂ ਨਾਲ ਨੇੜਿਓਂ ਮੇਲ ਖਾਂਦਾ ਹੈ। ਬਸੰਤ ਦੇ ਤਿਉਹਾਰ, ਜੋ ਨਵੇਂ ਸਾਲ ਦੇ ਨਾਲ ਮੇਲ ਖਾਂਦੇ ਹਨ, ਜਿਵੇਂ ਕਿ ਨੌਰੋਜ਼ (ਫ਼ਾਰਸੀ ਨਵਾਂ ਸਾਲ), ਬਸੰਤ ਦੀ ਸ਼ੁਰੂਆਤ ਅਤੇ ਜੀਵਨ ਦੀ ਪੁਨਰ ਸੁਰਜੀਤੀ ਦਾ ਜਸ਼ਨ ਮਨਾਉਂਦੇ ਹਨ। ਜੀਵ-ਵਿਗਿਆਨਕ ਤੌਰ 'ਤੇ, ਇਹ ਜੀਵਨਸ਼ਕਤੀ ਅਤੇ ਨਵਿਆਉਣ ਦੀਆਂ ਭਾਵਨਾਵਾਂ ਨੂੰ ਪੈਦਾ ਕਰ ਸਕਦਾ ਹੈ, ਨਵੀਂ ਸ਼ੁਰੂਆਤ ਦਾ ਜਸ਼ਨ ਮਨਾਉਣ ਲਈ ਕੁਦਰਤੀ ਉਤਸੁਕਤਾ ਨੂੰ ਉਤਸ਼ਾਹਿਤ ਕਰਦਾ ਹੈ। ਮਾਨਵ-ਵਿਗਿਆਨਕ ਤੌਰ 'ਤੇ, ਜਸ਼ਨ ਸਮੇਂ ਦੀ ਨਿਸ਼ਾਨਦੇਹੀ ਕਰਨ, ਜੀਵਨ ਪਰਿਵਰਤਨ ਨੂੰ ਸਵੀਕਾਰ ਕਰਨ ਅਤੇ ਸੱਭਿਆਚਾਰਕ ਬਿਰਤਾਂਤਾਂ ਨੂੰ ਪ੍ਰਗਟ ਕਰਨ ਦੇ ਤਰੀਕੇ ਵਜੋਂ ਕੰਮ ਕਰਦੇ ਹਨ। ਨਵੇਂ ਸਾਲ ਦੇ ਜਸ਼ਨਾਂ ਵਿੱਚ ਅਕਸਰ ਰੀਤੀ ਰਿਵਾਜ ਸ਼ਾਮਲ ਹੁੰਦੇ ਹਨ, ਜੋ ਮਨੁੱਖੀ ਜੀਵਨ ਚੱਕਰ, ਖੇਤੀਬਾੜੀ ਚੱਕਰ, ਜਾਂ ਇਤਿਹਾਸਕ ਘਟਨਾਵਾਂ ਨੂੰ ਦਰਸਾਉਂਦੇ ਹਨ, ਜੋ ਮਨੁੱਖਤਾ ਅਤੇ ਇਸਦੇ ਵਾਤਾਵਰਣ ਵਿਚਕਾਰ ਆਪਸੀ ਤਾਲਮੇਲ 'ਤੇ ਜ਼ੋਰ ਦਿੰਦੇ ਹਨ।

ਸੰਖੇਪ ਰੂਪ ਵਿੱਚ ਨਵੇਂ ਸਾਲ ਦਾ ਜਸ਼ਨ ਇੱਕ ਬਹੁਪੱਖੀ ਵਰਤਾਰਾ ਹੈ, ਜੋ ਤਬਦੀਲੀ ਲਈ ਮਨੋਵਿਗਿਆਨਕ ਪ੍ਰੇਰਣਾ, ਸਮਾਜਕ-ਸੱਭਿਆਚਾਰਕ ਪ੍ਰਗਟਾਵੇ, ਖਗੋਲ-ਵਿਗਿਆਨਕ ਚੱਕਰਾਂ ਅਤੇ ਮਨੁੱਖੀ ਵਿਹਾਰ ਦੇ ਪੈਟਰਨਾਂ ਨੂੰ ਜੋੜਦਾ ਹੈ। ਹਾਲਾਂਕਿ ਖਾਸ ਰੀਤੀ-ਰਿਵਾਜ ਅਤੇ ਤਾਰੀਖਾਂ ਵੱਖਰੀਆਂ ਹੋ ਸਕਦੀਆਂ ਹਨ, ਨਵਿਆਉਣ, ਉਮੀਦ ਅਤੇ ਭਾਈਚਾਰੇ ਦੀ ਅੰਤਰੀਵ ਮਹੱਤਤਾ ਇੱਕ ਸਾਂਝਾ ਧਾਗਾ ਹੈ, ਜੋ ਵਿਸ਼ਵ ਭਰ ਵਿੱਚ ਵਿਭਿੰਨ ਸੱਭਿਆਚਾਰਾਂ ਨੂੰ ਜੋੜਦਾ ਹੈ।


***ਨਾਵਲ 'ਵਿਗੜੀ ਹੋਈ ਕੁੜੀ' ਦਾ ਪਹਿਲਾ ਕਾਂਡ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁਕੇ ਹਨ। ਅਗਲੀਆਂ ਕਿਸ਼ਤਾਂ ਵਿਚ ਨਾਵਲ ਵਿਚਲੀਆਂ ਘਟਨਾਵਾਂ ਪੜ੍ਹ ਕੇ ਪਾਠਕਾਂ ਦੀ ਰਾਏ ਵੱਖੋ-ਵੱਖ ਹੋ ਸਕਦੀ ਹੈ, ਪਰ ਜਿਵੇਂ ਕਿ ਅਸੀਂ ਪਹਿਲੀ ਕਿਸ਼ਤ ਵਿਚ ਵੀ ਲਿਖਿਆ ਸੀ, 'ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਨਾਵਲ ਦੀ ਦੂਜੀ ਕਿਸ਼ਤ...***



## 'ਵਿਗੜੀ ਹੋਈ ਕੁੜੀ' *(ਝੂਠ ਜਿਹਾ ਸੱਚ)*

### ਕਿਸ਼ਤ (2)

**ਬਖ਼ਸ਼ਿੰਦਰ**
**ਵੱਟਸਐਪ:+1-778-793-8979**



# ਅਣ-ਕੱਜੇ ਸੁਆਲ !



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਟੀਵੀ ਸਕਰੀਨ ਉੱਤੇ ਦਾਨਿਸ਼ ਨੂੰ ਰੋਪੜ ਦੇ ਇਕ ਆੜ੍ਹਤੀਏ ਦੇ ਮੁਨੀਮ ਵਰਗੇ ਇਕ ਬੰਦੇ ਦਾ ਗੰਜ ਚਮਕਦਾ ਦਿਸਿਆ। ਉਸ ਦੇ 'ਕਲੋਜ਼ ਅੱਪ' ਤੋਂ ਬਾਅਦ ਦ੍ਰਿਸ਼ ਚੌੜਾ ਹੋਇਆ ਤਾਂ ਫ੍ਰੇਮ ਦੇ ਦੂਜੇ ਪਾਸੇ ਇਕ ਕੁੜੀ ਬੈਠੀ ਸੀ, ਜੋ ਪਰੀ ਤਾਂ ਨਹੀਂ ਸੀ, ਪਰ ਪਰੀਆਂ ਤੋਂ ਘੱਟ ਵੀ ਨਹੀਂ ਸੀ। ਉਹ ਗੰਜੇ ਸਿਰ ਵਾਲ਼ਾ, ਜਿਸ ਨੂੰ ਵਾਰ-ਵਾਰ ਗੰਜਾ ਲਿਖਣ ਦੀ ਥਾਂ 'ਚੌਬੇ' ਲਿਖ ਦਿੰਨੇਂ ਹਾਂ, ਆਪਣੇ ਦੌਲਤਮੰਦ ਹੋਣ ਦੀ ਵਜ੍ਹਾ ਨਾਲ਼ 'ਟੀਵੀ ਪੱਤਰਕਾਰ' ਬਣਿਆ ਹੋਇਆ ਸੀ। ਇਹ ਗੱਲ, ਜੇ ਨਾ ਵੀ ਦੱਸੀ ਜਾਂਦੀ ਤਾਂ ਉਸ ਦੇ ਸੁਆਲ ਤੇ ਸੁਆਲ ਕਰਨ ਦਾ ਢੰਗ ਦੇਖ ਕੇ, ਆਪੇ ਹੀ ਖੁੱਲ੍ਹ ਕੇ ਬਾਹਰ ਆ ਜਾਣੀ ਸੀ। ਉਂਝ ਇਸ ਟੀਵੀ ਚੈਨਲ ਵਿਚ ਬਹੁਤ ਵਧੀਆ ਸੁਆਲ, ਬਹੁਤ ਹੀ ਵਧੀਆ ਢੰਗ ਨਾਲ਼ ਕਰਨ ਵਾਲ਼ਿਆਂ ਦੀ ਵੀ ਘਾਟ ਨਹੀਂ ਸੀ, ਪਰ ਕੈਨੇਡਾ-ਅਮਰੀਕਾ ਵਿਚ 'ਨੰਗੇਜ ਭਰੀਆਂ' ਤੇ 'ਤਿੰਨ ਕਾਂਟਿਆਂ ਵਾਲ਼ੀਆਂ' ਯਾਨੀ 'ਟ੍ਰਿਪਲ ਐਕਸ' ਅਤੇ 'ਨੀਲੀਆਂ' ਸਦਾਉਂਦੀਆਂ ਫ਼ਿਲਮਾਂ ਵਿਚ 'ਨੰਗੇ-ਧੜ' ਲੜਦੀ ਆਈ ਇਸ ਅਦਾਕਾਰਾ ਦਾ ਇੰਟਰਵਿਊ ਲੈਣ ਖ਼ਾਤਰ ਹੀ ਤਾਂ, 'ਚੌਬੇ' ਇਸ ਟੀਵੀ ਚੈਨਲ ਦਾ 'ਚੀਫ਼ ਐਗਜ਼ੀਕਿਊਟਿਵ ਐਡੀਟਰ' ਬਣਿਆ ਹੋਇਆ ਸੀ। ਉਹ, ਇੰਟਰਵਿਊ ਦੇਣ ਵਾਲ਼ੀ ਨੂੰ ਸੁਆਲ ਕਰਨ ਤੋਂ ਪਹਿਲਾਂ ਉਸ ਸੁਆਲ ਨੂੰ ਆਪਣੇ ਦੰਦਾਂ ਨਾਲ਼ ਪੀਂਹਦਾ ਲੱਗਦਾ ਸੀ। ਉਸ ਦੀ ਆਵਾਜ਼, ਲਹਿਜਾ ਅਤੇ ਸ਼ਕਲ ਟੀਵੀ ਉੱਤੇ ਦਿਖਾਏ ਜਾਣ ਯੋਗ ਨਹੀਂ ਸਨ, ਪਰ ਉਸ ਦਾ ਬਟੂਆ ਤੇ ਚੈੱਕਬੁੱਕ, ਇਸ ਮਾਮਲੇ ਵਿਚ ਉਸ ਚੈਨਲ ਦੇ ਸੀਨੀਅਰ ਪ੍ਰੋਡਿਊਸਰਜ਼ ਦੀ ਪੇਸ਼ ਨਹੀਂ ਜਾਣ ਦਿੰਦੇ ਹੁੰਦੇ ਸਨ।

ਇਹ ਬੀਬੀ ਅਮਰੀਕਾ ਅਤੇ ਕੈਨੇਡਾ ਦੀ 'ਪੋਰਨ ਫ਼ਿਲਮ ਵਰਲਡ' ਦਾ ਬਹੁਤ ਹੀ ਮੰਨਿਆ-ਪ੍ਰਮੰਨਿਆ 'ਜਿਸਮ' (ਉਂਝ ਉਸ ਦਾ ਚਿਹਰਾ ਵੀ ਮਾੜਾ ਨਹੀਂ ਸੀ) ਹੋਣ ਦੀ ਵਜ੍ਹਾ ਨਾਲ਼ 'ਚੌਬੇ' ਨੂੰ ਲੱਗਦਾ ਸੀ ਕਿ ਇੰਟਰਵਿਊ ਕਰਨ ਦੇ ਬਹਾਨੇ, ਉਸ ਕੋਲ ਇਸ ਬੀਬੀ ਦਾ ਲਿਬਾਸ ਤਾਰ-ਤਾਰ ਕਰ ਸੁੱਟਣ ਦਾ ਲਾਇਸੈਂਸ ਹੈ। 'ਚੌਬੇ' ਇੱਕੀਵੀਂ ਸਦੀ ਵਿਚ ਉੱਨੀਵੀਂ ਸਦੀ ਵਾਲ਼ੇ ਸੁਆਲ ਪੁੱਛਣ ਦੇ ਹੀਲੇ ਕਰ ਰਿਹਾ ਸੀ।

"ਮੈਨੂੰ ਕੋਈ ਇਕ ਗੱਲ ਇਹੋ ਜਿਹੀ ਦੱਸੋ, ਜਿਸ ਬਾਰੇ ਤੁਹਾਨੂੰ ਅਫ਼ਸੋਸ ਹੋਇਆ ਹੋਵੇ। ਕੋਈ ਇਕ ਗੱਲ, ਜਿਸ ਬਾਰੇ ਤੁਹਾਡਾ ਇਹ ਖ਼ਿਆਲ ਹੋਵੇ ਕਿ ਉਹ ਤੁਹਾਡੇ ਨਾਲ਼ ਚੰਗੀ ਨਹੀਂ ਹੋਈ?" ਚੱਜ ਨਾਲ਼ ਜਾਣ-ਪਛਾਣ ਕਰਾਏ ਬਗ਼ੈਰ ਹੀ 'ਚੌਬੇ' ਨੇ ਪਤਾ ਨਹੀਂ ਕਿੱਥੋਂ ਕੱਢ ਕੇ, ਇਹ ਸੁਆਲ 'ਕਰ ਸੁੱਟਿਆ'। ਇਸ ਸੁਆਲ ਦਾ ਜੁਆਬ ਦੇਣ ਤੋਂ ਪਹਿਲਾਂ ਉਸ ਬੀਬੀ ਨੇ ਕੁੱਝ ਚਿਰ ਖ਼ਾਮੋਸ਼ ਰਹਿ ਕੇ ਸੋਚਿਆ, ਜਦੋਂ ਕਿ ਉਹ ਤੁਰੰਤ ਹੀ ਇਹ ਵੀ ਕਹਿ ਸਕਦੀ ਸੀ, "ਮੇਰਾ ਇਹ ਇੰਟਰਵਿਊ ਦੇਣ ਲਈ ਹਾਂ ਕਰਨਾ ਹੀ, 'ਉਹ ਅਫ਼ਸੋਸਨਾਕ ਗੱਲ' ਏ।"

ਇਸ ਦੀ ਥਾਂ ਉਸ ਬੀਬੀ (ਜਿਸ ਦਾ 'ਕੰਮ ਚਲਾਊ ਜਿਹਾ ਨਾਂ 'ਚੰਨੀ' ਰੱਖ ਲੈਨੇਂ ਹਾਂ) ਨੇ ਕਿਹਾ, "ਮੈਨੂੰ ਸਦਾ ਹੀ ਇਸ ਗੱਲ ਦਾ ਅਫ਼ਸੋਸ ਰਹੇਗਾ ਕਿ ਮੇਰੀ ਮਾਂ ਦੀ ਮੌਤ ਹੋਣ ਵੇਲ਼ੇ, ਮੈਂ ਬਹੁਤ ਦੇਰ ਨਾਲ਼ ਘਰ ਪੁੱਜੀ ਸਾਂ।"

ਦਰਸ਼ਕ ਦੇਖ ਸਕਦੇ ਸਨ ਕਿ ਇਹ ਜੁਆਬ ਸੁਣ ਕੇ 'ਚੌਬੇ' ਦੇ ਸਿਰ ਸੌ ਘੜਾ ਪਾਣੀ ਪੈ ਗਿਆ ਲੱਗਦਾ ਸੀ, ਕਿਉਂਕਿ ਉਸ ਨੂੰ ਕੋਈ ਚਸਕੇਦਾਰ ਜੁਆਬ ਮਿਲਣ ਦੀ ਆਸ ਸੀ। ਇਸ ਤੋਂ ਬਾਅਦ ਦੋ ਕੁ ਗੱਲਾਂ ਇੱਧਰਲੀਆਂ-ਉੱਧਰਲੀਆਂ ਮਾਰਨ ਮਗਰੋਂ ਉਸ ਨੇ ਫਿਰ, ਠਰਕ ਭੋਰਨ ਦੇ ਇਰਾਦੇ ਨਾਲ਼ ਇਹ ਸੁਆਲ ਕੀਤਾ, "ਕੀ ਕਦੇ-ਕਦਾਈਂ ਤੁਹਾਨੂੰ, ਤੁਹਾਡੇ ਅਤੀਤ ਦੀ ਹਕੀਕਤ ਜਾਂ ਇਹ ਗੱਲ ਦੁਖੀ ਨਹੀਂ ਕਰਦੀ ਕਿ ਤੁਸੀਂ 'ਨੰਗੇਜ ਦੀ ਮਲਕਾ' ਰਹੇ ਹੋਂ? ਕੀ ਇਸ ਗੱਲ ਵੱਲੋਂ ਤੁਹਾਨੂੰ ਸਤਾਇਆ ਜਾਣਾ, ਜਾਰੀ ਰੱਖੇ ਜਾਣ ਦੀ ਜਾਂ ਫਿਰ ਤੁਹਾਨੂੰ ਉਸ ਪੁਰਾਣੇ ਦੌਰ ਵੱਲ ਧੂਹ ਲਏ ਜਾਣ ਦਾ ਡਰ ਨਹੀਂ ਰਹਿੰਦਾ?"

"ਜੇ ਮੈਂ ਕਲੌਕ ਨੂੰ ਪੁੱਠਾ ਗੇੜ ਦਿਆਂ ਤਾਂ ਕੀ ਫੇਰ ਵੀ ਤੁਸੀਂ ਇਸ ਸੀਟ ਉੱਤੇ ਬੈਠੇ ਇਹੋ-ਜਿਹੇ ਸੁਆਲ ਪੁੱਛਦੇ ਹੋਵੋਗੇ?" ਚੰਨੀ ਦੇ ਇਸ ਜੁਆਬ ਨੇ ਚੌਬੇ ਦੇ ਦੰਦ ਜੋੜ ਦਿੱਤੇ ਸਨ, ਕਿਉਂਕਿ ਚੰਨੀ ਨੇ ਉਸ ਨੂੰ ਇਸ ਸੁਆਲ ਦਾ ਜੁਆਬ ਦੇਣ ਜੋਗਾ ਨਾ ਛੱਡ ਕੇ, ਆਪਣੀ ਗੱਲ ਜਾਰੀ ਰੱਖੀ ਤੇ ਦੱਸਿਆ ਕਿ ਉਸ ਨੇ ਆਪਣੀ ਹੁਣ ਤਕ ਦੀ ਜ਼ਿੰਦਗੀ ਵਿਚ ਕੀ-ਕੀ ਕੀਤਾ ਹੋਇਆ ਹੈ। ਉਸ ਨੇ ਇਹ ਵੀ ਕਿਹਾ, "ਅਸੀਂ ਜੋ-ਜੋ ਵੀ ਕਰਦੇ ਹਾਂ, ਜਿੱਦਾਂ-ਜਿੱਦਾਂ ਵੀ ਕਰਦੇ ਹਾਂ, ਉਹ ਸਾਰੇ ਕੰਮ, ਸਾਡੀ ਸ਼ਖ਼ਸੀਅਤ ਉੱਤੇ ਆਪਣੀ ਛਾਪ ਛੱਡ ਜਾਂਦੇ ਨੇ।" ਚੌਬੇ ਇਹ ਜੁਆਬ ਸੁਣ ਕੇ ਭਵੰਤਰ ਜਿਹਾ ਗਿਆ ਤੇ ਉਹ ਸੋਚਣ ਲੱਗਿਆ ਕਿ ਇਹ ਗੱਲ ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਕੈਮਰੇ ਅੱਗੇ 'ਨੰਗੇ-ਧੜ' ਕੰਮ ਕਰਦੀ ਰਹੀ ਇਹ ਕੁੜੀ ਹੁਣ ਕੈਮਰੇ ਅੱਗੇ ਢਕੇ ਸਰੀਰ ਆ ਕੇ ਉਸ ਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦੇ ਰੂ-ਬ-ਰੂ ਕਰਾਏਗੀ।

ਇਨ੍ਹਾਂ ਦੋ ਕੁ ਸੁਆਲਾਂ ਦੇ ਜੁਆਬ ਆਪਣੀ ਆਸ ਮੁਤਾਬਕ ਨਾ ਮਿਲਣ ਦੀ ਵਜ੍ਹਾ ਨਾਲ਼ ਚੌਬੇ ਪੈਰਾਂ ਤੋਂ ਨਿੱਕਲਿਆ ਹੋਇਆ ਦਿਸਣ ਲੱਗ ਪਿਆ ਸੀ। ਦਾਨਿਸ਼ ਨੇ ਇਕ ਡਿਕਟਾਫੋਨ ਰਾਹੀਂ ਇਸ ਇੰਟਰਵਿਊ ਦੀ ਆਡੀਓ ਰਿਕਾਰਡਿੰਗ ਕਰਨੀ ਸ਼ੁਰੂ ਕੀਤੀ ਹੋਈ ਸੀ, ਕਿਉਂਕਿ ਉਸ ਨੂੰ ਚੰਨੀ ਦੇ ਜੁਆਬਾਂ ਵਿਚ 'ਦਮ' ਦਿਸਣ ਲੱਗ ਪਿਆ ਸੀ।

ਚੌਬੇ ਦੇ ਅੰਦਰ ਭਾਰਤੀ ਨੈਤਿਕਤਾ ਦਾ ਰਾਖਾ ਜਾਗ ਪਿਆ ਤਾਂ ਉਸ ਨੇ ਸੁਆਲ ਕੀਤਾ, "ਕਿੰਨੇ ਕੁ ਲੋਕ ਇਹ ਮਹਿਸੂਸ ਕਰਦੇ ਹਨ ਕਿ ਭਾਰਤੀ ਨੈਤਿਕਤਾ ਦੇ ਭਿੱਟੇ ਜਾਣ ਲਈ ਚੰਨੀ ਹੌਂਡਾ ਹੀ ਜ਼ਿੰਮੇਵਾਰ ਹੈ?"

"ਵੈਸੇ ਤਾਂ ਮੈਂ ਹਾਲੇ ਇਹੋ ਜਿਹੇ ਲੋਕਾਂ ਦੀ ਗਿਣਤੀ ਨਹੀਂ ਕੀਤੀ, ਪਰ ਫਿਰ ਵੀ ਇੰਨਾ ਕੁ ਜ਼ਰੂਰ ਜਾਣਦੀ ਹਾਂ ਕਿ ਭਾਰਤ ਵਿਚ ਇਹੋ ਜਿਹੀਆਂ ਔਰਤਾਂ ਦੀ ਗਿਣਤੀ ਕਾਫ਼ੀ ਹੈ, ਜੋ ਇਹ ਸਮਝਦੀਆਂ ਨੇ ਕਿ 'ਚੰਨੀ ਹੌਂਡਾ', ਉਨ੍ਹਾਂ ਦੇ ਸ਼ੌਹਰਾਂ ਲਈ ਬਹੁਤ ਵੱਡਾ ਖ਼ਤਰਾ ਏ। ਉਹ ਸੋਚਦੀਆਂ ਰਹਿੰਦੀਆਂ ਹਨ ਕਿ ਚੰਨੀ ਉਨ੍ਹਾਂ ਤੋਂ, ਉਨ੍ਹਾਂ ਦੇ ਸ਼ੌਹਰ ਖੋਹ ਕੇ ਲੈ ਜਾਏਗੀ। ਕੀ ਤੁਹਾਡੀ ਬੀਵੀ ਨੂੰ ਵੀ ਇਹ ਇੰਟਰਵਿਊ ਦੇਖ ਕੇ, ਇਸ ਤਰ੍ਹਾਂ ਹੀ ਮਹਿਸੂਸ ਨਹੀਂ ਹੋਏਗਾ?"

ਦਾਨਿਸ਼ ਹੈਰਾਨ ਸੀ ਕਿ ਜੇ ਚੰਨੀ ਨੇ ਇਹ ਜੁਆਬ, ਇਹ ਤੋੜਾ ਝਾੜਦਿਆਂ ਨਾ ਦਿੱਤਾ ਹੁੰਦਾ ਤੇ ਸੁਆਲਾਂ ਦਾ ਮੂੰਹ 'ਬਾਲੀਵੁਡ' ਵੱਲ ਨਾ ਮੁੜਦਾ ਤਾਂ ਚੰਨੀ ਹੌਂਡਾ ਨੇ ਚੌਬੇ ਵਰਗਿਆਂ ਦੇ ਘਰਾਂ ਵਿਚ ਜਾ ਵੜਨਾ ਸੀ। ਹੁਣ ਜਦੋਂ ਕਿ ਚੰਨੀ ਹੌਂਡਾ, ਹਿੰਦੀ ਸਿਨੇਮਾ ਦੀ 'ਲਾਜ਼ਮੀ ਬੁਰਾਈ' ਬਣ ਚੁੱਕੀ ਸੀ, ਚੌਬੇ ਨੇ ਸੁਆਲ ਕਰਨ ਤੋਂ ਪਹਿਲਾਂ ਉਸ ਦੇ ਸਿਰ ਇਹ ਦੋਸ਼ ਲਾਇਆ ਕਿ 'ਉਸ ਨੇ ਹਿੰਦੀ ਸਿਨੇਮਾ ਦੇ ਫਾਈਨ ਆਰਟ ਦਾ ਮਿਆਰ ਬਹੁਤ ਹੀ ਨੀਵਾਂ ਕਰ ਸੁੱਟਿਆ ਹੈ।' ਇਸ ਦੇ ਜੁਆਬ ਵਿਚ ਚੰਨੀ ਦਾ "ਅੱਛਾ ਜੀ!" ਕਹਿ ਦੇਣਾ ਹੀ ਬੜਾ ਸੀ, ਜੋ ਚੌਬੇ ਨੂੰ ਇਹ ਕਹਿਣ ਤਕ ਮਜਬੂਰ ਕਰ ਗਿਆ, "ਤੁਹਾਡੇ ਇਹ 'ਆਈਟਮ ਸੌਂਗਜ਼' ਤੇ 'ਅਡੱਲਟ ਹਿਊਮਰ', 'ਸਿੱਧੇ-ਸਾਦੇ' ਹਿੰਦੀ ਸਿਨੇਮਾ ਅੰਦਰ, ਇਹ 'ਵ਼ਲ-ਵ਼ਲੇਵੇਂ' ਪਾਉਣ ਲਈ ਜ਼ਿੰਮੇਵਾਰ ਨਹੀਂ ਹਨ?"

"ਰਹਿਮ, ਰਹਿਮ ਕਰੋ ਚੌਬੇ ਸਾਹਿਬ, ਨਾ ਤਾਂ ਮੈਂ ਇਹ 'ਆਈਟਮ ਸੌਂਗਜ਼' ਲਿਖੇ ਹਨ, ਨਾ ਗਾਏ ਹਨ। ਇਹ ਸਭ ਕੁੱਝ ਕਹਾਣੀ ਅਤੇ ਨਿਰਦੇਸ਼ਕ ਦੀ ਮੰਗ ਸੀ। ਜੇ ਮੈਂ ਉਨ੍ਹਾਂ 'ਆਈਟਮ ਸੌਂਗਜ਼' ਉੱਤੇ 'ਪਰਫਾਰਮ' ਕਰਨੋਂ ਇਨਕਾਰ ਕਰ ਦਿੰਦੀ ਤਾਂ ਮੇਰੇ ਉੱਤੇ 'ਕੱਲ੍ਹ ਜੰਮੀ, ਅੱਜ ਸੁਰਗਾਂ ਨੂੰ ਤੁਰ ਪਈ' ਦਾ ਦੋਸ਼ ਤਾਂ ਲੱਗਣਾ ਹੀ ਲੱਗਣਾ ਸੀ, ਮੇਰੇ ਪਿੱਛੇ ਛੱਤੀ ਜਣੀਆਂ ਹੋਰ ਖੜ੍ਹੀਆਂ ਸਨ, ਜੋ ਇਨ੍ਹਾਂ 'ਆਈਟਮ ਸੌਂਗਜ਼' ਉੱਤੇ ਪਰਫਾਰਮ ਕਰਨ ਲਈ ਹੀ ਨਹੀਂ, 'ਪਰਫਾਰਮੈਂਸ' ਕਰਨ ਵੇਲ਼ੇ ਪ੍ਰੋਡਿਊਸਰ ਦਾ 'ਲੀੜੇ-ਲੱਤੇ' ਦਾ ਖ਼ਰਚਾ ਵੀ ਬਚਾਉਣ ਲਈ ਤਿਆਰ ਸਨ। ਤੁਹਾਡਾ ਇਸ ਬਾਰੇ ਕੀ ਖ਼ਿਆਲ ਏ ਚੌਬੇ ਸਰ?" ਚੰਨੀ ਦਾ ਇਹ ਜੁਆਬ ਤੇ ਉਸ ਦੇ ਅੰਤ ਵਿਚ ਕੀਤਾ ਹੋਇਆ ਸੁਆਲ, ਚੌਬੇ ਦੇ ਚੱਡਿਆਂ ਵਿਚ ਟਕੂਏ ਦੇ ਭਾਰੇ ਵਾਰ ਵਾਂਗ ਵੱਜਿਆ ਸੀ, ਕਿਉਂਕਿ ਉਸ ਦੀ, ਇਹ ਸੁਆਲ ਕਰਨ ਦੀ ਮਨਸ਼ਾ, ਚੰਨੀ ਹੌਂਡਾ ਨੂੰ 'ਹਿੰਦੀ ਸਿਨੇਮਾ ਦੀ ਮਹਿਜ਼ ਇਕ ਆਈਟਮ ਗਰਲ' ਸਾਬਤ ਹੀ ਕਰਨਾ ਸੀ।

"ਤੁਹਾਡਾ ਕੀ ਖ਼ਿਆਲ ਹੈ ਕਿ ਤੁਹਾਡਾ ਜਿਸਮ ਹੀ ਹੈ, ਜੋ ਤੁਹਾਨੂੰ ਹਰ ਥਾਂ, ਬਹੁਤ ਸੌਖਿਆਂ ਹੀ ਪਹੁੰਚਾਈ ਜਾਂਦਾ ਏ?" ਚੌਬੇ ਵੱਲੋਂ ਇਹ ਸੁਆਲ ਪੁੱਛਦਿਆਂ, ਜਿੰਨੀ ਮੈ਼ਲੀ ਨਜ਼ਰ, ਚੰਨੀ ਹੌਂਡਾ ਦੇ ਪਿੰਡੇ ਉੱਤੇ ਪਾਈ ਗਈ ਸੀ, ਉਹ ਦਾਨਿਸ਼ ਦੀ ਨਜ਼ਰ ਤੋਂ ਗੁੱਝੀ ਨਹੀਂ ਰਹੀ ਸੀ।

"ਜੀ ਹਾਂ ਚੌਬੇ ਸਾਹਿਬ, ਤੁਹਾਡਾ ਚਿਹਰਾ-ਮੁਹਰਾ ਤੁਹਾਨੂੰ ਮਾਤ ਪਾ ਗਿਆ, ਨਹੀਂ ਤਾਂ ਤੁਸੀਂ ਵੀ ਕੈਟਰੀਨਾ ਕੈਫ਼, ਦੀਪਿਕਾ ਪਾਦੂਕੋਨ, ਜੌਹਨ ਅਬਰਾਹਮ, ਅਰਜਨ ਰਾਮਪਾਲ ਅਤੇ ਬਿਪਾਸ਼ਾ ਬਾਸੂ ਵਰਗੇ ਮਾਡਲਾਂ ਵਾਂਗ, ਮਾਡਲਾਂ ਤੋਂ ਸਟਾਰ ਬਣ ਜਾਣਾ ਸੀ। ਬਾਲੀਵੁਡ ਤੇ ਟੀਵੀ ਇੰਡਸਟਰੀ ਵਿਚ ਇਹੋ ਤਾਂ ਮੁਢਲਾ ਫ਼ਰਕ ਏ। ਮੈਂ ਅਮੀਰ ਹੁੰਦੀ ਤਾਂ ਮੈਂ ਵੀ ਤੁਹਾਡੇ ਵਾਂਗ ਕਿਸੇ ਟੀਵੀ ਚੈਨਲ ਦੇ ਸਟੂਡੀਓ ਵਿਚ ਬੈਠ ਕੇ, ਕਿਸੇ ਨੂੰ 'ਪੁੱਠੇ-ਸਿੱਧੇ' ਸੁਆਲ ਪੁੱਛਦੀ ਹੁੰਦੀ। ਹੁਣ ਮੇਰਾ ਜਿਸਮ ਜਾਂ ਪਿੰਡਾ ਹੀ ਮੇਰਾ ਸਰਮਾਇਆ ਹੈ, ਜੋ ਮੈਨੂੰ ਫ਼ਿਲਮਾਂ ਵਿਚ ਕੰਮ ਦੁਆ ਰਿਹਾ ਹੈ।" ਚੰਨੀ ਹੌਂਡਾ ਦਾ ਇਹ ਜੁਆਬ ਸੁਣ ਕੇ ਦਾਨਿਸ਼ ਨੂੰ ਇਹ ਲੱਗਿਆ ਸੀ ਕਿ ਚੌਬੇ ਦੇ ਸਾਹਮਣੇ ਨਿਰਾ ਸੁਨੱਖਾ ਜਿਸਮ ਹੀ ਨਹੀਂ ਬੈਠਾ, ਉਸ ਦੇ ਸਿਰ ਵਿਚ ਇਕ ਵਧੀਆ ਦਿਮਾਗ਼ ਵੀ ਹੈ।

"ਭਾਰਤੀ ਸਿਨੇਮਾ ਵਿਚ ਤੁਹਾਡੀ ਐਂਟਰੀ ਹੋਣ ਨਾਲ਼, ਭਾਰਤ ਵਿਚ ਤੁਹਾਡੀਆਂ, ਕੈਨੇਡਾ ਤੇ ਅਮਰੀਕਾ ਵਿਚ ਬਣਾਈਆਂ ਹੋਈਆਂ 'ਪੁਰਾਣੀਆਂ ਤਿੰਨ ਕਾਟੀ' ਯਾਨੀ 'ਥ੍ਰੀ ਐਕਸ ਫ਼ਿਲਮਾਂ' ਦੇ ਦਰਸ਼ਕਾਂ ਦੀ ਗਿਣਤੀ ਵਿਚ 'ਨਵਾਂ ਉਛਾਲ' ਆ ਗਿਆ ਹੈ? ਮੈਂ ਇਹ ਗੱਲ 'ਪੋਰਨਹੱਬ' ਵਲੋਂ ਜਾਰੀ ਕੀਤੇ ਹੋਏ ਅੰਕੜਿਆਂ ਦੇ ਆਧਾਰ 'ਤੇ ਕਹਿ ਰਿਹਾ ਹਾਂ।" ਚੌਬੇ ਨੇ ਇਹ ਸੁਆਲ ਕਰਦਿਆਂ, 'ਪੁਰਾਣੀਆਂ...ਫ਼ਿਲਮਾਂ' ਅਤੇ 'ਨਵਾਂ ਉਛਾਲ' ਦਾ ਉਚਾਰਣ 'ਖ਼ਾਸ ਹੀ ਜ਼ੋਰ' ਲਾ ਕੇ ਕੀਤਾ।

"ਮਿਸਟਰ ਚੌਬੇ! ਕਿਤੇ ਤੁਸੀਂ ਵੀ 'ਮੇਰੇ ਤਿੰਨ ਕਾਟੀ ਮਾਲ' ਦੇ ਥੋਕ ਦੇ ਗਾਹਕਾਂ ਵਿਚੋਂ ਹੀ ਤਾਂ ਨਹੀਂ ਹੋ? ਬਾਕੀ ਤੁਸੀਂ ਜਿਸ ਵੈੱਬਸਾਈਟ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਏ, ਉਸ ਤੋਂ ਤੁਹਾਡੇ 'ਜਰਨਲਿਜ਼ਮ ਦੀ ਉਡਾਣ' ਬਹੁਤ ਖ਼ੂਬ ਨਜ਼ਰ ਆਉਂਦੀ ਏ। ਸਦਕੇ ਜਾਵਾਂ, ਮੇਰੇ ਨਾਲ਼ ਇੰਟਰਵਿਊ ਕਰਨ ਖ਼ਾਤਰ, ਤੁਸੀਂ ਹੋਮ ਵਰਕ ਬਹੁਤ ਕੀਤਾ ਲੱਗਦੈ।"

"ਮੈਨੂੰ ਪਤੈ, ਤੁਹਾਡੇ ਨਾਲ਼ ਇੰਟਰਵਿਊ ਕਰ ਕੇ, ਕੋਈ ਨੈਤਿਕ ਪੱਖ ਤੋਂ ਭਿੱਟੇ ਜਾਣ ਦੇ ਦੋਸ਼ ਤੋਂ ਤਾਂ ਬਚ ਹੀ ਨਹੀਂ ਸਕਦਾ।"

"ਤੁਸੀਂ ਇਹ ਤਾਂ ਨਹੀਂ ਚਾਹੁੰਦੇ ਕਿ ਮੈਂ ਤੁਹਾਡੇ ਸੁਆਲਾਂ ਤੋਂ ਘਬਰਾ ਕੇ, ਇਹ ਇੰਟਰਵਿਊ ਅੱਧ-ਵਿਚਾਲ਼ੇ ਛੱਡ ਕੇ ਚਲੀ ਜਾਵਾਂ?" ਇਹ ਕਹਿੰਦਿਆਂ ਚੰਨੀ ਦੇ ਤੇਵਰ ਦੇਖਣ ਹੀ ਵਾਲ਼ੇ ਸਨ।

"ਤੁਹਾਡੇ ਖ਼ਿਲਾਫ਼ ਭੁਗਤਦੀ ਇਹ ਗੱਲ-ਬਾਤ, ਅਸਲ ਵਿਚ ਤੁਹਾਨੂੰ ਬਹੁਤ ਪਸੰਦ ਆ ਰਹੀ ਏ। ਹੈ ਨਾ?" ਚੌਬੇ ਨੇ ਇਹ ਕਹਿ ਕੇ ਆਪਣੀ ਹਾਲਤ ਸਾਂਵੀਂ ਹੋ ਗਈ ਸਮਝ ਲਈ ਸੀ।

"ਸੱਚੀਂ? ਇਹ ਇੰਟਰਵਿਊ ਮੇਰੇ ਖ਼ਿਲਾਫ਼ ਏ? ਮੈਨੂੰ ਤਾਂ ਪਤਾ ਹੀ ਨਹੀਂ ਸੀ।" ਚੰਨੀ ਹੌਂਡਾ ਨੇ ਚੌਕਾ ਮਾਰਿਆ।

"ਤਾਂ ਕੀ ਅਸੀਂ ਆਸ ਕਰੀਏ ਕਿ ਹਿੰਦੀ ਫ਼ਿਲਮਾਂ ਵਿਚ ਕੰਮ ਕਰਦਿਆਂ ਚੰਨੀ ਹੌਂਡਾ, ਸਿਰ ਤੋਂ ਪੈਰਾਂ ਤਕ ਸਾੜ੍ਹੀ ਨਾਲ਼ ਢਕੀ ਹੋਈ ਹੋਇਆ ਕਰੇਗੀ?" ਚੌਬੇ ਨੇ 'ਅਗਲੀ-ਪਿਛਲੀ ਲੱਥੀ ਹੋਈ' ਨਵੇਂ ਸਿਰਿਓਂ ਟਿਕਾਣੇ-ਸਿਰ ਕਰਨ ਦਾ ਹੀਲਾ ਕਰਦਿਆਂ, ਆਪਣੇ ਚਿੱਤੋਂ 'ਸਿਰੇ ਦਾ ਸੁਆਲ' ਕੀਤਾ, ਜੋ ਚੰਨੀ ਨੇ ਡਿੱਗਦਾ ਹੀ ਬੋਚ ਲਿਆ ਤੇ ਕਿਹਾ, "...ਬਸ਼ਰਤਿ ਕਿ ਉਸ ਫ਼ਿਲਮ ਅੰਦਰ, ਸਵਿੰਮਿੰਗ ਪੂਲ ਵਿਚ ਫ਼ਿਲਮਾਇਆ ਜਾਣ ਵਾਲ਼ਾ, ਕੋਈ ਵੀ ਸੀਨ ਨਹੀਂ ਹੋਵੇਗਾ।"

ਦਾਨਿਸ਼ ਨੂੰ ਚੇਤਾ ਆ ਗਿਆ ਕਿ ਇਹ ਇੰਟਰਵਿਊ ਟੈਲੀਕਾਸਟ ਹੋਣ ਸਾਰ ਪ੍ਰਿੰਟ ਮੀਡੀਆ ਨੇ ਵੀ ਇਸ ਦੀ ਖ਼ੂਬ ਪੁਣ-ਛਾਣ ਕੀਤੀ ਸੀ। ਕਈ ਅਖ਼ਬਾਰਾਂ ਨੇ ਇਸ ਸਟੋਰੀ ਨਾਲ਼ 'ਪੋਰਨ ਐਕਟਰੈੱਸ' ਨਾਲ਼ ਗੱਲਾਂ ਕਰਦਾ ਪੱਤਰਕਾਰ 'ਨੰਗਾ' ਹੋ ਗਿਆ' ਅਤੇ 'ਪੱਤਰਕਾਰ ਨੂੰ ਨੰਗਾ ਕਰ ਗਈ, ਸਾਰੇ ਕੱਪੜੇ ਪਾ ਕੇ ਆਈ ਨੰਗੇਜੀ ਅਦਾਕਾਰਾ' ਵਰਗੇ ਸਿਰਲੇਖ ਛਾਪੇ ਸਨ। ਇਹ ਇੰਟਰਵਿਊ ਸੋਸ਼ਲ ਮੀਡੀਆ ਉੱਤੇ ਵੀ ਬੜਾ ਹੀ ਚਿਰ ਚਰਚਾ ਦਾ ਵਿਸ਼ਾ ਰਿਹਾ ਸੀ। ਭੁਪਿੰਦਰ ਚੌਬੇ ਦੇ ਸੁਆਲ ਅਤੇ ਸੁਆਲ ਕਰਨ ਦਾ ਢੰਗ, ਮੀਡੀਆ ਸਮੀਖਿਅਕਾਂ ਅਤੇ ਪੱਤਰਕਾਰੀ ਦੇ ਵਿਦਿਆਰਥੀਆਂ ਨੇ ਬੜੇ ਲੰਬੇ ਹੱਥੀਂ ਲਿਆ ਸੀ। ਕਈਆਂ ਨੇ ਇਸ ਪੱਤਰਕਾਰ ਨੂੰ 'ਔਰਤਾਂ ਦਾ ਦੋਖੀ', 'ਠਰਕੀ', 'ਮਾਵਾਂ-ਭੈਣਾਂ ਤੋਂ ਬਾਹਰਾ' ਵੀ ਕਰਾਰ ਦੇ ਦਿੱਤਾ ਸੀ।

ਇਸ ਇੰਟਰਵਿਊ ਦੇ ਕੁੱਝ ਸੁਆਲ ਦਰਸ਼ਕਾਂ ਨੂੰ ਬਹੁਤੇ ਹੀ ਚੁੱਭੇ ਸਨ। ਇਨ੍ਹਾਂ ਵਿਚੋਂ ਇਕ ਸੁਆਲ ਕੁੱਝ ਇਸ ਤਰ੍ਹਾਂ ਸੀ, "ਮੁੱਖ ਮੈਥੁਨ ਯਾਨੀ 'ਬਲੋ ਜੌਬ', ਜਿਸ ਨੂੰ ਇਤਿਹਾਸਕਾਰਾਂ ਨੇ 'ਬਲੋਇੰਗ ਦ ਪਾਈਪ' ਯਾਨੀ 'ਬੰਸਰੀ ਵਾਦਨ' ਵਗ਼ੈਰਾ, ਕਈ ਨਾਵਾਂ ਨਾਲ਼ ਦਰਜ ਕੀਤਾ ਹੋਇਆ ਹੈ, ਦੇ ਇਤਿਹਾਸ ਉੱਤੇ ਰੌਸ਼ਨੀ ਪਾਓਗੇ?"

"ਮਿਸਟਰ ਚੌਬੇ! ਜਾਂ ਤਾਂ ਤੁਸੀਂ ਬਹੁਤ ਚਲਾਕ ਹੋ ਜਾਂ ਫਿਰ ਬਹੁਤੇ ਹੀ ਭੋਲ਼ੇ! ਤੁਹਾਡੇ ਇਸ ਪ੍ਰੋਗਰਾਮ ਦੇ ਅੱਸੀ ਫ਼ੀ ਸਦੀ ਦਰਸ਼ਕਾਂ ਨੂੰ, ਇਸ ਸੁਆਲ ਦੇ ਤੇ ਇਸੇ ਤਰ੍ਹਾਂ ਦੇ ਹੋਰ ਬਹੁਤ ਸਾਰੇ ਸੁਆਲਾਂ ਦੇ ਜੁਆਬਾਂ ਬਾਰੇ ਪਹਿਲਾਂ ਹੀ ਪਤਾ ਏ। ਤੁਸੀਂ ਤਾਂ ਇਸ ਸੁਆਲ ਦਾ ਜੁਆਬ ਮੇਰੀ ਮੂੰਹੋਂ ਸੁਣ ਕੇ ਆਪਣੇ ਕੰਨਾਂ ਨੂੰ ਤਰੌਤ ਹੀ ਦੇਣੀ ਹੈ ਨਾ? ਲਓ ਫਿਰ ਖੜ੍ਹਾ ਕਰ ਲਓ, ਆਪਣਾ ਇਕ-ਇਕ ਕੰਨ! ਇਨਫਰਮੇਸ਼ਨ ਟੈਕਨਾਲੋਜੀ ਦੇ ਇਸ ਦੌਰ ਵਿਚ ਤੁਸੀਂ 'ਗੂਗਲ ਬਾਬੇ' ਨੂੰ ਤਾਂ ਜਾਣਦੇ ਹੀ ਹੋਵੋਂਗੇ। ਹੋਰ ਮੁਲਕਾਂ ਵਿਚ 'ਬਲੋ ਜੌਬ' ਦਾ ਇਤਿਹਾਸ ਤੁਸੀਂ ਉਸ ਕੋਲੋਂ 'ਪੁੱਛ' ਲੈਣਾ; ਤੁਹਾਡੇ ਚੈਨਲ ਅਤੇ ਦਰਸ਼ਕਾਂ ਦਾ ਸਮਾਂ ਬਚੇਗਾ। ਹਰ ਮੁਲਕ ਦੇ ਲੋਕਾਂ ਨੇ ਇਸ ਐਕਸ਼ਨ ਨੂੰ ਵੱਖ-ਵੱਖ ਨਾਮ ਦਿੱਤੇ ਹੋਏ ਨੇ, ਪਰ ਮੈਂ ਇਸ ਦਾ ਜ਼ਿਕਰ 'ਬੰਸਰੀ ਵਾਦਨ' ਵਜੋਂ ਹੀ ਕਰਾਂਗੀ, ਕਿਉਂਕਿ ਇਸ ਤਰ੍ਹਾਂ ਕਰਦਿਆਂ ਆਪਾਂ ਇਕ ਮਸ਼ਹੂਰ 'ਬੰਸਰੀ ਵਾਲ਼ੇ' ਨੂੰ ਵੀ ਯਾਦ ਕਰਦੇ ਰਹਾਂਗੇ। ਚੌਬੇ ਸਾਹਿਬ, ਜਿਸ ਤਰ੍ਹਾਂ ਕਿਸੇ ਸ਼ਰਾਬੀ ਤੋਂ ਸ਼ਰਾਬ ਦੇ ਇਤਿਹਾਸ ਬਾਰੇ ਸੁਆਲ ਪੁੱਛਣਾ ਨਹੀਂ ਬਣਦਾ, ਉਸੇ ਤਰ੍ਹਾਂ ਹੀ ਤੁਹਾਨੂੰ ਮੇਰੇ ਕੋਲੋਂ ਵੀ ਇਹ ਸੁਆਲ ਪੁੱਛਣਾ ਹੀ ਨਹੀਂ ਚਾਹੀਦਾ ਸੀ, ਪਰ ਮੈਂ ਤੁਹਾਡੀਆਂ ਨਜ਼ਰਾਂ ਵਿਚ ਡੱਫ਼ਰ ਦਿਸਣੋਂ ਬਚਣ ਲਈ ਹੀ ਦੱਸ ਰਹੀ ਹਾਂ ਕਿ ਇਸ 'ਬੰਸਰੀ ਵਾਦਨ' ਦਾ ਪਹਿਲਾ ਇਤਿਹਾਸਕ ਜ਼ਿਕਰ, ਆਮ ਲੋਕਾਂ ਦੀ ਥਾਂ, ਮਿਸ਼ਰ ਦੇ ਪੁਰਾਣੇ ਦੇਵਤਿਆਂ ਦੇ ਹਵਾਲੇ ਨਾਲ਼ ਹੀ ਸਾਹਮਣੇ ਆਇਆ ਸੀ...।" ਇੰਨੀ ਕੁ ਗੱਲ ਸੁਣ ਕੇ ਚੌਬੇ ਦੇ ਭਰਵੱਟੇ ਤਣ ਗਏ।

"ਇਸ ਲਈ, ਵਾਅਦਾ ਕਰੋ ਕਿ ਅੱਗੇ ਤੋਂ ਇਸ 'ਕੰਮ' ਦਾ ਜ਼ਿਕਰ, ਅਸ਼ਲੀਲ ਢੰਗ ਨਾਲ਼ ਕਰਨ ਦੀ ਥਾਂ, ਇਕ 'ਦੈਵੀ ਕੰਮ' ਵਜੋਂ ਕਰਿਆ ਕਰੋਗੇ," ਇਹ ਕਹਿੰਦਿਆਂ, ਚੰਨੀ ਹੌਂਡਾ ਦੇ ਚਿਹਰੇ ਉੱਤੇ ਵੀ ਇਕ ਅਜੀਬ ਜਿਹਾ 'ਦੈਵੀ ਜਲਾਲ' ਦਿਸਣ ਲੱਗ ਪਿਆ ਸੀ।' "ਅੱਗੇ ਵੀ ਸੁਣ ਲਓ, ਇਹ 'ਬੰਸਰੀ ਵਾਦਨ' ਸ਼ੁਰੂ ਕਰਨ ਦੀ ਵਜ੍ਹਾ ਵੀ ਦੈਵੀ ਹੀ ਸੀ। ਮਿਸ਼ਰ ਦੇ ਰਾਜ-ਦੇਵ 'ਓਸੀਰਿਸ' ਅਤੇ ਉਸ ਦੀ ਭੈਣ 'ਈਸਿਸ' ਕਿਸੇ ਵਜ੍ਹਾ ਨਾਲ ਆਪਸ ਵਿਚ ਪਤੀ-ਪਤਨੀ ਬਣ ਗਏ। ਹੋਇਆ ਇਹ ਕਿ 'ਓਸੀਰਿਸ' ਨੂੰ ਉਸ ਦੇ ਭਰਾ 'ਸੇਤ' ਨੇ, ਨਾ ਸਿਰਫ਼ ਕਤਲ ਕਰ ਦਿੱਤਾ, ਸਗੋਂ ਉਸ ਦੇ ਜਿਸਮ ਦੇ, ਨਿੱਕੇ-ਨਿੱਕੇ ਟੁਕੜੇ ਵੀ ਕਰ ਦਿੱਤੇ। 'ਓਸੀਰਿਸ' ਦੀ ਪਤਨੀ (ਭੈਣ) 'ਈਸਿਸ' ਨੇ ਉਹ ਸਾਰੇ ਟੁਕੜੇ ਇਕੱਠੇ ਕਰ ਕੇ ਜੋੜਨੇ ਸ਼ੁਰੂ ਕਰ ਲਏ। ਜਦੋਂ ਉਸ ਨੇ 'ਓਸੀਰਿਸ' ਦੇ ਜਿਸਮ ਦੇ ਸਾਰੇ ਟੁਕੜੇ ਆਪਸ ਵਿਚ ਜੋੜ ਲਏ ਤਾਂ ਉਸ ਨੂੰ ਪਤਾ ਲੱਗਿਆ ਕਿ ਉਸ ਦਾ 'ਮਰਦਾਨਾ ਅੰਗ' ਤਾਂ ਲੱਭਿਆ ਹੀ ਨਹੀਂ। ਇਤਿਹਾਸ ਦੱਸਦਾ ਹੈ ਕਿ 'ਈਸਿਸ' ਨੇ 'ਉਹ ਅੰਗ' ਮਿੱਟੀ ਦਾ ਬਣਾ ਕੇ 'ਓਸੀਰਿਸ' ਦੀ ਲਾਸ਼ ਨਾਲ਼ ਲਾ ਦਿੱਤਾ ਤੇ ਉਸ ਨੂੰ ਮੂੰਹ ਲਾ ਕੇ, ਉਸ ਲਾਸ਼ ਅੰਦਰ ਜ਼ਿੰਦਗੀ 'ਫੂਕ' ਦਿੱਤੀ। ਇੰਨੇ ਨਾਲ਼ ਹੀ ਗੁਜ਼ਾਰਾ ਹੁੰਦਾ ਏ ਕਿ ਕੁਛ ਹੋਰ ਵੀ ਦੱਸ ਦਿਆਂ?"

"ਦੱਸ ਦਿਓ, ਹੁਣ ਲੱਗੇ ਤਾਂ ਹੋਏ ਹੀ ਹੋ," ਚੌਬੇ ਦੇ ਇਸ ਜੁਆਬ ਵਿਚੋਂ ਢੀਠਤਾ ਚੋ-ਚੋ ਪੈ ਰਹੀ ਸੀ।

"ਇਟਲੀ ਵਿਚ 'ਪੋਂਪਈ' ਨਾਂ ਦਾ ਇਕ ਸ਼ਹਿਰ ਹੁੰਦਾ ਸੀ, ਜਿਸ ਦਾ ਥੇਹ ਹੋ ਚੁੱਕਾ ਏ ਕਿਉਂਕਿ ਉਹ ਸ਼ਹਿਰ ਈਸਾ ਤੋਂ ਪਹਿਲਾਂ ਸੰਨ 79 ਵਿਚ, ਜੁਆਲਾਮੁਖੀ ਪਹਾੜ 'ਵੇਸੁਵੀਅਸ' ਦੇ ਫਟਣ ਨਾਲ਼ ਨਿਕਲੇ ਲਾਵੇ ਦੀ ਲਪੇਟ ਵਿਚ ਆ ਗਿਆ ਸੀ। ਇਸ ਸ਼ਹਿਰ ਵਿਚ 'ਇਸ ਬੰਸਰੀ ਵਾਦਨ' ਦਾ ਕਾਫੀ ਰਿਵਾਜ ਹੋਣ ਦੇ ਸਬੂਤ ਸਨ। ਇਸ ਸ਼ਹਿਰ ਦੇ ਗੁਸਲਖ਼ਾਨਿਆਂ ਵਿਚ ਇਹੋ ਜਿਹੇ ਚਿੱਤਰ ਲੱਗੇ ਹੋਏ ਹੁੰਦੇ ਸਨ, ਜਿਨ੍ਹਾਂ ਵਿਚ 'ਜਿਨਸੀ ਖੇਡਾਂ ਭਰੀਆਂ ਕਾਰਵਾਈਆਂ' ਹੁੰਦੀਆਂ ਦਰਸਾਈਆਂ ਹੋਈਆਂ ਸਨ। ਇੱਥੇ ਹੀ 'ਲੁਪਾਨਰੇ' ਨਾਂ ਦਾ ਇਕ, ਦੋ ਮੰਜ਼ਿਲਾ ਚਕਲਾ ਵੀ ਹੁੰਦਾ ਸੀ, ਜਿਸ ਵਿਚ ਸੈਕਸ ਨਾਲ਼ ਸਬੰਧਤ ਤਸਵੀਰਾਂ ਲੱਗੀਆਂ ਹੋਈਆਂ ਹੁੰਦੀਆਂ ਸਨ। ਇਸ ਚਕਲੇ ਅੰਦਰ, 'ਮਾਈਰਟਿਸ' ਨਾਂ ਦੀ ਇਕ ਵੇਸਵਾ ਵੱਲੋਂ ਆਪਣੇ ਕਮਰੇ ਦੇ ਬੂਹੇ ਉੱਤੇ ਇਕ, ਇਹੋ-ਜਿਹਾ ਬੋਰਡ ਵੀ ਲੁਆਇਆ ਹੋਇਆ ਸੀ, ਜਿਸ ਉੱਤੇ ਇਹ ਲਿਖਿਆ ਹੋਇਆ ਸੀ ਕਿ ਉਹ ਵੇਸਵਾ 'ਬੰਸਰੀ ਵਾਦਨ' ਦੇ ਹੁਨਰ ਦੀ ਮਾਹਰ ਏ। ਹੁਣ ਆਪਾਂ, ਆਪਣੇ ਭਾਰਤ ਮਹਾਨ ਦੀ ਗੱਲ ਕਰ ਕੇ, ਇਹ ਗੱਲ ਮੁਕਾ ਨਾ ਦੇਈਏ?"

"ਤੁਸੀਂ ਸਾਰੇ ਜਣੇ, ਕਿਤੇ ਚਲੇ ਨਾ ਜਾਣਾ ਕਿਉਂਕਿ ਚੰਨੀ ਹੌਂਡਾ ਨਾਲ਼ ਕੀਤੀ ਜਾ ਰਹੀ ਇਹ ਗੱਲ-ਬਾਤ ਜਾਰੀ ਰਹੇਗੀ, ਪਰ ਇਸ ਕਮਰਸ਼ੀਅਲ ਬ੍ਰੇਕ ਤੋਂ ਬਾਅਦ," ਚੌਬੇ ਨੇ ਇਹ ਐਲਾਨ ਕਰ ਕੇ, ਸ਼ਾਇਦ ਦਰਸ਼ਕਾਂ ਦੇ ਨਾਲ਼ ਹੀ ਚੰਨੀ ਨੂੰ ਵੀ ਜੁਆਬ ਦੇ ਦਿੱਤਾ ਸੀ। ਦਾਨਿਸ਼ ਨੇ ਵੀ ਆਪਣਾ ਡਿਕਟਾਫੋਨ ਬੰਦ ਕਰ ਦਿੱਤਾ।

**⇒ ਬਾਕੀ ਅਗਲੇ ਅੰਕ ਵਿੱਚ**

**ਖਿਡਾਰੀ ਪੰਜ-ਆਬ ਦੇ (34)**

ਨਵਦੀਪ ਸਿੰਘ ਗਿੱਲ
ਫੋਨ: +91-9780036216



*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਦੇਖਣ ਨੂੰ ਕ੍ਰਿਕਟਰ ਘੱਟ ਅਤੇ ਫ਼ਿਲਮੀ ਹੀਰੋ ਵੱਧ ਲੱਗਦੇ ਫਜ਼ਲ ਮਹਿਮੂਦ ਦੇ ਖੇਡ ਕਰੀਅਰ ਦਾ ਸੰਖੇਪ ਵੇਰਵਾ ਹੈ। ਫਜ਼ਲ ਪਾਕਿਸਤਾਨ ਦਾ ਪਹਿਲਾ ਖਿਡਾਰੀ ਹੈ, ਜੋ ਮਾਡਲ ਵੀ ਬਣਿਆ। ਪਾਕਿਸਤਾਨ ਲਈ ਸਭ ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਸਭ ਤੋਂ ਲੰਬਾ ਸਮਾਂ ਫਜ਼ਲ ਦੇ ਹੀ ਨਾਮ ਰਿਹਾ। ਉਸ ਨੇ 34 ਟੈਸਟਾਂ ਵਿੱਚ 139 ਵਿਕਟਾਂ ਲਈਆਂ। ਚਾਰ ਵੱਖ-ਵੱਖ ਦੇਸ਼ਾਂ ਵਿੱਚ ਇੱਕ ਮੈਚ ਵਿੱਚ 12 ਜਾਂ ਇਸ ਤੋਂ ਵੱਧ ਵਿਕਟਾਂ ਲੈਣ ਵਾਲਾ ਉਹ ਦੁਨੀਆਂ ਦਾ ਪਹਿਲਾ ਗੇਂਦਬਾਜ਼ ਹੈ।*

# ਸੁਨੱਖਾ ਕ੍ਰਿਕਟਰ ਫਜ਼ਲ ਮਹਿਮੂਦ

ਪਾਕਿਸਤਾਨ ਕ੍ਰਿਕਟ ਨੇ ਦੁਨੀਆ ਨੂੰ ਵੱਡੇ ਖਿਡਾਰੀ ਖਾਸ ਕਰਕੇ ਤੇਜ਼ ਗੇਂਦਬਾਜ਼ ਦਿੱਤੇ ਹਨ। ਕ੍ਰਿਕਟਰ ਵੀ ਬਹੁਤ ਸੁਨੱਖੇ ਦਿੱਤੇ ਹਨ, ਜਿਹੜੇ ਆਪਣੀ ਖੇਡ ਦੇ ਨਾਲ ਆਪਣੇ ਸੁਹੱਪਣ ਨਾਲ ਵੀ ਮਕਬੂਲ ਹੋਏ। ਅਜਿਹਾ ਹੀ ਪਾਕਿਸਤਾਨ ਕ੍ਰਿਕਟਰ ਫਜ਼ਲ ਮਹਿਮੂਦ ਹੈ, ਜਿਸ ਨੂੰ ਕਈ ਮਾਣ ਹਾਸਲ ਹਨ। ਉਹ ਪਾਕਿਸਤਾਨ ਕ੍ਰਿਕਟ ਦਾ ਮੁਢਲਾ ਖਿਡਾਰੀ ਹੈ, ਜੋ ਦੇਸ਼ ਦੀ ਵੰਡ ਭਾਵ ਪਾਕਿਸਤਾਨ ਬਣਨ ਤੋਂ ਪਹਿਲਾਂ ਪੈਦਾ ਹੋਇਆ ਅਤੇ ਕ੍ਰਿਕਟ ਖੇਡਣ ਲੱਗਾ। ਫੇਰ ਉਸ ਨੇ ਟੈਸਟ ਮੈਚਾਂ ਵਿੱਚ ਪਾਕਿਸਤਾਨ ਦੀ ਕਪਤਾਨੀ ਵੀ ਕੀਤੀ। ਉਸ ਵੇਲੇ ਇੱਕ ਰੋਜ਼ਾ ਮੈਚ ਨਹੀਂ ਖੇਡੇ ਜਾਂਦੇ ਸਨ। ਤੇਜ਼ ਗੇਂਦਬਾਜ਼ ਨੇ ਪਾਕਿਸਤਾਨ ਲਈ ਪਹਿਲੀ ਵਾਰ ਵਿਕਟਾਂ ਲੈਣ ਦਾ ਸੈਂਕੜਾ ਬਣਾਇਆ ਅਤੇ ਪਾਕਿਸਤਾਨ ਬਣਨ ਦੇ ਕਰੀਬ 35 ਸਾਲ ਤੱਕ ਉਹ ਵਿਕਟਾਂ ਹਾਸਲ ਕਰਨ ਵਿੱਚ ਪਾਕਿਸਤਾਨ ਦਾ ਮੋਢੀ ਕ੍ਰਿਕਟਰ ਰਿਹਾ, ਜਿਸ ਦਾ ਰਿਕਾਰਡ 1981-82 ਦੌਰਾਨ ਇਮਰਾਨ ਖਾਨ ਨੇ ਤੋੜਿਆ। ਫਜ਼ਲ ਮਹਿਮੂਦ ਦੇ ਜ਼ਮਾਨੇ ਵਿੱਚ ਕ੍ਰਿਕਟ ਮੈਚ ਬਹੁਤ ਘੱਟ ਹੁੰਦੇ ਸਨ, ਨਹੀਂ ਤਾਂ ਸੰਭਵ ਸੀ ਕਿ ਫਜ਼ਲ ਮਹਿਮੂਦ ਦੇ ਰਿਕਾਰਡ ਅੱਜ ਤੱਕ ਨਾ ਟੁੱਟਦੇ। ਫਜ਼ਲ ਸੋਹਣਾ ਵੀ ਰੱਜ ਕੇ ਸੀ। ਦੇਖਣ ਨੂੰ ਕ੍ਰਿਕਟਰ ਘੱਟ ਅਤੇ ਫ਼ਿਲਮੀ ਹੀਰੋ ਵੱਧ ਲੱਗਦਾ ਸੀ। ਇਸੇ ਲਈ ਜਦੋਂ ਇੱਕ ਵਾਰ ਹਾਲੀਵੁੱਡ ਅਦਾਕਾਰਾ ਅਵਾ ਲਵੀਨੀਆ ਗਾਰਡਨਰ ਲਾਹੌਰ ਆਈ ਤਾਂ ਉਹ ਫਜ਼ਲ ਮਹਿਮੂਦ ਨੂੰ ਦੇਖ ਕੇ ਦੰਗ ਰਹਿ ਗਈ ਅਤੇ ਉਸ ਨੇ ਫਜ਼ਲ ਨਾਲ ਡਾਂਸ ਕਰਨ ਦੀ ਇੱਛਾ ਜਤਾਈ। ਪੜ੍ਹਨ ਵਿੱਚ ਵੀ ਉਹ ਬਹੁਤ ਹੁਸ਼ਿਆਰ ਤੇ ਉੱਚ ਤਾਲੀਮ ਹਾਸਲ ਸੀ। ਫਜ਼ਲ ਵੀ ਕੁਝ ਭਾਰਤੀ ਖਿਡਾਰੀਆਂ ਵਾਂਗ ਕਿਸਮਤ ਵਾਲਾ ਰਿਹਾ, ਜੋ ਵੰਡ ਵੇਲੇ ਹੋਏ ਫਸਾਦਾਂ ਦੌਰਾਨ ਹਜੂਮੀਆਂ ਹੱਥੋਂ ਬਚ ਗਿਆ।

ਫਜ਼ਲ ਮਹਿਮੂਦ ਦਾ ਜਨਮ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਵਿੱਚ 18 ਫਰਵਰੀ 1927 ਨੂੰ ਲਾਹੌਰ ਵਿੱਚ ਹੋਇਆ। ਉਹ 13 ਵਰ੍ਹਿਆਂ ਦੀ ਉਮਰੇ ਇਸਲਾਮੀਆ ਕਾਲਜ ਲਾਹੌਰ ਵਿੱਚ ਦਾਖਲ ਹੋਇਆ, ਜਿਥੇ ਉਨ੍ਹਾਂ ਦੇ ਪਿਤਾ ਗੁਲਾਮ ਹੁਸੈਨ ਕਾਲਜ ਵਿੱਚ ਸਮਾਜ ਵਿਗਿਆਨ ਦੇ ਪ੍ਰੋਫੈਸਰ ਸਨ ਅਤੇ ਕਾਲਜ ਦੇ ਕ੍ਰਿਕਟ ਕਲੱਬ ਦੇ ਪ੍ਰਧਾਨ ਵੀ ਸਨ। ਸ਼ਾਇਦ ਇਸੇ ਕਾਰਨ ਫਜ਼ਲ ਮਹਿਮੂਦ ਨੂੰ ਬਚਪਨ ਤੋਂ ਹੀ ਕ੍ਰਿਕਟ ਖੇਡ ਨਾਲ ਬਹੁਤ ਲਗਾਅ ਹੋ ਗਿਆ ਸੀ, ਜੋ ਬਾਅਦ ਵਿੱਚ ਜਨੂੰਨ ਵਿੱਚ ਬਦਲ ਗਿਆ। ਫਜ਼ਲ ਦੇ ਪਿਤਾ ਨੇ ਭਾਵੇਂ ਭਾਰਤੀ ਸਿਵਲ ਸੇਵਾਵਾਂ ਦੀ ਪ੍ਰੀਖਿਆ ਪਾਸ ਕਰ ਲਈ ਸੀ, ਪਰ ਉਹ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਕਰਕੇ ਆਜ਼ਾਦੀ ਦੇ ਅੰਦੋਲਨ ਵਿੱਚ ਕੁੱਦ ਗਏ। ਫਜ਼ਲ ਦੇ ਪਿਤਾ ਆਪਣੇ ਫਰਜ਼ੰਦ ਨੂੰ ਵੱਡਾ ਕ੍ਰਿਕਟਰ ਬਣਾਉਣਾ ਚਾਹੁੰਦੇ ਸਨ। ਫਜ਼ਲ ਨੂੰ ਕੋਚ ਵੀ ਚੰਗਾ ਮਿਲ ਗਿਆ। ਉਸ ਦੇ ਪਿਤਾ ਵੱਡੇ ਤੜਕੇ ਉਠਾ ਕੇ ਗਰਾਊਂਡ ਭੇਜਦੇ, ਜਿੱਥੇ ਉਹ ਚਾਰ-ਪੰਜ ਮੀਲ ਦੌੜਦਾ ਅਤੇ ਕਈ ਘੰਟੇ ਨੈੱਟ ਉਪਰ ਅਭਿਆਸ ਕਰਦਾ। ਸੱਤ ਸਾਲ ਦੀ ਨਿਰੰਤਰ ਮਿਹਨਤ ਨੇ ਫਜ਼ਲ ਨੂੰ ਚੰਗੇ ਕ੍ਰਿਕਟਰ ਬਣਨ ਦੇ ਰਾਹ ਪਾ ਦਿੱਤਾ। ਪਿਤਾ ਵੱਲੋਂ ਦਿਖਾਏ ਮਾਰਗ ਦਰਸ਼ਨ ਅਤੇ ਆਪਣੀ ਮਿਹਨਤ ਦੇ ਨਾਲ ਉਹ ਵੱਡਾ ਕ੍ਰਿਕਟਰ ਬਣਿਆ।

ਕਾਲਜ ਪੜ੍ਹਦਿਆਂ ਫਜ਼ਲ ਮਹਿਮੂਦ ਦੂਜੇ ਹੀ ਸਾਲ ਕਾਲਜ ਦੀ ਕ੍ਰਿਕਟ ਟੀਮ ਦਾ ਅਹਿਮ ਖਿਡਾਰੀ ਬਣ ਗਿਆ। 15 ਵਰ੍ਹਿਆਂ ਦੀ ਉਮਰੇ ਉਸ ਨੇ ਆਪਣੇ ਕਾਲਜ ਨੂੰ ਇੰਟਰ ਕਾਲਜ ਟੂਰਨਾਮੈਂਟ ਦਾ ਚੈਂਪੀਅਨ ਬਣਾਇਆ। ਫ਼ਾਈਨਲ ਮੈਚ ਵਿੱਚ ਫਜ਼ਲ ਨੇ 13 ਦੌੜਾਂ ਦੇ ਕੇ ਪੰਜ ਅਹਿਮ ਵਿਕਟਾਂ ਲਈਆਂ। ਫਜ਼ਲ ਨੇ 17 ਵਰ੍ਹਿਆਂ ਦੀ ਉਮਰੇ ਫਸਟ ਕਲਾਸ ਕ੍ਰਿਕਟ ਦੀ ਸ਼ੁਰੂਆਤ ਕੀਤੀ, ਜਦੋਂ ਉਸ ਨੇ ਮਾਰਚ 1944 ਵਿੱਚ ਰਣਜੀ ਟਰਾਫੀ ਵਿੱਚ ਉੱਤਰੀ ਭਾਰਤ ਵੱਲੋਂ ਆਪਣਾ ਪਹਿਲਾ ਮੈਚ ਖੇਡਿਆ। ਦੱਖਣੀ ਪੰਜਾਬ ਦੇ ਖਿਲਾਫ ਆਪਣਾ ਪਹਿਲਾ ਮੈਚ ਖੇਡਦਿਆਂ ਫਜ਼ਲ ਨੇ 11ਵੇਂ ਨੰਬਰ ਉਤੇ ਬੱਲੇਬਾਜ਼ੀ ਕਰਦਿਆਂ ਨਾਬਾਦ 38 ਦੌੜਾਂ ਦੀ ਪਾਰੀ ਖੇਡੀ ਅਤੇ ਫੇਰ ਗੇਂਦਬਾਜ਼ੀ ਕਰਦਿਆਂ 38 ਦੌੜਾਂ ਦੇ ਕੇ ਤਿੰਨ ਵਿਕਟਾਂ ਵੀ ਹਾਸਲ ਕੀਤੀਆਂ। ਇਨ੍ਹਾਂ ਤਿੰਨ ਵਿਕਟਾਂ ਵਿੱਚ ਇੱਕ ਵਿਕਟ ਮਹਾਨ ਬੱਲੇਬਾਜ਼ ਲਾਲਾ ਅਮਰਨਾਥ ਦੀ ਵੀ ਸੀ। ਸੈਮੀ ਫ਼ਾਈਨਲ ਮੈਚ ਵਿੱਚ ਪੱਛਮੀ ਭਾਰਤ ਦੇ ਖਿਲਾਫ ਖੇਡਦਿਆਂ ਫਜ਼ਲ ਨੇ 65 ਦੌੜਾਂ ਦੇ ਕੇ 6 ਵਿਕਟਾਂ ਹਾਸਲ ਕਰ ਕੇ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ।

ਪਹਿਲੇ ਹੀ ਸੀਜ਼ਨ ਦੀ ਸਫਲ ਸ਼ੁਰੂਆਤ ਨਾਲ ਫਜ਼ਲ ਨੂੰ 1946 ਵਿੱਚ ਇੰਗਲੈਂਡ ਦੇ ਦੌਰੇ ਲਈ ਭਾਰਤੀ ਟੀਮ ਵਿੱਚ ਸ਼ਾਮਲ ਕਰਨ ਉਤੇ ਵਿਚਾਰ ਹੋਣ ਲੱਗਾ। ਇੱਕ ਹੋਰ ਜ਼ੋਨਲ ਟੂਰਨਾਮੈਂਟ, ਜਿਸ ਨੂੰ ਟੀਮ ਦੀ ਚੋਣ ਲਈ ਅਹਿਮ ਸਮਝਿਆ ਜਾ ਰਿਹਾ ਸੀ, ਵਿੱਚ ਫਜ਼ਲ ਨੇ ਉਤਰੀ ਜ਼ੋਨ ਵੱਲੋਂ ਖੇਡਦਿਆਂ ਬਿਹਤਰੀਨ ਗੇਂਦਬਾਜ਼ੀ ਕੀਤੀ ਅਤੇ 83 ਦੌੜਾਂ ਦੇ ਕੇ 9 ਖਿਡਾਰੀ ਆਊਟ ਕੀਤੇ। ਭਾਰਤੀ ਕਪਤਾਨ ਨਵਾਬ ਮਨਸੂਰ ਪਟੌਦੀ ਨੌਜਵਾਨ ਕ੍ਰਿਕਟਰ ਫਜ਼ਲ ਮਹਿਮੂਦ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਸ ਨੂੰ ਭਾਰਤੀ ਟੀਮ ਵਿੱਚ ਚੁਣਨਾ ਚਾਹੁੰਦੇ ਸਨ, ਪਰ ਚੋਣਕਾਰ ਫਜ਼ਲ ਦੀ 19 ਵਰ੍ਹਿਆਂ ਦੀ ਛੋਟੀ ਉਮਰ ਦੇਖ ਕੇ ਹਾਲੇ ਚੁਣਨ ਦੇ ਹੱਕ ਵਿੱਚ ਨਹੀਂ ਸਨ। 1946 ਵਿੱਚ ਉਸ ਦੀ ਭਾਵੇਂ ਇੰਗਲੈਂਡ ਦੌਰੇ ਲਈ ਭਾਰਤੀ ਟੀਮ ਵਿੱਚ ਚੋਣ ਨਹੀਂ ਹੋ ਸਕੀ, ਪਰ ਉਸ ਦੀ ਗੇਂਦਬਾਜ਼ੀ ਦੇ ਚਰਚੇ ਲਾਹੌਰ ਤੋਂ ਦਿੱਲੀ ਅਤੇ ਮੁੰਬਈ ਤੱਕ ਹੋਣ ਲੱਗੇ। ਫਜ਼ਲ ਮਹਿਮੂਦ ਨੇ ਰੈਸਟ ਆਫ਼ ਇੰਡੀਆ ਖਿਲਾਫ ਦੋ ਮੈਚ ਖੇਡੇ। ਪਹਿਲੇ ਮੈਚ ਵਿੱਚ ਉਸ ਨੇ ਸੱਤ ਵਿਕਟਾਂ ਹਾਸਲ ਕੀਤੀਆਂ, ਪਰ ਦੂਜੇ ਮੈਚ ਵਿੱਚ ਉਸ ਦਾ ਪ੍ਰਦਰਸ਼ਨ ਠੀਕ ਨਾ ਰਿਹਾ।

1946-47 ਸੀਜ਼ਨ ਵਿੱਚ ਫਜ਼ਲ ਨੇ ਬੱਲੇਬਾਜ਼ੀ ਦੇ ਜੌਹਰ ਦਿਖਾਉਂਦਿਆਂ ਆਪਣਾ ਪਹਿਲਾ ਤੇ ਇਕਮਾਤਰ ਸੈਂਕੜਾ ਬਣਾਇਆ। ਉਤਰੀ ਜ਼ੋਨ ਵੱਲੋਂ ਖੇਡਦਿਆਂ ਅੱਠਵੇਂ ਨੰਬਰ ਉਤੇ ਬੱਲੇਬਾਜ਼ੀ ਕਰਦਿਆਂ ਫਜ਼ਲ ਨੇ ਗੋਗੋਮਲ ਕਿਸ਼ਨਚੰਦ ਨਾਲ 207 ਦੌੜਾਂ ਦੀ ਸਾਂਝੇਦਾਰੀ ਬਣਾਈ। ਫੇਰ ਗੇਂਦ ਨਾਲ ਛੇ ਵਿਕਟਾਂ ਵੀ ਹਾਸਲ ਕੀਤੀਆਂ। ਇਸ ਤਰ੍ਹਾਂ ਉਤਰੀ ਜ਼ੋਨ ਨੇ ਫਜ਼ਲ ਦੇ ਹਰਫਨਮੌਲਾ ਪ੍ਰਦਰਸ਼ਨ ਬਦੌਲਤ ਆਸਾਨੀ ਨਾਲ ਮੈਚ ਜਿੱਤ ਲਿਆ। ਫ਼ਾਈਨਲ ਵਿੱਚ ਵੀ ਫਜ਼ਲ ਨੇ ਪੰਜ ਵਿਕਟਾਂ ਲਈਆਂ, ਪਰ ਉਤਰੀ ਜ਼ੋਨ ਦੀ ਟੀਮ ਹਾਰ ਗਈ। ਇਸ ਟੂਰਨਾਮੈਂਟ ਨੇ ਸਾਬਤ ਕਰ ਦਿੱਤਾ ਕਿ ਫਜ਼ਲ ਭਾਰਤ ਦੀ ਟੈਸਟ ਕ੍ਰਿਕਟ ਟੀਮ ਖੇਡਣ ਦੇ ਪੂਰੀ ਤਰ੍ਹਾਂ ਕਾਬਲ ਹੈ।

ਫਜ਼ਲ 1947-48 ਵਿੱਚ ਆਸਟਰੇਲੀਆ ਦਾ ਟੂਰ ਕਰਨ ਵਾਲੀ ਭਾਰਤੀ ਕ੍ਰਿਕਟ ਟੀਮ ਦਾ ਹਿੱਸਾ ਸਨ। ਭਾਰਤ-ਪਾਕਿਸਤਾਨ ਬਣਨ ਦੇ ਬਾਅਦ ਉਨ੍ਹਾਂ ਆਪਣੇ ਪਰਿਵਾਰ ਦੇ ਨਾਲ ਪਾਕਿਸਤਾਨ ਰਹਿਣ ਨੂੰ ਤਰਜੀਹ ਦਿੱਤੀ। 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਉਸ ਸਮੇਂ ਭਾਰਤੀ ਕ੍ਰਿਕਟ ਟੀਮ ਨੇ ਆਸਟਰੇਲੀਆ ਖੇਡਣ ਜਾਣਾ ਸੀ। ਭਾਰਤੀ ਟੀਮ ਦਾ ਕੈਂਪ ਪੁਣੇ ਵਿਖੇ ਲਗਾਇਆ ਗਿਆ ਅਤੇ ਫਜ਼ਲ ਦੀ ਭਾਰਤੀ ਟੀਮ ਵਿੱਚ ਚੋਣ ਲੱਗਪਗ ਪੱਕੀ ਸੀ। ਕੈਂਪ ਦੀ ਸਮਾਪਤੀ ਉਤੇ ਫਜ਼ਲ ਸਾਥੀ ਕ੍ਰਿਕਟਰਾਂ ਨਾਲ ਰੇਲ ਰਾਹੀਂ ਮੁੰਬਈ ਜਾ ਰਿਹਾ ਸੀ ਕਿ ਕੱਟੜਪੰਥੀ ਹਜੂਮੀਆਂ ਦੀ ਭੀੜ ਵੱਲੋਂ ਰੇਲ ਗੱਡੀ ਉਪਰ ਹਮਲਾ ਕਰ ਦਿੱਤਾ ਗਿਆ। ਕ੍ਰਿਕਟਰ ਨਾਇਡੂ ਨੇ ਆਪਣੇ ਬੱਲੇ ਨੂੰ ਫਜ਼ਲ ਦੀ ਢਾਲ ਬਣਾ ਕੇ ਉਸ ਦਾ ਬਚਾਅ ਕੀਤਾ। ਫਜ਼ਲ ਵੀ ਭਾਰਤੀ ਖਿਡਾਰੀਆਂ- ਮਿਲਖਾ ਸਿੰਘ, ਜਰਨੈਲ ਸਿੰਘ ਤੇ ਮਹਿੰਦਰ ਸਿੰਘ ਗਿੱਲ ਵਾਂਗ ਵੰਡ ਦੇ ਸੰਤਾਪ ਦਾ ਸ਼ਿਕਾਰ ਹੋਇਆ, ਪਰ ਉਸ ਦੀ ਵੀ ਜਾਨ ਦਾ ਬਚਾਅ ਹੋ ਗਿਆ। ਰੇਲ ਉਪਰ ਹਮਲੇ ਅਤੇ ਦੇਸ਼ ਅੰਦਰ ਹੁੰਦੀ ਵੱਢ-ਟੁੱਕ ਨੂੰ ਦੇਖ ਕੇ ਦਹਿਲੇ ਫਜ਼ਲ ਨੇ ਪਰਿਵਾਰ ਸਮੇਤ ਪਾਕਿਸਤਾਨ ਵਸਣ ਦਾ ਫੈਸਲਾ ਕੀਤਾ। ਹਾਲਾਂਕਿ ਉਸ ਨੂੰ ਭਾਰਤ ਵਿੱਚ ਰਹਿਣ ਲਈ ਮਨਾਉਣ ਵਾਸਤੇ ਨਾਇਡੂ, ਅਮਰਨਾਥ ਜਿਹੇ ਕ੍ਰਿਕਟਰਾਂ ਨੇ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਰਾਜ਼ੀ ਨਹੀਂ ਹੋਇਆ। ਉਹ ਆਸਟਰੇਲੀਆ ਦੌਰੇ ਉਤੇ ਵੀ ਆਪਣਾ ਪਹਿਲਾ ਟੈਸਟ ਨਾ ਖੇਡ ਸਕਿਆ, ਜਿਸ ਦਾ ਉਸ ਨੂੰ ਸਾਰੀ ਉਮਰ ਮਲਾਲ ਰਿਹਾ ਕਿ ਮਹਾਨ ਕ੍ਰਿਕਟਰ ਡਾਨ ਬਰੈਡਮੈਨ ਖਿਲਾਫ਼ ਨਹੀਂ ਖੇਡ ਸਕਿਆ। ਫਜ਼ਲ ਮਹਿਮੂਦ ਇੱਕ ਸਾਥੀ ਰਾਹਗੀਰ ਦੀ ਸਹਾਇਤਾ ਨਾਲ ਕਰਾਚੀ ਪਹੁੰਚਣ ਵਿੱਚ ਸਫਲ ਹੋਇਆ ਸੀ, ਜਦੋਂ ਉਸ ਨੂੰ ਹਜੂਮੀਆਂ ਦੀ ਦਹਿਸ਼ਤ ਕਾਰਨ ਦਿੱਲੀ ਜਾਂ ਲਾਹੌਰ ਪੁੱਜਣਾ ਵੀ ਔਖਾ ਲੱਗ ਰਿਹਾ ਸੀ।

ਨਵੇਂ ਬਣੇ ਪਾਕਿਸਤਾਨ ਵਿੱਚ ਫਜ਼ਲ ਨੇ ਆਪਣਾ ਪਹਿਲਾ ਫਸਟ ਕਲਾਸ ਮੈਚ 27 ਦਸੰਬਰ 1947 ਨੂੰ ਖੇਡਿਆ, ਜੋ ਕਿ ਪੰਜਾਬ ਤੇ ਸਿੰਧ ਵਿਚਾਲੇ ਖੇਡਿਆ ਗਿਆ ਸੀ। ਫਜ਼ਲ ਨੇ ਛੇ ਵਿਕਟਾਂ ਅਤੇ 60 ਦੌੜਾਂ ਦੀ ਪਾਰੀ ਨਾਲ ਹਰਫਨਮੌਲਾ ਪ੍ਰਦਰਸ਼ਨ ਕਰਦਿਆਂ ਪੰਜਾਬ ਨੂੰ ਪਾਰੀ ਦੀ ਜਿੱਤ ਦਿਵਾਈ। ਨਵੰਬਰ 1948 ਵਿੱਚ ਪਾਕਿਸਤਾਨ ਦਾ ਪਹਿਲਾ ਅੰਤਰਰਾਸ਼ਟਰੀ ਟੂਰ ਵੈਸਟ ਇੰਡੀਜ਼ ਦਾ ਸੀ, ਜਿੱਥੇ ਫਜ਼ਲ ਮਹਿਮੂਦ ਨੇ ਇੱਕ ਮੈਚ ਖੇਡਿਆ। ਸੀਜ਼ਨ ਦੇ ਅਖੀਰ ਵਿੱਚ ਪਾਕਿਸਤਾਨ ਨੇ ਸੀਲੋਨ (ਮੌਜੂਦਾ ਸ੍ਰੀਲੰਕਾ) ਦਾ ਦੌਰਾ ਕੀਤਾ, ਜਿੱਥੇ ਫਜ਼ਲ ਮਹਿਮੂਦ ਨੇ 20 ਵਿਕਟਾਂ ਲੈ ਕੇ ਸਰਵੋਤਮ ਪ੍ਰਦਰਸ਼ਨ ਕੀਤਾ। ਅਗਲੇ ਸਾਲ ਉਸ ਨੇ ਦੋ ਮੈਚਾਂ ਵਿੱਚ 16 ਵਿਕਟਾਂ ਲਈਆਂ। 1951-52 ਵਿੱਚ ਐਮ.ਸੀ.ਸੀ. ਦੀ ਟੀਮ ਨੇ ਭਾਰਤੀ ਉਪ ਮਹਾਂਦੀਪ ਦਾ ਦੌਰਾ ਕੀਤਾ। ਪੰਜਾਬ ਖਿਲਾਫ ਪਹਿਲਾ ਮੈਚ ਖੇਡਿਆ, ਜਿਸ ਵਿੱਚ ਫਜ਼ਲ ਮਹਿਮੂਦ ਨੇ 58 ਦੌੜਾਂ ਦੇ ਕੇ 5 ਵਿਕਟਾਂ ਹਾਸਲ ਕੀਤੀਆਂ। ਟੂਰ ਦੇ ਆਖਰੀ ਤੇ ਪੰਜਵੇਂ ਮੈਚ ਵਿੱਚ ਫਜ਼ਲ ਮਹਿਮੂਦ ਨੇ 40 ਦੌੜਾਂ ਦੇ ਕੇ ਅੱਠ ਵਿਕਟਾਂ ਲਈਆਂ।

1952 ਵਿੱਚ ਪਾਕਿਸਤਾਨ ਨੂੰ ਟੈਸਟ ਕ੍ਰਿਕਟ ਖੇਡਣ ਦਾ ਦਰਜਾ ਹਾਸਲ ਹੋਇਆ ਅਤੇ ਪਾਕਿਸਤਾਨ ਟੀਮ ਨੇ ਭਾਰਤ ਦਾ ਦੌਰਾ ਕੀਤਾ। ਫਜ਼ਲ ਨੇ ਦਿੱਲੀ ਵਿਖੇ ਆਪਣਾ ਪਹਿਲਾ ਟੈਸਟ ਭਾਰਤ ਦੇ ਖਿਲਾਫ ਖੇਡਿਆ। ਪਾਕਿਸਤਾਨ ਟੀਮ ਭਾਵੇਂ ਇਹ ਮੈਚ ਹਾਰ ਗਈ, ਪਰ ਫਜ਼ਲ ਨੇ ਭਾਰਤੀ ਕਪਤਾਨ ਲਾਲਾ ਅਮਰਨਾਥ ਨੂੰ ਆਊਟ ਕਰਕੇ ਆਪਣੀ ਪਹਿਲੀ ਵਿਕਟ ਲਈ। ਬੱਲੇਬਾਜ਼ੀ ਵਿੱਚ ਵੀ ਫਜ਼ਲ ਇਕਲੌਤਾ ਪਾਕਿਸਤਾਨੀ ਕ੍ਰਿਕਟਰ ਸੀ, ਜਿਸ ਨੇ ਦੋਵੇਂ ਪਾਰੀਆਂ ਵਿੱਚ ਦਹਾਈ ਦਾ ਅੰਕੜਾ ਛੂਹਿਆ। ਲਖਨਊ ਵਿਖੇ ਪਾਕਿਸਤਾਨ ਨੇ ਆਪਣਾ ਦੂਜਾ ਟੈਸਟ ਖੇਡਿਆ ਅਤੇ ਆਪਣੀ ਪਹਿਲੀ ਟੈਸਟ ਜਿੱਤ ਵੀ ਹਾਸਲ ਕੀਤੀ। ਫਜ਼ਲ ਇਸ ਜਿੱਤ ਦਾ ਹੀਰੋ ਸੀ, ਜਿਸ ਨੇ ਮੈਚ ਵਿੱਚ ਕੁੱਲ 12 ਵਿਕਟਾਂ ਲਈਆਂ। 1980 ਤੱਕ ਇਹ ਕਿਸੇ ਵੀ ਪਾਕਿਸਤਾਨੀ ਗੇਂਦਬਾਜ਼ ਦਾ ਦੇਸ਼ ਤੋਂ ਬਾਹਰ ਸਰਵੋਤਮ ਪ੍ਰਦਰਸ਼ਨ ਰਿਹਾ। ਬੰਬਈ ਵਿਖੇ ਤੀਜੇ ਟੈਸਟ ਵਿੱਚ ਫਜ਼ਲ ਵਿਕਟ ਲੈਣ ਵਿੱਚ ਅਸਫਲ ਰਿਹਾ, ਪਰ ਉਸ ਨੇ ਅੱਠਵੇਂ ਨੰਬਰ ਉਤੇ ਖੇਡਦਿਆਂ 33 ਦੌੜਾਂ ਦੀ ਮਹੱਤਵਪੂਰਨ ਪਾਰੀ ਜ਼ਰੂਰ ਖੇਡੀ। ਇਹ ਟੈਸਟ ਭਾਰਤ ਨੇ ਜਿੱਤਿਆ। ਬਾਕੀ ਦੋ ਟੈਸਟ ਡਰਾਅ ਰਹੇ। ਫਜ਼ਲ ਨੇ ਆਪਣੇ ਪਹਿਲੇ ਹੀ ਦੌਰੇ ਉਤੇ ਲੜੀ ਵਿੱਚ 20 ਵਿਕਟਾਂ ਲਈਆਂ ਅਤੇ ਬੱਲੇਬਾਜ਼ ਵਜੋਂ 173 ਦੌੜਾਂ ਦਾ ਵੀ ਯੋਗਦਾਨ ਪਾਇਆ।

ਪਾਕਿਸਤਾਨ ਟੀਮ ਨੇ 1953 ਵਿੱਚ ਇੰਗਲੈਂਡ ਦਾ ਦੌਰਾ ਕੀਤਾ ਅਤੇ ਫਜ਼ਲ ਨੂੰ ਟੀਮ ਦਾ ਉਪ ਕਪਤਾਨ ਬਣਾਇਆ। ਅਬਦੁਲ ਕਾਰਦਾਰ ਕੋਲ ਕਪਤਾਨੀ ਸੀ। ਅਭਿਆਸ ਮੈਚਾਂ ਵਿੱਚ ਫਜ਼ਲ ਨੇ ਜ਼ਬਰਦਸਤ ਪ੍ਰਦਰਸ਼ਨ ਦਿਖਾਇਆ। ਵਾਰਸੈਸਟਰਸ਼ਾਇਰ ਖਿਲਾਫ 11 ਵਿਕਟਾਂ ਲਈਆਂ ਅਤੇ 67 ਦੌੜਾਂ ਬਣਾਈਆਂ, ਜਦੋਂ ਕਿ ਆਕਸਫੋਰਡ ਯੂਨੀਵਰਸਿਟੀ ਖਿਲਾਫ 68 ਵਿੱਚੋਂ 37 ਮੇਡਨ ਓਵਰ ਸੁੱਟਦਿਆਂ 7 ਵਿਕਟਾਂ ਲਈਆਂ। ਨੌਟਿੰਗਮਸ਼ਾਇਰ ਖਿਲਾਫ ਵੀ 11 ਵਿਕਟਾਂ ਲਈਆਂ। ਲਾਰਡਜ਼ ਵਿਖੇ ਪਹਿਲਾ ਟੈਸਟ ਖੇਡਿਆ ਗਿਆ। ਮੀਂਹ ਪ੍ਰਭਾਵਿਤ ਮੈਚ ਵਿੱਚ ਚਾਰ ਵਿਕਟਾਂ ਲਈਆਂ। ਦੂਜੇ ਟੈਸਟ ਵਿੱਚ ਲਾਰਡਜ਼ ਵਿਖੇ ਪਾਕਿਸਤਾਨ ਨੂੰ ਬੁਰੀ ਹਾਰ ਮਿਲੀ ਅਤੇ ਫਜ਼ਲ ਵੀ ਵਿਕਟ ਹਾਸਲ ਕਰਨ ਵਿੱਚ ਅਸਫਲ ਰਿਹਾ। ਤੀਜਾ ਟੈਸਟ ਮੀਂਹ ਕਾਰਨ ਡਰਾਅ ਰਿਹਾ ਅਤੇ ਫਜ਼ਲ ਨੇ ਚਾਰ ਵਿਕਟਾਂ ਲਈਆਂ। ਓਵਲ ਵਿਖੇ ਚੌਥਾ ਟੈਸਟ ਮੈਚ ਖੇਡਿਆ ਗਿਆ। ਇੰਗਲੈਂਡ ਦੀ ਧਰਤੀ ਉਤੇ ਪਾਕਿਸਤਾਨ ਨੇ ਆਪਣੀ ਪਹਿਲੀ ਜਿੱਤ ਹਾਸਲ ਕੀਤੀ ਅਤੇ ਇਸ ਵਿੱਚ ਫਜ਼ਲ ਨੇ 12 ਵਿਕਟਾਂ ਲੈ ਕੇ ਜਿੱਤ ਦਾ ਮੁੱਢ ਬੰਨ੍ਹਿਆ। ਦੋਵਾਂ ਪਾਰੀਆਂ ਵਿੱਚ ਛੇ-ਛੇ ਵਿਕਟਾਂ ਲਈਆਂ। ਜੇਕਰ ਕੁਝ ਕੈਚ ਨਾ ਛੁਟੇ ਹੁੰਦੇ ਤਾਂ ਫਜ਼ਲ ਦਾ ਰਿਕਾਰਡ ਹੋਰ ਵੀ ਬਿਹਤਰ ਹੋਣਾ ਸੀ। ਅਗਲੇ ਦਿਨ ਇੱਕ ਬ੍ਰਿਟਿਸ਼ ਅਖਬਾਰ ਨੇ ਸੁਰਖੀ ਲਗਾਈ 'ਇੰਗਲੈਂਡ ਫਜ਼ਲਡ ਆਊਟ' (ਭਾਵ ਇੰਗਲੈਂਡ ਦੀ ਟੀਮ ਨੂੰ ਫਜ਼ਲ ਨੇ ਆਊਟ ਕੀਤਾ)। ਇਸ ਤੋਂ ਬਾਅਦ ਫਜ਼ਲ ਮਹਿਮੂਦ 'ਓਵਲ ਦੇ ਹੀਰੋ' ਨਾਲ ਵਡਿਆਇਆ ਜਾਂਦਾ ਰਿਹਾ। ਲੜੀ ਵਿੱਚ ਫਜ਼ਲ ਨੇ 20 ਵਿਕਟਾਂ ਲਈਆਂ।

ਪਾਕਿਸਤਾਨ ਨੇ 1954-55 ਵਿੱਚ ਆਪਣੀ ਧਰਤੀ ਉਤੇ ਪਹਿਲੀ ਘਰੇਲੂ ਟੈਸਟ ਲੜੀ ਭਾਰਤ ਖਿਲਾਫ ਖੇਡੀ। ਪੰਜੇ ਮੈਚ ਡਰਾਅ ਹੋਏ। ਫਜ਼ਲ ਨੇ ਚਾਰ ਮੈਚ ਖੇਡਦਿਆਂ 15 ਵਿਕਟਾਂ ਲਈਆਂ। ਕਰਾਚੀ ਟੈਸਟ ਵਿੱਚ ਪੰਜ ਵਿਕਟਾਂ ਵੀ ਲਈਆਂ। 1955 ਦੇ ਅਖੀਰ ਵਿੱਚ ਨਿਊਜ਼ੀਲੈਂਡ ਨੇ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਪਾਕਿਸਤਾਨ ਨੇ 2-0 ਨਾਲ ਲੜੀ ਜਿੱਤੀ। ਤਿੰਨ ਟੈਸਟ ਮੈਚਾਂ ਦੀ ਲੜੀ ਵਿੱਚ ਫਜ਼ਲ ਨੇ ਦੋ ਮੈਚ ਖੇਡੇ ਅਤੇ ਪੰਜ ਵਿਕਟਾਂ ਲਈਆਂ। ਅਕਤੂਬਰ 1956 ਵਿੱਚ ਆਸਟਰੇਲੀਆ ਨੇ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਮੇਜ਼ਬਾਨ ਟੀਮ ਨੇ ਕਰਾਚੀ ਵਿਖੇ ਇਤਿਹਾਸਕ ਜਿੱਤ ਦਰਜ ਕੀਤੀ, ਜਿਸ ਵਿੱਚ ਵੀ ਫਜ਼ਲ ਨੇ 13 ਵਿਕਟਾਂ ਲੈ ਕੇ ਵੱਡਾ ਯੋਗਦਾਨ ਪਾਇਆ।

1958 ਵਿੱਚ ਪਾਕਿਸਤਾਨ ਨੇ ਵੈਸਟ ਇੰਡੀਜ਼ ਦਾ ਦੌਰਾ ਕੀਤਾ, ਜਿੱਥੇ ਭਾਵੇਂ 1-3 ਨਾਲ ਲੜੀ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ, ਪਰ ਕੁਝ ਪਾਕਿਤਸਾਨੀ ਕ੍ਰਿਕਟਰਾਂ ਦੀ ਖੇਡ ਬਹੁਤ ਸਲਾਹੀ ਗਈ। ਪਾਕਿਸਤਾਨ ਦੇ ਹਨੀਫ਼ ਮੁਹੰਮਦ ਨੇ ਆਪਣੀ 337 ਦੌੜਾਂ ਦੀ ਸਰਵੋਤਮ ਪਾਰੀ ਖੇਡੀ। ਟ੍ਰਿਨੀਡਾਡ ਵਿਖੇ ਦੂਜੇ ਟੈਸਟ ਵਿੱਚ ਫਜ਼ਲ ਨੇ

⇒ **ਬਾਕੀ ਅਗਲੇ ਸਫੇ ਉਤੇ ਪੜ੍ਹੋ**





***ਫਜ਼ਲ ਨੂੰ ਉਸ ਦੀਆਂ ਖੇਡ ਪ੍ਰਾਪਤੀਆਂ ਕਾਰਨ ਪਾਕਿਸਤਾਨ ਸਰਕਾਰ ਨੇ 1958 ਵਿੱਚ 'ਪ੍ਰਾਈਡ ਆਫ਼ ਪਰਫਾਰਮੈਂਸ' ਅਤੇ 2012 ਵਿੱਚ ਮਰਨ ਉਪਰੰਤ 'ਹਿਲਾਲ-ਏ-ਇਮਤਿਆਜ਼' ਦੇ ਪੁਰਸਕਾਰ ਨਾਲ ਸਨਮਾਨਿਆ।**

***ਮਹਾਨ ਕੈਰੇਬਿਆਈ ਕ੍ਰਿਕਟਰ ਗੈਰੀ ਸੋਬਰਜ਼ ਨੂੰ ਆਊਟ ਕਰਕੇ ਫਜ਼ਲ ਵਿਕਟਾਂ ਦਾ ਸੈਂਕੜਾ ਲਗਾਉਣ ਵਾਲਾ ਪਹਿਲਾ ਪਾਕਿਸਤਾਨੀ ਗੇਂਦਬਾਜ਼ ਬਣਿਆ ਸੀ। ਇਹ ਪ੍ਰਾਪਤੀ ਉਸ ਨੇ ਮਹਿਜ਼ 22 ਟੈਸਟ ਮੈਚਾਂ ਵਿੱਚ ਹਾਸਲ ਕੀਤੀ, ਜੋ ਕਿ ਹੁਣ ਤੱਕ ਸਭ ਤੋਂ ਤੇਜ਼ 100 ਵਿਕਟਾਂ ਲੈਣ ਵਾਲਿਆਂ ਦੀ ਸੂਚੀ ਵਿੱਚ ਤੀਜੇ ਨੰਬਰ ਉਤੇ ਹੈ।**

***ਉਸ ਦੇ ਪਿਤਾ ਵੱਡੇ ਤੜਕੇ ਉਠਾ ਕੇ ਗਰਾਊਂਡ ਭੇਜਦੇ, ਜਿੱਥੇ ਉਹ ਚਾਰ-ਪੰਜ ਮੀਲ ਦੌੜਦਾ ਅਤੇ ਕਈ ਘੰਟੇ ਨੈੱਟ ਉਪਰ ਅਭਿਆਸ ਕਰਦਾ। ਸੱਤ ਸਾਲ ਦੀ ਨਿਰੰਤਰ ਮਿਹਨਤ ਨੇ ਫਜ਼ਲ ਨੂੰ ਚੰਗੇ ਕ੍ਰਿਕਟਰ ਬਣਨ ਦੇ ਰਾਹ ਪਾ ਦਿੱਤਾ। ਪਿਤਾ ਵੱਲੋਂ ਦਿਖਾਏ ਮਾਰਗ ਦਰਸ਼ਨ ਅਤੇ ਆਪਣੀ ਮਿਹਨਤ ਦੇ ਨਾਲ ਉਹ ਵੱਡਾ ਕ੍ਰਿਕਟਰ ਬਣਿਆ।**

ਜਾਣਕਾਰੀ

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**



# ਵਰਦੀ ਦੀ ਸ਼ਾਨ ਵੱਖਰੀ

ਯੂਨੀਫਾਰਮ ਜਾਂ ਵਰਦੀ ਕਿਸੇ ਸੰਗਠਨ ਦੇ ਮੈਂਬਰਾਂ ਵੱਲੋਂ ਪਾਇਆ ਜਾਣ ਵਾਲਾ ਇੱਕ ਵਿਸ਼ੇਸ਼ ਪਹਿਰਾਵਾ ਹੈ, ਜੋ ਅਕਸਰ ਹਥਿਆਰਬੰਦ ਸੁਰੱਖਿਆ ਫੌਜ, ਪੁਲਿਸ, ਐਮਰਜੈਂਸੀ ਸੇਵਾਵਾਂ, ਸੁਰੱਖਿਆ ਗਾਰਡਾਂ ਅਤੇ ਕੁਝ ਕਾਰਜ ਸਥਾਨਾਂ, ਵਿਦਿਅਕ ਅਦਾਰਿਆਂ, ਜੇਲ੍ਹਾਂ ਵਿੱਚ ਕੈਦੀਆਂ ਦੁਆਰਾ ਪਹਿਨੀ ਜਾਂਦੀ ਹੈ। ਲਾਤੀਨੀ ਭਾਸ਼ਾ ਵਿਚ 'ਯੂਨਸ' ਭਾਵ ਇੱਕ ਅਤੇ 'ਫਾਰਮਾ' ਤੋਂ ਭਾਵ ਰੂਪ; ਸੋ ਯੂਨੀਫਾਰਮ ਤੋਂ ਭਾਵ ਹੈ- ਇੱਕ ਰੂਪ ਦਾ ਪਹਿਰਾਵਾ। ਇਸ ਪਹਿਰਾਵੇ ਜਾਂ ਵਰਦੀ ਵਿੱਚ ਵਿਸ਼ੇਸ਼ ਕਿਸਮ ਦੇ ਬਟਨ ਲੱਗੇ ਹੋ ਸਕਦੇ ਹਨ। ਯੂਨੀਫਾਰਮ ਜਾਂ ਵਰਦੀ ਨੂੰ ਇੱਕ ਡਰੈਸ ਕੋਡ ਵਜੋਂ ਵੇਖਿਆ ਜਾ ਸਕਦਾ ਹੈ।

ਇੱਕ ਫੌਜੀ ਵਰਦੀ ਜਾਂ ਪੁਲਿਸ ਵਰਦੀ ਇੱਕ ਮਿਆਰੀ ਪਹਿਰਾਵਾ ਹੈ, ਜੋ ਹਥਿਆਰਬੰਦ ਬਲਾਂ ਅਤੇ ਵੱਖ-ਵੱਖ ਦੇਸ਼ਾਂ ਦੇ ਅਰਧ ਸੈਨਿਕ ਬਲਾਂ ਦੇ ਮੈਂਬਰਾਂ ਦੁਆਰਾ ਪਹਿਨਿਆ ਜਾਂਦਾ ਹੈ। ਸਦੀਆਂ ਦੌਰਾਨ ਫੌਜੀ ਪਹਿਰਾਵੇ ਅਤੇ ਲੜਾਈ ਦੇ ਉਦੇਸ਼ਾਂ ਲਈ ਉਪਯੋਗੀ ਛਲਾਵੇ ਵਾਲੀ ਵਰਦੀ ਤੱਕ ਮਹੱਤਵਪੂਰਨ ਤਬਦੀਲੀਆਂ ਆਈਆਂ ਹਨ। ਪ੍ਰਮਾਣਿਤ ਅਤੇ ਵਿਲੱਖਣ ਪਹਿਰਾਵੇ ਦੇ ਰੂਪ ਵਿੱਚ ਮਿਲਟਰੀ ਵਰਦੀਆਂ, ਪਛਾਣ ਅਤੇ ਪ੍ਰਦਰਸ਼ਿਤ ਕਰਨ ਲਈ ਤਿਆਰ ਕੀਤੀਆਂ ਜਾਂਦੀਆਂ ਹਨ, ਆਮ ਤੌਰ 'ਤੇ ਕੇਂਦਰੀ ਅਥਾਰਟੀ ਦੁਆਰਾ ਲੈਸ ਸੰਗਠਿਤ ਫੌਜੀ ਬਲਾਂ ਦਾ ਚਿੰਨ੍ਹ ਹਨ। ਫੌਜੀ ਵਰਦੀ ਸਿਰਫ਼ ਕੱਪੜੇ ਤੋਂ ਵਧੇਰੇ ਸਨਮਾਨ, ਬਹਾਦਰੀ, ਸੇਵਾ ਅਤੇ ਕੁਰਬਾਨੀਆਂ ਦਾ ਪ੍ਰਤੀਕ ਹੈ। ਲਿਹਾਜ਼ਾ ਇਸ ਨੂੰ ਮਾਣ ਨਾਲ ਪਹਿਨਣਾ ਇਨ੍ਹਾਂ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਰਦੀ ਦੇ ਪਿਛੋਕੜ ਅਤੇ ਮਹੱਤਵ ਨੂੰ ਸਮਝਣਾ ਜਰੂਰੀ ਹੈ। ਵਰਦੀ ਪਾਉਣ ਤੋਂ ਪਹਿਲਾਂ, ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਵਰਦੀ ਨਾਲ ਜੁੜੀਆਂ ਜ਼ਿੰਮੇਵਾਰੀਆਂ ਲਈ ਤਿਆਰ ਕਰਨਾ ਵੀ ਜ਼ਰੂਰੀ ਹੈ। ਵਰਦੀ ਪਹਿਨਣ ਵਾਲੇ ਦੀ ਦਿੱਖ, ਨਾਲ ਜੁੜੀ ਹੁੰਦੀ ਹੈ। ਲਿਹਾਜ਼ਾ ਵਰਦੀ ਨੂੰ ਸਾਫ ਸੁਥਰੀ ਰੱਖਣਾ, ਇਸਦੀ ਸੰਭਾਲ ਕਰਨਾ ਅਤੇ ਵਰਦੀ ਨਾਲ ਸਬੰਧਤ ਸਹਾਇਕ ਸਮੱਗਰੀ ਜਿਵੇਂ ਬੈਲਟ, ਟਾਈ, ਬੈਜ, ਚਿੰਨ੍ਹ, ਪੈਚ, ਜਰਾਬਾ, ਰੁਮਾਲ, ਬੂਟ ਆਦਿ ਦਿੱਖ ਤੇ ਸੰਭਾਲ ਕਰਨਾ ਵੀ ਲਾਜ਼ਮੀ ਹੈ।

ਸਮੇਂ ਸਮੇਂ ਵਰਦੀ ਸਬੰਧੀ ਦਿੱਤੇ ਜਾਂਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ ਵਰਦੀਧਾਰੀ ਵਿਅਕਤੀ ਦੇ ਆਤਮ ਵਿਸ਼ਵਾਸ ਅਤੇ ਪੇਸ਼ੇਵਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਲਿਹਾਜ਼ਾ ਵਰਦੀ ਫੌਜੀ ਸਿਸ਼ਟਾਚਾਰ ਦੀ ਪਾਲਣਾ ਨੂੰ ਪ੍ਰੇਰਿਤ ਕਰਦੀ ਹੈ, ਕਿਉਂਕਿ ਵਰਦੀ ਪਹਿਨਣਾ ਰਾਸ਼ਟਰੀ ਮਾਣ ਵਾਲੀ ਗੱਲ ਹੈ। ਰਸਮੀ ਮੌਕਿਆਂ ਸਮੇਂ ਵਰਦੀ ਦੀ ਦਿੱਖ ਵਰਦੀਧਾਰੀ ਦੇ ਮਾਣ-ਸਨਮਾਨ ਵਿੱਚ ਵਾਧਾ ਕਰਦੀ ਹੈ। ਫੌਜੀ ਸੈਟਿੰਗਾਂ ਵਿੱਚ ਆਮ ਤੌਰ 'ਤੇ ਜ਼ਰੂਰੀ ਬਣਦਾ ਹੈ ਕਿ ਵਰਦੀ ਦੇ ਨਾਲ ਧਾਰਮਿਕ ਚਿੰਨ੍ਹ, ਮੈਕਅੱਪ, ਪਰਫਿਊਮ, ਗਹਿਣੇ, ਮਹਿੰਦੀ, ਬਿੰਦੀ, ਸਟਿੱਕਰ, ਨੇਲ ਪਾਲਿਸ਼ ਲਗਾਉਣ ਦੀ ਮਨਾਹੀ ਹੈ। ਵਿਅਕਤੀਗਤ ਪ੍ਰਗਟਾਵਾ ਮਹੱਤਵਪੂਰਨ ਹੋ ਸਕਦਾ ਹੈ, ਪਰ ਇਹ ਫੌਜੀ ਪਹਿਰਾਵੇ ਦੇ ਅਨੁਕੂਲ ਹੋਣਾ ਚਾਹੀਦਾ ਹੈ, ਕਿਉਂਕਿ ਫੌਜ ਵਿੱਚ ਵੱਖ-ਵੱਖ ਪਿਛੋਕੜ ਨਾਲ ਵਿਅਕਤੀ ਸ਼ਾਮਲ ਹੁੰਦੇ ਹਨ। ਵਰਦੀ ਧਰਮ ਨਿਰਪੱਖਤਾ ਦੀ ਤਰਜ਼ਮਾਨੀ ਕਰਦੀ ਹੈ।



ਸਿਰ ਤੋਂ ਪੈਰਾਂ ਤੱਕ ਪਹਿਰਾਵੇ ਵੱਲ ਧਿਆਨ ਦੇਣਾ ਬਣਦਾ ਹੈ ਅਤੇ ਪਹਿਨੀ ਹੋਈ ਵਰਦੀ ਦਾ ਆਦਰ ਦਿਖਾਉਣਾ ਵੀ ਜ਼ਰੂਰੀ ਹੈ। ਆਪਣੀ ਵਰਦੀ ਵਿੱਚ ਅਣਅਧਿਕਾਰਤ ਸੋਧ ਨਹੀਂ ਕੀਤੀ ਜਾ ਸਕਦੀ। ਇਹ ਵੀ ਯਕੀਨੀ ਬਣਾਉਣਾ ਜਰੂਰੀ ਹੈ ਕਿ ਵਰਦੀ ਪਹਿਨਣ ਦੀਆਂ ਕਦਰਾਂ-ਕੀਮਤਾਂ ਅਤੇ ਮਿਆਰਾਂ ਨੂੰ ਕਾਇਮ ਰੱਖਣ ਦੀ ਵਚਨਬੱਧਤਾ ਹੈ, ਕਿਉਂਕਿ ਪਹਿਰਾਵਾ ਵਿਅਕਤੀ ਦੇ ਚਰਿੱਤਰ ਅਤੇ ਕਦਰਾਂ-ਕੀਮਤਾਂ ਦਾ ਪ੍ਰਤੀਕ ਹੁੰਦਾ ਹੈ। ਫੌਜੀ ਵਰਦੀ ਨਿਯਮਾਂ ਦੀ ਪਾਲਣਾ, ਫੌਜੀ ਪਰੰਪਰਾਵਾਂ, ਅਨੁਸ਼ਾਸ਼ਨ ਅਤੇ ਆਤਮ ਸਨਮਾਨ ਵਿੱਚ ਵਾਧਾ ਕਰਦੀ ਹੈ। ਦੱਸਣਾ ਯੋਗ ਹੋਵੇਗਾ ਕਿ ਨਵੀਂ ਡਿਜੀਟਲ ਪੈਟਰਨ ਦੀ ਲੜਾਈ ਦੀ ਵਰਦੀ ਨੂੰ ਬਦਲਿਆ ਗਿਆ ਹੈ ਅਤੇ ਸੰਭਾਲ ਲਈ ਆਸਾਨ ਬਣਾਇਆ ਗਿਆ ਹੈ। ਫੌਜ ਨੇ 10 ਸਾਲ ਦੀ ਮਿਆਦ ਲਈ ਡਿਜ਼ਾਇਨ ਅਤੇ ਕੈਮੋਫਲੇਗ ਪੈਟਰਨ ਲਈ ਬੌਧਿਕ ਸੰਪਤੀ ਅਧਿਕਾਰ ਪ੍ਰਾਪਤ ਕੀਤਾ ਹੈ, ਭਾਵ ਖੁੱਲੇ ਬਾਜ਼ਾਰ ਵਿੱਚ ਲੜਾਈ ਦੇ ਪੈਟਰਨ ਦੇ ਪਹਿਰਾਵੇ ਨੂੰ ਬਣਾਉਣ ਅਤੇ ਵੇਚਣ 'ਤੇ ਪੂਰਨ ਮਨਾਹੀ ਹੈ। ਵਰਦੀਆਂ ਕੇਵਲ ਅਧਿਕਾਰਤ ਫੌਜੀ ਕੰਟੀਨਾਂ ਵਿੱਚ ਹੀ ਵੇਚੀਆਂ ਜਾਣਗੀਆਂ। ਸਾਲ 2022 ਵਿੱਚ ਭਾਰਤੀ ਫੌਜ ਵੱਲੋਂ ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ, ਦਿੱਲੀ ਨਾਲ ਤਾਲ-ਮੇਲ ਕਰਕੇ ਸਿਵਲ ਅਤੇ ਮਿਲਟਰੀ ਦੇ ਦਰਜੀਆਂ ਨੂੰ ਨਵੀਂ ਦਿੱਖ ਵਾਲੀਆਂ ਵਰਦੀਆਂ ਤਿਆਰ ਕਰਨ ਲਈ ਟਰੇਨਿੰਗ ਦੇਣ ਦਾ ਪ੍ਰਬੰਧ ਵੀ ਕੀਤਾ ਹੈ।

ਜ਼ਿਕਰਯੋਗ ਹੈ ਕਿ ਭਾਰਤੀ ਸੈਨਿਕਾਂ ਦੀ ਵਰਦੀ ਚਾਹੇ ਉਹ ਹਥਿਆਰਬੰਦ ਬਲਾਂ ਦੀ ਹੋਵੇ ਜਾਂ ਪੁਲਿਸ ਸੇਵਾਵਾਂ ਦੀ, ਪਿਛਲੇ ਕੁਝ ਸਮੇਂ ਤੋਂ ਸੁਰਖੀਆਂ ਵਿੱਚ ਹੈ। ਰਾਸ਼ਟਰਵਾਦ 'ਤੇ ਜ਼ੋਰ ਦੇਣ ਅਤੇ ਬਸਤੀਵਾਦ ਅਤੀਤ ਨੂੰ ਖਤਮ ਕਰਨ ਦੇ ਨਾਮ ਨੇ ਸਿਆਸੀ/ਪੱਖਪਾਤੀ ਯਤਨ ਪ੍ਰਚਲਿਤ ਹਨ। ਭਾਰਤੀ ਫੌਜ ਦੀਆਂ ਲਗਭਗ 14 ਵੱਖ-ਵੱਖ ਵਰਦੀਆਂ ਹਨ, ਜਿਵੇਂ ਜਨਰਲ ਡਿਊਟੀ ਵਰਦੀ, ਜਨਰਲ ਡਿਊਟੀ ਵਿੰਟਰ ਵਰਦੀ, ਜਨਰਲ ਡਿਊਟੀ ਅੰਗੋਲਾ ਵਿੰਟਰ ਵਰਦੀ, ਰਸਮੀ ਵਰਦੀ (ਯੂਨੀਫਾਰਮ), ਮੈਸ ਡਰੈਸ, ਲੜਾਕੂ ਫੌਜੀ ਵਰਦੀ, ਲੜਾਕੂ ਵਰਦੀ, ਲੇਹ-ਲੱਦਾਖ ਡੰਗਰੀਆਂ, ਸਰਦੀਆਂ ਦੀਆਂ ਡੰਗਰੀਆਂ, ਕਾਲਾ ਪਹਿਰਾਵਾ ਆਦਿ। ਹਰੇਕ ਦੇਸ਼ ਅਤੇ ਰਾਜ ਦੀ ਫੌਜੀ, ਹਥਿਆਰਬੰਦ ਪੁਲਿਸ ਬਲਾਂ ਅਤੇ ਪੁਲਿਸ ਦੀਆਂ ਵਰਦੀਆਂ ਦੀ ਬਣਤਰ ਅਤੇ ਰੰਗ ਵੱਖਰੇ-ਵੱਖਰੇ ਹੋ ਸਕਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੀ ਪੁਲਿਸ ਲਈ 'ਇੱਕ ਰਾਸ਼ਟਰ, ਇੱਕ ਵਰਦੀ' ਦਾ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਦੇਸ਼ ਭਰ ਵਿੱਚ ਵਰਦੀ ਦੀ ਪਛਾਣ ਇੱਕੋ ਜਿਹੀ ਬਣ ਸਕੇ। ਨੈਟਵਰਕ ਐਸੋਸੀਏਸ਼ਨ ਆਫ਼ ਯੂਨੀਫਾਰਮ ਮੈਨੂਫੈਕਚਰਜ ਐਂਡ ਡਿਸਟਰੀਬਿਊਟਰਜ਼ ਨਿਊ ਯਾਰਕ (ਯੂ.ਐਸ.ਏ.) ਵੱਲੋਂ ਸੁਝਾਅ ਦਿੱਤਾ ਗਿਆ ਕਿ ਦੇਸ਼ ਭਰ ਵਿੱਚ ਹਰੇਕ ਸਾਲ 18 ਸਤੰਬਰ ਨੂੰ ਰਾਸ਼ਟਰੀ ਵਰਦੀ ਦਿਵਸ ਮਨਾਇਆ ਜਾਵੇ ਤਾਂਕਿ ਵਰਦੀ ਤਿਆਰ ਕਰਨ ਵਾਲਿਆਂ ਅਤੇ ਵਰਦੀ ਪਹਿਨਣ ਵਾਲਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਸਨਮਾਨ ਨੂੰ ਉਭਾਰਿਆ ਜਾ ਸਕੇ। ਭਾਰਤ ਵਿੱਚ ਵੀ 'ਇੱਕ ਰਾਸ਼ਟਰ, ਇੱਕ ਵਰਦੀ' ਦੇ ਸੁਝਾਅ ਨੂੰ ਅਪਨਾਉਂਦੇ ਹੋਏ ਹਰੇਕ ਸਾਲ 'ਰਾਸ਼ਟਰੀ ਵਰਦੀ ਦਿਵਸ' ਮਨਾਇਆ ਜਾਵੇ। ਜ਼ਿਕਰਯੋਗ ਹੈ ਕਿ ਹਰੇਕ ਸਾਲ 7 ਸਤੰਬਰ ਨੂੰ ਅੰਤਰਰਾਸ਼ਟਰੀ ਪੁਲਿਸ ਸਹਾਇਤਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਦੇਸ਼ ਭਰ ਵਿੱਚ 21 ਅਕਤੂਬਰ ਨੂੰ ਪੁਲਿਸ ਸ਼ਹਾਦਤ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਜ਼ਰੂਰਤ ਹੈ ਕਿ ਸਾਰੇ ਵਰਦੀਧਾਰੀ ਕਿਸੇ ਵਿਸ਼ੇਸ਼ ਧਰਮ ਜਾਂ ਸਿਆਸੀ ਵਿਚਾਰਧਾਰਾ ਨੂੰ ਆਪਣੇ ਪੇਸ਼ੇਵਰ ਵਤੀਰੇ ਦਾ ਹਿੱਸਾ ਬਨਣ ਤੋਂ ਗੁਰੇਜ਼ ਕਰਨ।

ਭਾਰਤੀ ਫੌਜ ਦੁਨੀਆ ਦੀ ਤੀਸਰੀ ਸਭ ਤੋਂ ਸ਼ਕਤੀਸ਼ਾਲੀ ਫੌਜ ਹੈ, ਜਿਸ ਵਿੱਚ 21 ਲੱਖ ਥਲ ਸੈਨਾ, ਹਵਾਈ ਸੈਨਾ 3 ਲੱਖ ਅਤੇ ਜਲ ਸੈਨਾ ਡੇਢ ਲੱਖ ਸੈਨਿਕ ਹਨ। ਫੌਜ ਦੀ ਵਰਦੀ ਇੱਕ ਦੂਜੇ ਤੋਂ ਵੱਖਰੀ ਹੈ ਅਤੇ ਉਨ੍ਹਾਂ ਦੀ ਵਰਦੀ ਦੇ ਰੰਗ ਦੁਆਰਾ ਪਛਾਣ ਕੀਤੀ ਜਾ ਸਕਦੀ ਹੈ। ਮੁੱਖ ਤੌਰ 'ਤੇ ਭਾਰਤੀ ਫੌਜ ਦੀ ਵਰਦੀ ਦਾ ਰੰਗ ਜੈਤੂਨ ਹਰਾ ਰੰਗ, ਜਲ ਸੈਨਾ ਦੀ ਵਰਦੀ ਦਾ ਚਿੱਟਾ ਰੰਗ ਅਤੇ ਹਵਾਈ ਸੈਨਾ ਦੀ ਵਰਦੀ ਦਾ ਰੰਗ ਨੀਲਾ ਹੁੰਦਾ ਹੈ। ਇਸੇ ਤਰ੍ਹਾਂ 10 ਲੱਖ ਜਵਾਨਾਂ ਵਾਲੇ ਕੇਂਦਰੀ ਹਥਿਆਰਬੰਦ ਪੁਲਿਸ ਬੱਲ ਰਾਇਫ਼ਲ, ਸ਼ਸ਼ਤਰ ਸੀਮਾ ਬਲ, ਇੰਡੋ-ਤਿਬਤਨ ਬਾਰਡਰ ਪੁਲਿਸ, ਕੇਂਦਰੀ ਫਰੰਟੀਅਰ ਫੋਰਸ, ਸਪੈਸ਼ਲ ਪ੍ਰੋਟੇਕਸ਼ਨ ਗਰੁੱਪ ਆਦਿ ਦੀਆਂ ਵਰਦੀਆਂ ਦਾ ਪੈਟਰਨ ਅਤੇ ਰੰਗ ਵੱਖਰੇ-ਵੱਖਰੇ ਹੋ ਸਕਦੇ ਹਨ। ਰਾਜਾਂ ਦੇ ਲਗਭਗ 20 ਲੱਖ ਹਥਿਆਰਬੰਦ ਪੁਲਿਸ ਬਲਾਂ ਦੀਆਂ ਵਰਦੀਆਂ ਦੇ ਰੰਗ ਅਤੇ ਪੈਟਰਨ ਵੱਖਰੇ-ਵੱਖਰੇ ਹੁੰਦੇ ਹਨ। ਵਰਦੀਆਂ ਦੀ ਬਣਤਰ ਸੁਰੱਖਿਆ ਬਲਾਂ ਅਤੇ ਵਰਦੀ ਪਹਿਨਣ ਵਾਲਿਆਂ ਦੇ ਵਿੱਤੀ ਸਰੋਤਾਂ ਜਰੂਰਤਾਂ ਤੇ ਜੀਵਨ ਸ਼ੈਲੀ ਤੋਂ ਵੀ ਪ੍ਰਭਾਵਤ ਹੁੰਦੇ ਹਨ। ਭਵਿੱਖ ਦੀਆਂ ਵਰਦੀਆਂ ਨੂੰ ਸਮਾਰਟ ਈ-ਟੈਕਸਾਟਾਈਲ ਦੇ ਏਕੀਕਰਨ ਦੁਆਰਾ ਉਚ ਤਕਨੀਕੀ ਕਾਰਜਸ਼ੀਲਤਾਵਾਂ ਲਈ ਤਿਆਰ ਕੀਤਾ ਜਾਵੇਗਾ। ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਸਮੱਗਰੀਆਂ ਅਤੇ ਤਕਨਾਲੋਜੀਆਂ ਦੀ ਵਰਤੋ ਪੁਲਿਸ, ਸੈਨਿਕ ਅਤੇ ਫੌਜੀ ਕਰਮਚਾਰੀਆਂ ਦੀ ਸੁਰੱਖਿਆ ਕਾਰਜਸ਼ੀਲਤਾ ਨਿੱਜੀ ਅਰਾਮ ਰੱਖ-ਰਖਾਵ ਅਤੇ ਟਿਕਾਉ ਆਦਿ ਅਨੁਸਾਰ ਕੀਤੀ ਜਾਵੇਗੀ। ਵਖਰੇਵਿਆਂ ਦੇ ਬਾਵਜੂਦ ਵਰਦੀ ਸਨਮਾਨ, ਧਰਮ ਨਿਰਪੱਖਤਾ ਅਤੇ ਅਨੁਸ਼ਾਸ਼ਿਤ ਜੀਵਨ ਸ਼ੈਲੀ ਨੂੰ ਉਭਾਰਦੀ ਹੈ। ਨਿਸ਼ਚੇ ਹੀ ਵਰਦੀ ਸ਼ਾਨ ਵੱਖਰੀ ਹੈ। ਸਮੂਹ ਮਾਣਮੱਤੇ ਵਰਦੀਧਾਰੀ ਜਵਾਨਾਂ ਨੂੰ ਨਵੇਂ ਸਾਲ 2025 ਦੀਆਂ ਸ਼ੁਭਕਾਮਨਾਵਾਂ।

# ਸੁਨੱਖਾ ਕ੍ਰਿਕਟਰ ਫਜ਼ਲ ਮਹਿਮੂਦ

ਛੇ ਵਿਕਟਾਂ ਲਈਆਂ ਅਤੇ ਫੇਰ ਦਸਵੇਂ ਨੰਬਰ ਉਤੇ ਬੱਲੇਬਾਜ਼ੀ ਕਰਦਿਆਂ 60 ਦੌੜਾਂ ਬਣਾਈਆਂ, ਜੋ ਕਿ ਉਸ ਦੇ ਕਰੀਅਰ ਦਾ ਇਕਲੌਤਾ ਅਰਧ ਸੈਂਕੜਾ ਅਤੇ ਸਰਵੋਤਮ ਸਕੋਰ ਹੈ। ਟੂਰ ਉਪਰ ਫਜ਼ਲ ਨੂੰ ਬਹੁਤ ਬੱਲੇਬਾਜ਼ੀ ਕਰਨੀ ਪਈ ਅਤੇ ਉਸ ਨੇ ਕੁੱਲ 320 ਓਵਰ ਸੁੱਟੇ। ਸਾਰਾ ਭਾਰ ਉਸ ਦੇ ਮੋਢਿਆਂ ਉਪਰ ਹੀ ਸੀ। ਪਾਕਿਸਤਾਨ ਦੀ ਇਕਲੌਤੀ ਜਿੱਤ ਵਿੱਚ ਫਜ਼ਲ ਨੇ ਛੇ ਵਿਕਟਾਂ ਲੈ ਕੇ ਯੋਗਦਾਨ ਪਾਇਆ। ਟੂਰ ਉਪਰ ਫਜ਼ਲ ਨੇ 20 ਵਿਕਟਾਂ ਲਈਆਂ, ਪਰ 38/20 ਨਾਲ ਉਸ ਦੀ ਔਸਤ ਬਹੁਤ ਮਾੜੀ ਰਹੀ।

1959 ਵਿੱਚ ਵੈਸਟ ਇੰਡੀਜ਼ ਖਿਲਾਫ ਘਰੇਲੂ ਲੜੀ ਵਿੱਚ ਫਜ਼ਲ ਨੂੰ ਪਾਕਿਸਤਾਨ ਟੀਮ ਦੀ ਕਪਤਾਨੀ ਮਿਲੀ। ਪਹਿਲੇ ਮੈਚ ਵਿੱਚ ਉਸ ਨੇ ਸੱਤ ਵਿਕਟਾਂ ਲਈਆਂ। ਇਸੇ ਲੜੀ ਵਿੱਚ ਫਜ਼ਲ ਨੇ ਟੈਸਟ ਕ੍ਰਿਕਟ ਵਿੱਚ ਆਪਣੀ 100ਵੀਂ ਵਿਕਟ ਕਰਾਚੀ ਵਿਖੇ ਵੈਸਟ ਇੰਡੀਜ਼ ਦੇ ਖਿਲਾਫ ਹਾਸਲ ਕੀਤੀ। ਮਹਾਨ ਕੈਰੇਬਿਆਈ ਕ੍ਰਿਕਟਰ ਗੈਰੀ ਸੋਬਰਜ਼ ਨੂੰ ਆਊਟ ਕਰਕੇ ਫਜ਼ਲ ਵਿਕਟਾਂ ਦਾ ਸੈਂਕੜਾ ਲਗਾਉਣ ਵਾਲਾ ਪਹਿਲਾ ਪਾਕਿਸਤਾਨੀ ਗੇਂਦਬਾਜ਼ ਬਣਿਆ ਸੀ। ਇਹ ਪ੍ਰਾਪਤੀ ਉਸ ਨੇ ਮਹਿਜ਼ 22 ਟੈਸਟ ਮੈਚਾਂ ਵਿੱਚ ਹਾਸਲ ਕੀਤੀ, ਜੋ ਕਿ ਹੁਣ ਤੱਕ ਸਭ ਤੋਂ ਤੇਜ਼ 100 ਵਿਕਟਾਂ ਲੈਣ ਵਾਲਿਆਂ ਦੀ ਸੂਚੀ ਵਿੱਚ ਤੀਜੇ ਨੰਬਰ ਉਤੇ ਹੈ। ਇਸੇ ਮੈਚ ਵਿੱਚ 10 ਵਿਕਟਾਂ ਦੀ ਜਿੱਤ ਨਾਲ ਆਪਣੀ ਕਪਤਾਨੀ ਵਿੱਚ ਪਹਿਲਾ ਟੈਸਟ ਮੈਚ ਜਿੱਤਿਆ। ਢਾਕਾ (ਉਸ ਵੇਲੇ ਪੂਰਬੀ ਪਾਕਿਸਤਾਨ ਦਾ ਹਿੱਸਾ ਸੀ) ਵਿਖੇ ਤੀਜੇ ਟੈਸਟ ਵਿੱਚ ਵੀ ਪਾਕਿਸਤਾਨ ਨੇ ਜਿੱਤ ਹਾਸਲ ਕੀਤੀ ਅਤੇ ਫਜ਼ਲ ਨੇ ਆਪਣੇ ਟੈਸਟ ਕਰੀਅਰ ਵਿੱਚ ਚੌਥੀ ਵਾਰ ਇੱਕ ਮੈਚ ਵਿੱਚ 10 ਵਿਕਟਾਂ ਹਾਸਲ ਕੀਤੀਆਂ। ਆਸਟਰੇਲੀਆ ਖਿਲਾਫ ਘਰੇਲੂ ਲੜੀ ਵਿੱਚ ਭਾਵੇਂ ਪਾਕਿਸਤਾਨ ਹਾਰ ਗਿਆ, ਪਰ ਫਜ਼ਲ ਨੇ ਦੋ ਮੈਚ ਖੇਡ ਕੇ 11 ਵਿਕਟਾਂ ਲਈਆਂ। 1959 ਵਿੱਚ ਉਹ ਆਈ.ਸੀ.ਸੀ. ਦਾ ਨੰਬਰ ਇੱਕ ਗੇਂਦਬਾਜ਼ ਬਣਿਆ। 1960-61 ਵਿੱਚ ਭਾਰਤ ਦਾ ਦੌਰਾ ਕਰਦਿਆਂ ਪਾਕਿਸਤਾਨ ਨੇ ਪੰਜ ਟੈਸਟ ਖੇਡੇ ਅਤੇ ਸਾਰੇ ਡਰਾਅ ਹੋਏ। ਫਜ਼ਲ ਨੇ ਕਲਕੱਤਾ ਟੈਸਟ ਵਿੱਚ ਪੰਜ ਵਿਕਟਾਂ ਲਈਆਂ ਅਤੇ ਇਹ ਪ੍ਰਾਪਤੀ ਉਸ ਨੇ 13ਵੀਂ ਵਾਰ ਹਾਸਲ ਕੀਤੀ। ਇਸ ਲੜੀ ਵਿੱਚ ਰੱਖਿਆਤਮਕ ਖੇਡ ਕਾਰਨ ਬਹੁਤ ਆਲੋਚਨਾ ਵੀ ਹੋਈ। ਇਸੇ ਟੂਰ ਉਪਰ ਫਜ਼ਲ ਦੀ ਕਪਤਾਨੀ ਵੀ ਜਾਂਦੀ ਰਹੀ। 1962 ਵਿੱਚ ਇੰਗਲੈਂਡ ਦੌਰਾ ਉਸ ਦਾ ਆਖਰੀ ਟੂਰ ਸੀ, ਜਿੱਥੇ ਉਸ ਨੇ ਦੋ ਮੈਚ ਖੇਡੇ ਅਤੇ ਪੰਜ ਵਿਕਟਾਂ ਲਈਆਂ। ਇਸ ਟੂਰ ਉਪਰ ਉਹ ਕਾਫੀ ਮਹਿੰਗਾ ਸਾਬਤ ਹੋਇਆ।

ਫਜ਼ਲ ਮਹਿਮੂਦ ਨੇ ਆਪਣੇ ਖੇਡ ਕਰੀਅਰ ਵਿੱਚ ਪਾਕਿਸਤਾਨ ਲਈ 34 ਟੈਸਟ ਖੇਡੇ ਅਤੇ 139 ਵਿਕਟਾਂ ਹਾਸਲ ਕੀਤੀਆਂ। ਇਹ ਪਾਕਿਸਤਾਨ ਲਈ ਸਭ ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਸੀ, ਜੋ ਕਿ ਇਮਰਾਨ ਖਾਨ ਨੇ 1982 ਵਿੱਚ ਤੋੜਿਆ। ਪਾਕਿਸਤਾਨ ਲਈ ਸਭ ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਸਭ ਤੋਂ ਲੰਬਾ ਸਮਾਂ ਫਜ਼ਲ ਦੇ ਹੀ ਨਾਮ ਰਿਹਾ। ਉਸ ਨੇ 34 ਟੈਸਟਾਂ ਵਿੱਚ 139 ਵਿਕਟਾਂ ਲਈਆਂ, ਜਿਨ੍ਹਾਂ ਵਿੱਚ 13 ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਅਤੇ ਚਾਰ ਵਾਰ ਇੱਕ ਮੈਚ ਵਿੱਚ 10 ਵਿਕਟਾਂ ਸ਼ਾਮਲ ਹੈ। 42 ਦੌੜਾਂ ਦੇ ਕੇ ਸੱਤ ਵਿਕਟਾਂ ਸਰਵੋਤਮ ਪ੍ਰਦਰਸ਼ਨ ਹੈ। ਬੱਲੇਬਾਜ਼ ਵਜੋਂ 14.09 ਔਸਤ ਨਾਲ ਕੁੱਲ 620 ਦੌੜਾਂ ਬਣਾਈਆਂ ਅਤੇ 60 ਸਰਵੋਤਮ ਸਕੋਰ ਸੀ। ਫਸਟ ਕਲਾਸ ਕ੍ਰਿਕਟ ਵਿੱਚ ਉਸ ਨੇ 112 ਮੈਚਾਂ ਵਿੱਚ 466 ਵਿਕਟਾਂ ਲਈਆਂ ਅਤੇ 2662 ਦੌੜਾਂ ਵੀ ਬਣਾਈਆਂ। ਫਜ਼ਲ ਨੇ ਪਾਕਿਸਤਾਨ ਵੱਲੋਂ ਖੇਡਦਿਆਂ 10 ਟੈਸਟਾਂ ਵਿੱਚ ਕਪਤਾਨੀ ਵੀ ਕੀਤੀ। ਚਾਰ ਵੱਖ-ਵੱਖ ਦੇਸ਼ਾਂ ਵਿੱਚ ਇੱਕ ਮੈਚ ਵਿੱਚ 12 ਜਾਂ ਇਸ ਤੋਂ ਵੱਧ ਵਿਕਟਾਂ ਲੈਣ ਵਾਲਾ ਉਹ ਦੁਨੀਆਂ ਦਾ ਪਹਿਲਾ ਗੇਂਦਬਾਜ਼ ਹੈ। ਆਪਣੇ ਸਮੇਂ ਵਿੱਚ ਉਸ ਨੇ ਭਾਰਤ, ਇੰਗਲੈਂਡ, ਆਸਟਰੇਲੀਆ ਅਤੇ ਵੈਸਟ ਇੰਡੀਜ਼ ਵਿਖੇ ਇੱਕ ਮੈਚ ਵਿੱਚ 12 ਜਾਂ ਇਸ ਤੋਂ ਵੱਧ ਵਿਕਟਾਂ ਲਈਆਂ।

ਹਾਲੀਵੁੱਡ ਦੀ ਪ੍ਰਸਿੱਧ ਅਦਾਕਾਰਾ ਅਵਾ ਲਵੀਨੀਆ ਗਾਰਡਨਰ ਪੰਜਾਹ ਦੇ



■ ਇੱਕ ਯਾਦ: ਵਡੇਰੀ ਉਮਰੇ ਫਜ਼ਲ ਮਹਿਮੂਦ, ਜਨਰਲ ਪਰਵੇਜ਼ ਮੁਸ਼ੱਰਫ ਨਾਲ

ਦਹਾਕੇ ਵਿੱਚ ਫਿਲਮ 'ਭਵਾਨੀ ਜੰਕਸ਼ਨ' ਦੀ ਸ਼ੂਟਿੰਗ ਲਈ ਲਾਹੌਰ ਆਈ ਸੀ। ਇੱਕ ਕਲੱਬ ਵਿੱਚ ਉਸਨੇ ਫਜ਼ਲ ਮਹਿਮੂਦ ਨੂੰ ਵੇਖਿਆ ਅਤੇ ਉਹ ਵੇਖਦੀ ਹੀ ਰਹਿ ਗਈ। ਉਸ ਨੇ ਫਿਰ ਇੱਛਾ ਜਤਾਈ ਕਿ ਫਜ਼ਲ ਉਸ ਦੇ ਨਾਲ ਡਾਂਸ ਕਰੇ। 1954 ਵਿੱਚ ਇੰਗਲੈਂਡ ਟੂਰ ਉਪਰ ਪਾਕਿਸਤਾਨ ਕ੍ਰਿਕਟ ਟੀਮ ਨੇ ਬਰਤਾਨੀਆ ਦੀ ਰਾਣੀ ਕੁਇਨ ਐਲਿਜ਼ਾਬੈਥ ਨਾਲ ਮੁਲਾਕਾਤ ਵੀ ਕੀਤੀ। ਕੁਇਨ ਐਲਿਜ਼ਾਬੈਥ ਨੇ ਫਜ਼ਲ ਮਹਿਮੂਦ ਨੂੰ ਦੇਖ ਕੇ ਤੁਰੰਤ ਕਿਹਾ, "ਤੁਸੀ ਪਾਕਿਸਤਾਨੀ ਨਹੀਂ ਲੱਗਦੇ, ਤੁਹਾਡੀਆਂ ਅੱਖਾਂ ਨੀਲੀਆਂ ਕਿਉਂ ਹਨ?"

ਉਸ ਜ਼ਮਾਨੇ ਵਿੱਚ ਸਿਰਫ ਫਿਲਮ ਅਭਿਨੇਤਰੀਆਂ ਹੀ ਇਸ਼ਤਿਹਾਰ ਵਿੱਚ ਆਪਣੇ ਹੁਸਨ ਦਾ ਰਹੱਸ ਦੱਸ ਕੇ ਬਿਊਟੀ ਪ੍ਰੋਡਕਟ ਦੀਆਂ ਮਸ਼ਹੂਰੀਆਂ ਕਰਦੀਆਂ ਸਨ। ਜਦੋਂ ਇਨ੍ਹਾਂ ਕੰਪਨੀਆਂ ਦੀ ਨਜ਼ਰ ਪਾਕਿਸਤਾਨ ਦੇ ਇਸ ਨੌਜਵਾਨ ਸੁਨੱਖੇ ਕ੍ਰਿਕਟਰ ਉੱਪਰ ਪਈ ਤਾਂ ਉਹ ਗੋਰੇ ਨਿਛੋਹ ਰੰਗ ਅਤੇ ਨੀਲੀਆਂ ਝੀਲ ਦੇ ਪਾਣੀ ਵਰਗੀਆਂ ਅੱਖਾਂ ਵਾਲੇ ਫਜ਼ਲ ਮਹਿਮੂਦ ਦੀ ਸ਼ਖਸੀਅਤ ਤੋਂ ਉਸ ਵੱਲ ਖਿੱਚੇ ਗਏ। ਇਸ਼ਤਿਹਾਰੀ ਕੰਪਨੀਆਂ ਨੇ ਫਜ਼ਲ ਮਹਿਮੂਦ ਦੀ ਪ੍ਰਸਿੱਧੀ ਤੋਂ ਲਾਹਾ ਲੈਣ ਲਈ ਉਸ ਨੂੰ ਬਰਲ ਕਰੀਮ ਦੇ ਇਸ਼ਤਿਆਰ ਲਈ ਮਾਡਲ ਵਜੋਂ ਲਿਆ। ਫਜ਼ਲ ਪਾਕਿਸਤਾਨ ਦਾ ਪਹਿਲਾ ਖਿਡਾਰੀ ਹੈ, ਜੋ ਮਾਡਲ ਵੀ ਬਣਿਆ। ਫਜ਼ਲ ਨੂੰ ਪਾਕਿਸਤਾਨੀ ਤੇ ਵਿਦੇਸ਼ੀ ਫਿਲਮਕਾਰਾਂ ਵੱਲੋਂ ਫਿਲਮਾਂ ਲਈ ਕਈ ਆਫ਼ਰ ਆਈ, ਪਰ ਉਸ ਨੇ ਆਪਣੀ ਪਹਿਲੀ ਤਰਜੀਹ ਕ੍ਰਿਕਟ ਹੀ ਰੱਖੀ।

ਫ਼ਿਲਮੀ ਅਭਿਨੇਤਰੀ ਤੇ ਮਸ਼ਹੂਰੀ ਕੰਪਨੀਆਂ ਤੋਂ ਇਲਾਵਾ ਸ਼ਾਇਰ/ਕਵੀ ਵੀ ਫਜ਼ਲ ਮਹਿਮੂਦ ਦੀ ਪ੍ਰਸਿੱਧੀ ਤੋਂ ਬਹੁਤ ਪ੍ਰਭਾਵਿਤ ਸਨ। ਉਰਦੂ ਦੇ ਮਸ਼ਹੂਰ ਸ਼ਾਇਰ ਮਜੀਦ ਅਮਜਦ ਨੇ 1955 ਵਿੱਚ ਕਵਿਤਾ 'ਆਟੋਗਰਾਫ' ਵਿੱਚ ਫਜ਼ਲ ਮਹਿਮੂਦ ਦੀ ਤਾਰੀਫ਼ ਵਿੱਚ ਲਿਖਿਆ,

ਵੋ ਬਾਉਲਰ ਏਕ, ਮਿਹਵਸ਼ੋ ਕੇ ਜੰਮਘਟੋਂ ਮੇਂ ਘਿਰ ਗਿਆ
ਵੋ ਸਫ਼ੇ ਬਿਆਜ਼ ਪਰ ਬਸਦ ਗ਼ਰੂਰ ਕਲਕੇ ਗੋਹਰੀਂ ਫਿਰੀ
ਹਸੀਂ ਖਿਲਖਿਲਾਵਟੋਂ ਕੇ ਦਰਮਿਆਂ ਵਿੱਟ ਗਿਰੀ।

ਫਜ਼ਲ ਨੇ ਇਸਲਾਮੀਆ ਕਾਲਜ ਤੋਂ ਗਰੈਜੂਏਸ਼ਨ ਕੀਤੀ ਅਤੇ ਫੇਰ ਪੰਜਾਬ ਯੂਨੀਵਰਸਿਟੀ ਤੋਂ ਸਮਾਜਿਕ ਗਿਆਨ ਵਿੱਚ ਐਮ.ਏ. ਕੀਤੀ। ਉਸ ਨੇ ਕ੍ਰਿਕਟ ਖੇਡਣ ਤੋਂ ਬਾਅਦ ਪੁਲਿਸ ਅਫਸਰ ਵਜੋਂ ਵੀ ਸੇਵਾਵਾਂ ਨਿਭਾਈਆਂ ਅਤੇ ਉਹ ਡੀ.ਆਈ.ਜੀ. ਦੇ ਅਹੁਦੇ ਤੋਂ ਰਿਟਾਇਰ ਹੋਏ। ਫਜ਼ਲ ਨੇ ਦੋ ਕਿਤਾਬਾਂ ਵੀ ਲਿਖੀਆਂ ਹਨ, ਜਿਨ੍ਹਾਂ ਵਿੱਚ ਉਸ ਦੀ ਸਵੈ-ਜੀਵਨੀ 'ਫਰੌਮ ਡਸਕ ਟੂ ਡਾਅਨ' ਵੀ ਸ਼ਾਮਲ ਹੈ। ਫਜ਼ਲ ਨੂੰ ਉਸ ਦੀਆਂ ਖੇਡ ਪ੍ਰਾਪਤੀਆਂ ਕਾਰਨ ਪਾਕਿਸਤਾਨ ਸਰਕਾਰ ਨੇ 1958 ਵਿੱਚ 'ਪ੍ਰਾਈਡ ਆਫ਼ ਪਰਫਾਰਮੈਂਸ' ਅਤੇ 2012 ਵਿੱਚ ਮਰਨ ਉਪਰੰਤ 'ਹਿਲਾਲ-ਏ-ਇਮਤਿਆਜ਼' ਦੇ ਪੁਰਸਕਾਰ ਨਾਲ ਸਨਮਾਨਿਆ। 1955 ਵਿੱਚ ਵਿਜ਼ਡਨ ਨੇ ਫਜ਼ਲ ਨੂੰ ਸਾਲ ਦੇ ਪੰਜ ਸਰਵੋਤਮ ਖਿਡਾਰੀਆਂ ਵਿੱਚ ਗਿਣਿਆ। ਇਹ ਸਨਮਾਨ ਹਾਸਲ ਕਰਨ ਵਾਲਾ ਉਹ ਪਹਿਲਾ ਪੰਜਾਬੀ ਕ੍ਰਿਕਟਰ ਸੀ। ਗੇਂਦ ਉੱਪਰ ਆਪਣੀ ਜ਼ਬਰਦਸਤ ਕੰਟਰੋਲ ਅਤੇ ਪਿੱਚ ਉਤੇ ਮੂਵਮੈਂਟ ਕਰਵਾਉਣ ਦੇ ਧਨੀ ਫਜ਼ਲ ਨੂੰ 1955 ਵਿਜ਼ਡਨ ਨੇ 'ਕਟਰਜ਼ ਆਫ਼ ਦੀ ਯੀਅਰ' ਦਾ ਖਿਤਾਬ ਦਿੱਤਾ ਗਿਆ। ਆਈ.ਸੀ.ਸੀ. ਦੀ ਦਰਜਾਬੰਦੀ ਵਿੱਚ ਉਹ ਇੱਕ ਮੌਕੇ ਨੰਬਰ ਇੱਕ ਗੇਂਦਬਾਜ਼ ਵੀ ਬਣਿਆ।

ਫਜ਼ਲ ਮਹਿਮੂਦ ਤੇਜ਼ ਗੇਂਦਬਾਜ਼ ਦੇ ਨਾਲ ਹਰਫਨਮੌਲਾ ਖਿਡਾਰੀ ਵੀ ਸੀ, ਜਿਹੜਾ ਲੋੜ ਪੈਣ ਉੱਤੇ ਬੱਲੇਬਾਜ਼ੀ ਵੀ ਕਰ ਲੈਂਦਾ ਸੀ। ਉਹ ਗੇਂਦਬਾਜ਼ ਆਲਰਾਊਂਡਰ ਸੀ। ਫਜ਼ਲ ਮਹਿਮੂਦ ਆਪਣੇ ਜ਼ਮਾਨੇ ਦੇ ਗੇਂਦਬਾਜ਼ਾਂ- ਖਾਨ ਮੁਹੰਮਦ ਅਤੇ ਮਹਿਮੂਦ ਹੁਸੈਨ ਦੇ ਉਲਟ ਤੇਜ਼ ਗੇਂਦਬਾਜ਼ੀ ਕਰਦਾ ਸੀ। ਉਸ ਨੂੰ ਸਵਿੰਗ ਤੇ ਆਫ ਕਟਰ ਸੁੱਟਣ ਵਿੱਚ ਮੁਹਾਰਤ ਹਾਸਲ ਸੀ। ਉਸ ਦੀ ਲੈਗ ਕਟਰ ਵੀ ਕਮਾਲ ਦੀ ਗੇਂਦ ਹੁੰਦੀ ਸੀ। ਉਹ ਪੁਰਾਣੀ ਗੇਂਦ ਨਾਲ ਵੀ ਸ਼ਾਨਦਾਰ ਸਵਿੰਗ ਕਰ ਲੈਂਦਾ ਸੀ, ਜਿਸ ਤੋਂ ਬਾਅਦ ਪਾਕਿਸਤਾਨੀ ਤੇਜ਼ ਗੇਂਦਬਾਜ਼ ਕੁੱਲ ਦੁਨੀਆਂ ਵਿੱਚ ਆਪਣੀ ਇਸ ਕਲਾ ਨਾਲ ਮਕਬੂਲ ਹੋਏ। ਮਹਾਨ ਕ੍ਰਿਕਟਰ 78 ਵਰ੍ਹਿਆਂ ਦੀ ਉਮਰੇ ਅਲਵਿਦਾ ਆਖ ਗਿਆ। ਫਜ਼ਲ ਮਹਿਮੂਦ ਦਾ ਇੰਤਕਾਲ 30 ਮਈ 2005 ਨੂੰ ਲਾਹੌਰ ਵਿੱਚ ਦਿਲ ਦਾ ਦੌਰਾ ਪੈਣ ਨਾਲ ਹੋਇਆ। ਉਸ ਦੇ ਸਹੁਰਾ ਪਰਿਵਾਰ ਵਿੱਚ ਮੁਹੰਮਦ ਸਈਅਦ ਤੇ ਯਾਵਰ ਸਈਅਦ ਨੇ ਫਸਟ ਕਲਾਸ ਕ੍ਰਿਕਟ ਖੇਡੀ।

## Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**

---

# Atlantis Banquets

**1273 North Rand Road, Arlington Heights, IL 60004**

**Ph: 847-259-0013**
**Cell: 773-225-4123 / 847-708-4997**
atlantisbanquetsrr@gmil.com atlantisbanquet.com

Under New Management With New Glance of Experience.






ATLANTIS ATLANTIS ATLANTIS BANQUETS

*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding
√ Mehandi
√ Sangeet
√ Anniversary
√ Bitrthdays
√ Sweet 16
√ Graduation
√ Baby Shower
√ Aameen
√ Aqeeqa
√ Corporate

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਵਿਆਹ ਦੇ ਸੁਪਨਿਆਂ ਦੇ ਜਸ਼ਨ ਮਨਾਓ

---




17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

## ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St, Milwaukee, WI 53202

## We Also Provide

**Onsite Tandoor Service For Fresh Naan & KABABS and Onsite Fresh DOSA Service.**

## ਫੋਨ: 262-894-0913
## ਜਾਂ 414-588-3325